**ਇਸੇ ਲੇਖਕ ਦੀ ਕਲਮ ਤੋਂ :**

- ਕਲਯੁਗ ਦੀ ਮੈਲ (ਇਕਾਂਗੀ ਸੰਗ੍ਰਹਿ)
- ਜਬੈ ਬਾਣ ਲਾਗਿਓ (ਭਾਸ਼ਾ ਵਿਭਾਗ ਪੰਜਾਬ ਦਾ ਆਈ. ਸੀ. ਨੰਦਾ ਪੁਰਸਕਾਰ ਜੇਤੂ)
- ਡਾਲਰ ਮੇਰਾ ਪੁੱਤਰ (ਪੂਰਾ ਨਾਟਕ)

# ਜੇਠੂ ਦਾ ਕੋਠਾ

(ਨਾਟ-ਸੰਗ੍ਰਹਿ)

***ਸਤਵਿੰਦਰ ਸਿੰਘ ਬੇਗੋਵਾਲੀਆ***

**ਸੁੰਦਰ ਬੁੱਕ ਡਿਪੋ**

*ਮਾਈਂ ਹੀਰਾਂ ਗੇਟ, ਜਲੰਧਰ—144008*

**JAITHU DAA KOTTHA**
***Plays.***
*by*
***Satwinder Singh Begowalia***

*Published by :*
*Sunder Book Depot*
*Mai Hiran Gate, Jalandhar.*
Ph. 0181-2213184
e-mail : sunderbookdepot@yahoo.com

*2008*

Printed in India

ਸਰਵਰਕ : ਹਰਜੀਤ ਆਰਟਸ, ਜਲੰਧਰ

ਮੁੱਲ : 100/- ਰੁਪਏ

ਪ੍ਰਕਾਸ਼ਕ : ਸੁੰਦਰ ਬੁੱਕ ਡਿਪੋ
ਮਾਈ ਹੀਰਾਂ ਗੇਟ, ਜਲੰਧਰ।
ਫੋਨ—2213184

ਲੇਜ਼ਰ ਸੈਟਿੰਗ : ਲਿਟਲ ਗ੍ਰਾਫ਼ਿਕਸ, ਕੋਟ ਕਿਸ਼ਨ ਚੰਦ, ਜਲੰਧਰ।

ਛਾਪਕ : ਸਹਿਗਲ ਪ੍ਰਿੰਟਿੰਗ ਪ੍ਰੈਸ, ਜਲੰਧਰ।

## ਸਮਰਪਣ

ਉਹਨਾਂ 'ਨਾਟਕਕਾਰਾਂ' ਨੂੰ ਜੋ ਸੈਮੀਨਾਰਾਂ ਦੌਰਾਨ
ਚੰਗੀ ਸਕਰਿਪਟ ਖਾਤਰ 'ਫਿਕਰ' ਸਾਂਝੇ ਕਰਦੇ ਹਨ,
ਪਰ ਛਪ ਚੁੱਕੀ ਚੰਗੀ ਨਾਟ-ਪੁਸਤਕ ਨੂੰ ਡਾਕ
ਰਾਹੀਂ ਪ੍ਰਾਪਤ ਕਰਨ ਉਪਰੰਤ ਪਰ੍ਹੇ ਸੁੱਟ ਦਿੰਦੇ ਹਨ!

# ਕਲਮ, ਮੰਚ ਅਤੇ ਲੋਕ

ਅੱਜ ਦਾ ਯੁੱਗ ਇਲੈਕਟ੍ਰਾਨਿਕ ਯੁੱਗ ਜ਼ਰੂਰ ਹੈ, ਦਰਸ਼ਕਾਂ ਕੋਲ ਵੱਖ ਵੱਖ ਚੈਨਲਾਂ ਤੋਂ ਤਿਆਰ ਕੀਤੇ ਸੀਰੀਅਲ/ਪ੍ਰੋਗਰਾਮ ਪਹੁੰਚ ਜਾਂਦੇ ਹਨ। ਕਈ ਲੋਕਾਂ ਦਾ ਵਿਚਾਰ ਹੈ ਕਿ ਇਹ ਸਭ ਕੁੱਝ ਪੁਸਤਕ-ਸਭਿਆਚਾਰ ਲਈ ਮਾਰੂ ਹੋ ਰਿਹਾ ਹੈ ਜਾਂ ਹੋਵੇਗਾ। ਮੇਰੇ ਵਿਚਾਰ ਮੁਤਾਬਿਕ ਸਾਹਿਤ ਨੂੰ ਪੜ੍ਹਨ, ਮਾਨਣ ਅਤੇ ਸਾਂਭਣ ਲਈ ਪੁਸਤਕ ਹੀ ਸਭ ਤੋਂ ਢੁੱਕਵਾਂ ਮਾਧਿਅਮ ਹੈ। ਇਸੇ ਲੋੜ/ਮੋਹ ਕਾਰਨ ਪਾਠਕਾਂ ਅਤੇ ਵਿਸ਼ੇਸ਼ ਕਰਕੇ ਰੰਗ ਕਰਮੀਆਂ ਦੇ ਰੂਬਰੂ ਆਪਣੀ ਚੌਥੀ ਨਾਟ-ਪੁਸਤਕ 'ਜੇਠੂ ਦਾ ਕੋਠਾ' ਕਰ ਰਿਹਾ ਹਾਂ।

ਮੈਨੂੰ ਕੁੱਝ ਮਾਨਸਿਕ ਤਸੱਲੀ ਜ਼ਰੂਰ ਹੈ ਕਿ ਮੇਰੀਆਂ ਤਿੰਨ ਨਾਟ-ਪੁਸਤਕਾਂ, 'ਕਲਯੁਗ ਦੀ ਮੇਲ', 'ਜਬੈ ਬਾਣ ਲਾਗਿਯੋ' ਅਤੇ 'ਡਾਲਰ ਮੇਰਾ ਪੁੱਤਰ' ਨੂੰ ਰਿਵਿਊਕਾਰਾਂ/ਸਮੀਖਿਅਕਾਂ ਅਤੇ ਪਾਠਕਾਂ ਵੱਲੋਂ ਚੰਗਾ ਹੁੰਗਾਰਾ ਮਿਲਿਆ ਹੈ। ਸਮਾਜ ਵਿਚਲੀਆਂ ਲਾਹਣਤਾਂ/ਬੁਰਾਂਈਆਂ ਵਿਰੁੱਧ ਮੈਂ ਵਿਭਿੰਨ ਨਾਟਕੀ ਜੁਗਤਾਂ ਰਾਹੀਂ ਅਭਿਆਨ ਚਲਾਉਣ ਦੀ ਦਿਸ਼ਾ ਵਿੱਚ ਆਪਣੇ ਵੱਲੋਂ ਨਿਗੂਣਾ ਜਿਹਾ ਹਿੱਸਾ ਪਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਅਜੋਕੀਆਂ ਪ੍ਰਤੀਕੂਲ ਸਥਿਤੀਆਂ ਵਿੱਚ ਵੀ ਜਾਰੀ ਰੱਖਣ ਦਾ ਉਪਰਾਲਾ ਕਰ ਰਿਹਾ ਹਾਂ।

ਨਾਟਕ ਵਿਧਾ ਵੱਲ ਆਉਂਦੇ ਹੋਏ ਮੈਂ ਸਹਿਮਤ ਹਾਂ ਕਿ ਰੰਗਮੰਚ ਨਾਟਕ ਦੀ ਦੇਹ ਹੈ। ਦਰਸ਼ਕਾਂ ਮੂਹਰੇ ਪ੍ਰਭਾਵਸ਼ਾਲੀ ਅਭਿਨੇ/ਐਕਟਿੰਗ ਨਾਟਕ ਵਿਚਲੇ ਸੰਦੇਸ਼ ਨੂੰ ਉਘਾੜਣ ਵਿੱਚ ਸਹਾਈ ਹੁੰਦੀ ਹੈ। ਮੈਂ ਉਹਨਾਂ ਲੋਕਾਂ ਨਾਲ ਸਹਿਮਤ ਨਹੀਂ ਹਾਂ ਜੋ ਇਹ ਸਮਝਦੇ ਹਨ ਕਿ ਨਾਟਕ ਵਿਧਾ ਨੂੰ ਪੜ੍ਹ ਕੇ ਮਾਣਿਆ ਨਹੀਂ ਜਾ ਸਕਦਾ। ਨਾਟਕ ਵਿਧਾ ਮੰਚਨ ਪੱਖੋਂ ਤਾਂ ਆਪਣੇ ਮੰਤਵ ਦੀ ਪੂਰਤੀ ਕਰਦੀ ਹੈ, ਨਾਲ ਦੀ ਨਾਲ ਇਸ ਵਿਧਾ ਦੇ ਪਾਠਕ, ਲੇਖਕ ਲਈ ਨਵੀਆਂ ਸੰਭਾਵਨਾਵਾਂ ਪੈਦਾ ਕਰਦੇ ਹਨ।

ਇਲੈਕਟ੍ਰਾਨਿਕ ਮੀਡੀਏ ਵੱਲ ਆਉਂਦੇ ਹੋਏ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਇਸ ਮੀਡੀਏ ਜ਼ਰੀਏ ਵੱਖ-ਵੱਖ ਸੀਰੀਅਲ ਯਥਾਰਥ ਨੂੰ ਡੂੰਘਾਈ ਤੱਕ ਪਕੜਣ ਪੱਖੋਂ ਪੂਰੀ ਤਰ੍ਹਾਂ ਸਫ਼ਲ ਨਹੀਂ ਕਹੇ ਜਾ ਸਕਦੇ। ਵਿਭਿੰਨ ਚੈਨਲਾਂ ਦੀ ਪਹੁੰਚ ਕਮਰਸ਼ੀਅਲ ਹੋਣ ਕਾਰੰਨ ਪੇਸ਼ ਕੀਤੇ ਜਾ ਰਹੇ ਪ੍ਰੋਗਰਾਮ ਜਾਂ ਤਾਂ ਸਤਹੀ ਪੱਧਰ ਦੇ ਹੁੰਦੇ ਹਨ ਜਾਂ ਫਿਰ ਕਈ ਕਈ ਹਫਤਿਆਂ ਤੱਕ ਚੱਲਣ ਕਾਰਨ ਆਮ ਦਰਸ਼ਕਾਂ ਦੀ ਲੜੀ ਟੁੱਟਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਫਿਰ ਵੀ ਸਕੂਲਾਂ, ਕਾਲਜਾਂ ਅਤੇ ਜਨਤਕ ਥਾਵਾਂ 'ਤੇ ਪੈਂਤੀ ਤੋਂ ਚਾਲੀ ਮਿੰਟ ਤੱਕ ਚੱਲਣ ਵਾਲੇ ਨਾਟਕ ਰੰਗ ਮੰਚ ਜ਼ਰੀਏ ਅਪਣੀ ਹੋਂਦ ਬਣਾਈ ਰੱਖਣ ਵਿੱਚ ਕਾਮਯਾਬ ਹਨ। ਉਹ ਨਾਟਕਕਾਰ ਜੋ ਰੰਗਮੰਚ ਨਾਲ ਵੀ ਜੁੜੇ

ਹਨ, ਨੂੰ ਤਪੱਸਿਆ ਕਰਨੀ ਪੈਂਦੀ ਹੈ ਕਿਉਂਕਿ ਚਾਰ ਪੰਜ ਸਾਲ ਬਾਅਦ ਉਸ ਦੇ ਕਲਾਕਾਰ ਰੰਗਮੰਚ ਨੂੰ ਅਲਵਿਦਾ ਕਹਿ ਜਾਂਦੇ ਹਨ ਅਤੇ ਨਾਟਕਕਾਰ ਨਵੇਂ ਕਲਾਕਾਰਾਂ ਨੂੰ 'ਤਰਾਸ਼ਣ' ਵਾਲਾ ਸਿਲਸਿਲਾ ਵਾਰ-ਵਾਰ ਸ਼ੁਰੂ ਕਰਦਾ ਹੈ ਕਿਉਂ ਜੋ ਰੰਗ ਮੰਚ ਕਲਾਕਾਰਾਂ ਦੀ ਮੁੱਢਲੀ ਲੋੜ ਰੋਟੀ ਦੀ ਪੂਰਤੀ ਨਹੀਂ ਕਰ ਸਕਿਆ। ਇਸ ਪੱਖੋਂ ਜਨ ਸਾਧਾਰਣ ਅਤੇ ਸਮਾਜ ਵਿੱਚ ਪਹਿਚਾਣ ਬਣਾ ਚੁੱਕੇ ਲੋਕ ਸਾਰਥਿਕ ਭੂਮਿਕਾ ਨਹੀਂ ਨਿਭਾ ਸਕੇ। ਸਿੱਟੇ ਵਜੋਂ ਚੇਤਨਾ/ਜਾਗਰਤੀ ਜਾਂ ਨਰੋਈ ਪਹੁੰਚ ਸੱਟਾਂ ਖਾ ਰਹੀ ਹੈ।

ਮੈਂ ਰਿਣੀ ਹਾਂ ਪ੍ਰਮੁੱਖ ਨਾਟਕਕਾਰ ਪ੍ਰੋ: ਅਜਮੇਰ ਸਿੰਘ ਔਲਖ, ਸਮੀਖਿਆ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾ ਰਹੇ ਡਾ. ਜਸਵੰਤ ਬੇਗੋਵਾਲ, ਪ੍ਰੋ: ਅਵਤਾਰ ਜੌੜਾ, ਡਾ: ਹਰਬੰਸ ਸਿੰਘ, ਕਹਾਣੀਕਾਰ ਸੁਰਿੰਦਰ ਮਕਸੂਦਪੁਰੀ ਅਤੇ ਹੋਰ ਸ਼ਖ਼ਸੀਅਤਾਂ ਦਾ ਜੋ ਪਿਛਲੇ ਕਈ ਸਾਲਾਂ ਤੋਂ ਮੇਰੇ ਲਈ ਪ੍ਰੇਰਣਾ ਸਰੋਤ ਰਹੇ ਹਨ। ਧੰਨਵਾਦੀ ਹਾਂ ਪ੍ਰੋ: ਜਸਵੰਤ ਸਿੰਘ ਮੁਰੱਬੀਆ, ਪ੍ਰੀਤਮ ਸਿੰਘ ਨੌਰੰਗਪੁਰ ਪ੍ਰਧਾਨ ਐਨ.ਆਰ.ਆਈ., ਜਰਨੈਲ ਸਿੰਘ ਕੌਂਸਲਰ, ਸੁਖਵਿੰਦਰ ਬਿੱਲਾ, ਸੁਖਚੈਨ ਮੁਰੱਬੀਆ, ਸਰਬਜੀਤ ਪੱਪਲ, ਫਕੀਰ ਸਿੰਘ ਨਡਾਲੀ, ਰਮੇਸ਼ ਚੰਦਰ ਗਾਂਧੀ, ਜਰਨੈਲ ਸਿੰਘ ਮੰਡਕੁੱਲਾ, ਬਲਕਾਰ ਸਿੰਘ ਮੰਡਕੁੱਲਾ, ਜਸਵਿੰਦਰ ਬਿੱਲਾ ਕੌਂਸਲਰ, ਹਰਮਿੰਦਰ ਸਿੰਘ, ਕਸ਼ਮੀਰ ਸਿੰਘ ਅਤੇ ਹੋਰ ਸਹਿਯੋਗੀਆਂ ਦੇ ਜੋ ਨਾਟਕ ਵਿਧਾ ਨੂੰ ਰੰਗਮੰਚ ਤੇ ਪੇਸ਼ ਕਰਵਾਉਣ ਪੱਖੋਂ ਪ੍ਰਬੰਧਕੀ ਸਹਿਯੋਗ ਦਿੰਦੇ ਆ ਰਹੇ ਹਨ। ਲਗਪਗ 200 ਥਾਵਾਂ 'ਤੇ ਮੇਰੇ ਨਾਟਕਾਂ ਨੂੰ ਦਰਸ਼ਕਾਂ ਤੱਕ ਪਹੁੰਚਾਉਣ ਵਾਲੇ ਮੇਰੇ ਪਹਿਲੇ ਅਤੇ ਮੌਜੂਦਾ ਕਲਾਕਾਰ ਮਨਜੀਤ ਧਾਲੀਵਾਲ, ਸ਼ਿੰਦਾ ਸੁਰਿੰਦਰ, ਸਮੀਰ ਸ਼ਰਮਾ, ਹਰਜਿੰਦਰ ਸਿੰਘ, ਨਵਜੋਤ ਯੂ.ਐਸ.ਏ., ਪ੍ਰਭਜੋਤ ਰੋਬਿਨ, ਮਨਜੀਤ ਬੌਬੀ, ਅਵਤਾਰ ਸੇਠੀ, ਸੁਰਜੀਤ ਸਨਮ ਅਤੇ ਹੋਰ ਕਲਾਕਾਰ ਮੇਰੀ ਮਿੱਠੀ ਯਾਦ ਦਾ ਹਿੱਸਾ ਬਣ ਚੁੱਕੇ ਹਨ, ਇਸ ਦਿਸ਼ਾ ਵਿੱਚ ਮੈਂ ਆਪਣੀ ਪਤਨੀ ਬਲਵਿੰਦਰ ਕੌਰ ਅਤੇ ਬੇਟੀ ਮਨਪ੍ਰੀਤ ਕੌਰ ਦੇ ਸਹਿਯੋਗ ਨੂੰ ਭੁਲਾ ਨਹੀਂ ਸਕਾਂਗਾ। ਆਸ ਕਰਦਾ ਹਾਂ ਕਿ ਮਾਹਿਰ ਅਤੇ ਆਮ ਪਾਠਕ ਇਸ ਪੁਸਤਕ ਨੂੰ ਪੜ੍ਹਨ ਉਪਰੰਤ ਆਪਣੀ ਵਡਮੁੱਲੀ ਟਿੱਪਣੀ ਜ਼ਰੂਰ ਭੇਜਣਗੇ।

**ਸਤਵਿੰਦਰ ਸਿੰਘ ਬੇਗੋਵਾਲੀਆ**
ਟਾਂਡਾ ਰੋਡ, ਪਿੰਡ ਤੇ ਡਾ: ਬੇਗੋਵਾਲ (ਕਪੂਰਥਲਾ)
ਫੋਨ : 98154-65620

# ਤੱਤਕਰਾ

1. ਜੇਠੂ ਦਾ ਕੋਠਾ — 11
2. ਚੋਰ — 39
3. ਅਪਾਹਜ — 65
4. ਨਾਟਕ ਹੀ ਨਾਟਕ — 87

# ਜੇਠੂ ਦਾ ਕੋਠਾ

| | | |
|---|---|---|
| ਜੇਠੂ | : | ਇੱਕ ਮਜ਼ਦੂਰ, 45 ਸਾਲ |
| ਕੁੜਿੱਕੀ | : | ਅਮੀਰ ਆਦਮੀ, 47 ਸਾਲ |
| ਸ਼ਾਮਾਂ ਅਤੇ ਕਿਰਪਾ | : | ਜੇਠੂ ਦੇ ਦੋ ਗੁਆਂਢੀ, ਹਰੇਕ ਦੀ ਉਮਰ ਲਗਪਗ 50 ਸਾਲ |
| ਸਕੱਤਰ | : | |
| ਨੇਤਾ | : | |
| ਸਿਪਾਹੀ | : | ਉਮਰ 35 ਸਾਲ |
| ਜਗੀਰ | : | ਕਿਰਪੇ ਦਾ ਪੁੱਤਰ, ਉਮਰ 25 ਸਾਲ |
| ਡਾਕਟਰ | : | |
| ਅਧਿਕਾਰੀ | : | ਪੂਡਾ ਨਾਲ ਸਬੰਧਤ ਅਫ਼ਸਰ |
| ਸ਼ਰਮਾ | : | ਇੱਕ ਕਾਲੋਨਾਈਜ਼ਰ |



# ਜੇਠੂ ਦਾ ਕੋਠਾ

ਸਥਾਨ : ਇੱਕ ਕਸਬੇ ਦੇ ਬਾਹਰਵਾਰ ਇੱਕ ਕਮਰੇ ਦਾ ਘਰ ਹੈ ਅਤੇ ਉਸ ਦੇ ਅੱਗੇ ਥੋੜ੍ਹਾ ਜਿਹਾ ਵਿਹੜੇ ਵਰਗਾ ਥਾਂ ਹੈ, ਨਾਲ ਹੀ ਇੱਕ ਪਾਰਕ ਹੈ, ਪਾਰਕ ਵਿੱਚ ਇੱਕ ਪਾਸੇ ਸਟੇਜ ਬਣੀ ਹੋਈ ਹੈ। ਜੇਠੂ ਦੇ ਘਰ ਦੇ ਅੱਗੇ ਛੋਟਾ ਜਿਹਾ ਵਿਹੜਾ ਨਾਟਕ ਖੇਡਣ ਲਈ ਸਟੇਜ ਨੰ: 1 ਹੈ ਅਤੇ ਪਾਰਕ ਵਿਚਲੀ ਸਟੇਜ, ਸਟੇਜ ਨੰ: 2 ਦਾ ਮੰਤਵ ਹੱਲ ਕਰਦੀ ਹੈ।

(ਜੇਠੂ ਆਪਣੇ ਵਿਹੜੇ ਵਿੱਚ ਖੜ੍ਹਾ ਹੈ ਅਤੇ ਕੁਝ ਸੋਚ ਰਿਹਾ ਪ੍ਰਤੀਤ ਹੁੰਦਾ ਹੈ, ਇੱਕ ਗੁਆਂਢੀ ਦੇ ਘਰ ਤੋਂ ਟੇਪ ਦੀ ਆਵਾਜ਼ 'ਤੇ ਗੀਤ ਦੇ ਕੁੱਝ ਬੋਲ ਜੇਠੂ ਦੇ ਮਨ ਨੂੰ ਆਪਣੇ ਵੱਲ ਖਿੱਚ ਲੈਂਦੇ ਹਨ)

ਗੀਤ ਦੇ ਬੋਲ : ਜੀਵਨ ਦੇ ਨੇ ਤਿੰਨ ਨਿਸ਼ਾਨ
ਰੋਟੀ, ਕੱਪੜਾ ਤੇ ਮਕਾਨ।
ਇਸ ਤੋਂ ਬਿਨਾਂ ਕੀ ਇਨਸਾਨ?
ਰੋਟੀ, ਕੱਪੜਾ ਤੇ ਮਕਾਨ।
ਜੀਵਨ ਦੇ ਨੇ ਤਿੰਨ ਨਿਸ਼ਾਨ....

ਜੇਠੂ : (ਆਪਣੇ ਆਪ ਨਾਲ ਹੀ) ਰੇਡੀਉ ਤੇ ਗਾਣਾ ਠੀਕ ਈ ਚਲਦਾ ਪਿਆ ਸੀ, ਬੜੇ ਕਮਾਲ ਦਾ ਗੀਤ ਸੀ। ਹਰ ਬੰਦੇ ਨੂੰ ਤਿੰਨ ਚੀਜ਼ਾਂ ਤਾਂ ਚਾਹੀਦੀਆਂ ਨੇ—ਕੁੱਲੀ, ਗੁੱਲੀ ਤੇ ਜੁੱਲੀ। ਬੰਦਾਂ ਰੁੱਖੀ ਸੁੱਖੀ ਰੋਟੀ ਖਾ ਕੇ ਰੱਬ ਦਾ ਸ਼ੁਕਰ ਮਨਾ ਹੀ ਲੈਂਦੈ, ਕੱਪੜਾ ਵੀ ਪਾਟਾ ਪੁਰਾਣਾ ਘੱਸਿਆ ਪਿਟਿਆ ਪਾ ਕੇ ਗਰਮੀ ਸਰਦੀ ਕੱਢ ਹੀ ਲੈਂਦੈ ਪਰ ਮਕਾਨ......... ਆਹ ਮਕਾਨ ਕਦੇ ਸਾਡਾ ਆਪਣਾ ਹੁੰਦਾ ਸੀ, ਸਾਡੇ ਬਾਪੂ ਨੂੰ ਉਸ ਕੁਲਹਿਣੀ ਘੜੀ 'ਚ ਸੇਠ ਕੁੜਿੱਕੀ ਸ਼ਾਹ ਨੇ ਘੇਰ ਲਿਆ। ਬਾਪੂ ਬਿਮਾਰ ਕੀ ਹੋ ਗਿਆ....... ਜਦ ਰਾਜ਼ੀ ਹੋਇਆ ਤਾਂ ਕੁੜਿੱਕੀ ਸ਼ਾਹ ਨੇ ਕਰਜ਼ੇ ਦੀ ਪੰਡ ਤਿਆਰ ਕਰ ਛੱਡੀ ਸੀ ਤੇ ਸਾਡੇ ਇਸ ਮਕਾਨ ਤੇ ਕੰਜਰ ਕੁੜਿੱਕੀ ਦਾ ਕਬਜ਼ਾ ਹੋ ਗਿਆ। ਹਰ ਮਹੀਨੇ ਪੰਜ ਸੌ ਰੁਪਏ ਇਸ ਮਕਾਨ ਦਾ ਕਿਰਾਇਆ ਦੇਣਾ ਪੈਂਦੈ। ਐਤਕਾਂ ਨਵਾਂ ਸਾਲ ਚੜ੍ਹਿਆ, ਅਰਦਾਸ ਕੀਤੀ—ਹੇ ਸੱਚੇ ਪਾਤ੍ਸ਼ਾਹ! ਨੀਲੀ ਛੱਤ ਵਾਲਿਆ! ਕੰਮ 'ਚ ਵਾਧੇ

ਕਰੀਂ। ਰੱਬ ਨੂੰ ਯਾਦ ਕਰਕੇ ਮੈਂ ਖ਼ੁਸ਼ੀ-ਖ਼ੁਸ਼ੀ ਗਾਂਉਣ ਲੱਗ ਪਿਆ—

ਟੁੱਟ ਭੁੱਟ ਜਾਵੇ ਗਰੀਬੀ ਦਾ<br>ਜੋ ਬੁਣਿਆ ਜਾਲ ਹੈ,<br>ਆਇਆ ਨਵਾਂ ਸਾਲ ਹੈ।

ਕਲ੍ਹ ਮੇਰੇ ਕੋਲੋਂ ਲੰਘਿਆ. ਮੂੰਹ ਚਿੱਬ ਖੜਿੱਬਾ ਬਣਾਇਆ ਸੀ ਕੁੜਿੱਕੀ ਸ਼ਾਹ ਨੇ, ਮੈਂ ਨੀਵੀਂ ਪਾ ਲਈ। ਸੋਚਿਆ, ਅੱਖ ਮਿਲਾਉਣ ਨਾਲੋਂ ਅੱਖ ਬਚਾਉਣੀ ਹੀ ਠੀਕ ਏ। ਪਰ ਉਹਨੇ ਮੈਨੂੰ ਮੋਢੇ ਤੋਂ ਫੜ੍ਹ ਕੇ ਪਾਟੇ ਢੋਲ ਵਰਗੀ ਵਾਜ ਕੱਢ ਕੇ ਕਿਹਾ—ਮਕਾਨ ਦਾ ਕਿਰਾਇਆ ਛੇ ਸੌ ਹੋ ਗਿਐ ਪਹਿਲ਼ੀ ਤੋਂ, ਨਾਲ ਹੀ ਮੇਰਾ ਨਵਾਂ ਸਾਲ ਮਨਾ ਕੇ ਰੱਖ ਦਿੱਤਾ। ਕੁੜਿੱਕੀ ਸ਼ਾਹ ਦੀ ਬੂਥੀ ਜਦ ਵੀ ਮੇਰੀਆਂ ਅੱਖਾਂ ਅੱਗੇ ਆਉਂਦੀ ਏ ਤਾਂ ਮੇਰਾ ਦਿਲ ਕਾਹਲਾ ਪੈਣ ਲੱਗਦਾ ਏ। ਸਵੇਰ ਦਾ ਮੇਰਾ ਬਲੱਡ ਪਰੈਸ਼ਰ ਵਧਿਆ ਜਾਪਦੈ—ਆਇਆ ਨਹੀਂ ਡਾਕਟਰ ਜੋਗਾ ਸਿੰਘ, ਫਕੀਰੇ ਘਰ ਗਿਆ ਸੀ ਬੁਖ਼ਾਰ ਦੀ ਦਵਾ ਦੇਣ, ਉਥੇ ਈ ਛਾਉਣੀ ਪਾ ਕੇ ਬਹਿ ਗਿਐ।

(ਡਾਕਟਰ ਜੋਗਾ ਸਿੰਘ ਆਉਂਦਾ ਹੈ)

ਡਾਕਟਰ : ਕਿਵੇਂ ਜੇਠੂ?

ਜੇਠੂ : ਮੈਂ ਤਾਂ ਉਡੀਕਦਾਂ ਉਡੀਕਦਾ ਬੁੱਢਾ ਹੋ ਗਿਆਂ ਤੁਹਾਨੂੰ ਡਾਕਟਰ ਸਾਹਿਬ।

ਡਾਕਟਰ : ਫਕੀਰੇ ਦੇ ਸਾਰੇ ਜੀਅ ਮੰਜੀਆਂ ਮੱਲ ਕੇ ਬੈਠੇ ਨੇ। ਉਥੇ ਮਰੀਜ਼ ਵੇਖ-ਵੇਖ ਖੁਦ ਮਰੀਜ਼ ਬਣ ਗਿਆਂ।

ਜੇਠੂ : ਡਾਕਟਰ ਸ਼ਾਹਬ, ਮੈਨੂੰ ਵੇਖਿਓ ਜਰਾ।

ਡਾਕਟਰ : ਹੌਸਲਾ ਰੱਖ, ਮਰਦਾ ਨਹੀਂ ਤੂੰ।

ਜੇਠੂ : ਤਾਂ ਫਿਰ ਉਦੋਂ ਟੀਕਾ ਲਾਵੇਂਗਾ ਜਦ ਮੈਂ.ਮਰ ਗਿਆ। ਮੇਰਾ ਦਿਲ...... ਮੇਰਾ ਦਿਲ ਘਾਬਰਦਾ ਪਿਐ। ਡਾਕਟਰ ਸਾਹਬ, ਮੈਂ ਗਿਆ......

(ਜੇਠੂ ਰੋ ਪੈਂਦਾ ਹੈ)

ਡਾਕਟਰ : (ਮਖੌਲ ਭਰੇ ਅੰਦਾਜ਼ ਵਿੱਚ) ਕਿਉਂ ਚੀਕਾਂ ਮਾਰੀ ਜਾਂਦੈ?

ਜੇਠੂ : ਮੇਰਾ ਬਲੱਡ ਪਰੈਸ਼ਰ......

ਡਾਕਟਰ : ਯੈੱਸ ਕਮ ਆਨ, ਬਾਂਹ ਇਧਰ ਕਰ (ਬੈਗ ਵਿੱਚੋਂ ਬਲੱਡ



ਪਰੈਸ਼ਰ ਚੈੱਕ ਕਰਨ ਵਾਲੀ ਮਸ਼ੀਨ ਬਾਹਰ ਕੱਢਦਾ ਹੈ) ਹੈਂ ਵੱਟ?

ਜੇਠੂ : ਕੀ ਹੋ ਗਿਐ ਮੈਨੂੰ, ਮੇਰੇ ਛੋਟੇ ਛੋਟੇ ਬੱਚੇ.....

ਡਾਕਟਰ ; ਕਮਾਲ ਹੋ ਗਈ. ਬਲੱਡ ਤੇਰੇ ਵਿੱਚ ਹੈ ਨਹੀਂ, ਪਰੈਸ਼ਰ ਕਿਥੋਂ ਆ ਗਿਆ?

ਜੇਠੂ : ਆਹ ਤਾਂ ਕੁੜਿੱਕੀ ਸ਼ਾਹ ਕਰਕੇ ਜੀ, ਮੇਰਾ......

ਡਾਕਟਰ : ਤੂੰ ਬਹੁਤ ਉਪਰ ਪਹੁੰਚ ਗਿਐਂ।

ਜੇਠੂ : (ਉੱਪਰ ਵੱਲ ਵੇਖਣ ਬਾਅਦ) ਕਿਥੇ ਕਰਕੇ?

ਡਾਕਟਰ : ਦੋ ਸੌ ਤੇ, ਚੰਗੇ ਟਾਈਮ ਪਹੁੰਚ ਗਿਆਂ, ਹੋਰ ਦਸ ਮਿੰਟ ਨਾ ਆਉਂਦਾ ਤੇਰਾ ਪਟਾਕਾ ਪੈ ਈ ਜਾਣਾ ਸੀ।

ਜੇਠੂ : ਮੈਂ ਵੀ ਕਵਾਂ ਸਿਰ ਨੂੰ ਬਣ ਕੀ ਗਿਐ.....

ਡਾਕਟਰ : (ਟੋਕਦੇ ਹੋਏ) ਬਾਂਹ ਇਧਰ ਕਰ, ਟੀਕੇ ਤੋਂ ਬਿਨਾਂ ਕੰਟਰੋਲ ਨਹੀਂ ਹੋਣਾਂ।

(ਡਾਕਟਰ ਟੀਕਾ ਭਰ ਕੇ ਜੇਠੂ ਦੀ ਨਾੜ 'ਚ ਲਾਉਂਦਾ ਹੈ)

ਬੱਸ ਪੰਦਰਾਂ ਕੁ ਮਿੰਟਾਂ 'ਚ ਸਭ ਓ. ਕੇ. ਹੋ ਜਾਏਗਾ।

ਜੇਠੂ : ਪੈਸੇ ਕਿੰਨੇ ਡਾਕਟਰ ਸਾਹਬ?

ਡਾਕਟਰ : ਤੂੰ ਆਪਣਾ ਪੱਕਾ ਮਰੀਜ਼ ਏਂ, ਚੱਲ ਤੂੰ ਸੌ ਈ ਦੇ ਦੇ।

ਜੇਠੂ : ਸੌ?

ਡਾਕਟਰ : ਹੈਰਾਨ ਹੋ ਗਿਐਂ. ਅਗਲੇ ਜਹਾਨੋਂ ਹੋ ਕੇ ਮੁੜਿਆ ਏਂ। ਸ਼ੁਕਰ ਕਰ ਤੇਰੀ ਸੌ ਵਿੱਚ ਈ ਖਲਾਸੀ ਹੋ ਗਈ।

ਜੇਠੂ : ਰੋਜ਼ ਦੇ ਪੰਜਾਹ-ਪੰਜਾਹ ਕਰ ਕੇ ਬਚਾ ਰਿਹਾਂ ਕਿ ਕੁਛ ਰਕਮ 'ਕੱਠੀ ਹੋ ਜਾਏਗੀ ਤੇ ਮੈਂ ਵੀ ਆਪਣ੍ਹਾ ਕੋਠਾ ਬਣਾ ਸਕਾਂਗਾ।

ਡਾਕਟਰ : ਮੇਰੇ ਸੌ ਨਾਲ ਤੇਰਾ ਕੋਠਾ ਡਿੱਗ ਤਾਂ ਨਹੀਂ ਪੈਣ ਲੱਗਾ! ਲੇਟ ਜਾ ਹੁਣ ਅਰਾਮ ਨਾਲ।

ਜੇਠੂ : (ਪੈਸੇ ਦਿੰਦਾ ਹੋਇਆ) ਡਾਕਟਰ ਤੇ ਵਕੀਲ, ਇਹਨਾਂ ਦੀਆਂ ਰਾਸ਼ੀਆਂ ਵਿੱਚ ਨਹੀਂ ਲਿਖਿਆ ਹੁੰਦਾ ਕਿ ਕਿਸੇ 'ਤੇ ਤਰਸ ਵੀ ਕਰਨਗੇ।

ਡਾਕਟਰ : (ਗ਼ੁੱਸੇ ਵਿੱਚ) ਹੂੰ, ਕੈਸੇ ਕੈਸੇ ਜਾਨਵਰੋਂ ਸੇ ਪਾਲਾ ਪੜਤਾ ਏ।

(ਡਾਕਟਰ ਕਾਹਲੀ ਕਾਹਲੀ ਬੋਲਦਾ ਹੋਇਆ. ਬੈਗ

ਫੜ ਕੇ ਚਲੇ ਜਾਂਦਾ ਹੈ, ਜਦ ਕਿ ਜੇਠੂ ਉਹਨੂੰ ਜਾਂਦੇ ਹੋਏ ਨੂੰ ਨਫ਼ਰਤ ਭਰੀ ਨਿਗਾਹ ਨਾਲ ਵੇਖਦਾ ਹੈ)

ਜੇਠੂ : ਸਿਰ ਨੂੰ ਚੱਕਰ ਪਏ ਆਉਂਦੇ ਸੀ, ਆਹ ਡਾਕਟਰ ਦੇ ਟੀਕੇ ਨਾਲ ਥੋੜ੍ਹਾ ਫ਼ਰਕ ਜਾਪਦੈ। ਨਿਆਣਿਆਂ ਦਾ ਮਸੂਮ ਜਿਹਾ ਚਿਹਰਾ ਤੱਕਣਾ ਵਾਂ ਤਾਂ ਤਰਸ ਆਉਂਦੈ। ਉਹਨਾਂ ਨੂੰ ਮੈਂ ਕੀ ਖਵਾਇਆ? ਕੁਛ ਵੀ ਨਾ। ਉਹਨਾਂ ਨੂੰ ਕੀ ਪਵਾਇਆ? ਲੀਰਾਂ....... ਲੋਕ ਆਪਣੇ ਨਿਆਣਿਆਂ ਦੇ ਸੌ ਸ਼ੌਂਕ ਪੂਰੇ ਕਰਦੇ ਨੇ ਪਰ.....। ਮੇਰੇ ਨਿਆਣਿਆਂ ਦੇ ਮਨ ਵਿੱਚ ਵੀ ਆਉਂਦਾ ਹੋਵੇਗਾ—ਅਸੀਂ ਚੰਗਾ ਖਾਈਏ, ਵਧੀਆ ਪਾਈਏ ਤੇ ਹੱਸ ਹੱਸ ਕੇ ਮੌਜ ਉਡਾਈਏ। ਮੇਰੇ ਬੱਚਿਓ! ਮੈਂ ਵੀ ਚਾਹਨਾਂ ਪਰ....... ਐਧਰ ਕੁੜਿੱਕੀ ਸ਼ਾਹ ਨੇ ਮੇਰੇ ਗਲ ਵਿੱਚ ਗੂਠਾ ਦਿੱਤੈ। ਮੈਂ ਕੋਈ ਜੀ ਰਿਹਾ? ਜੂਨ ਪੂਰੀ ਕਰਦਾ ਪਿਆਂ।

(ਕੁੜਿੱਕੀ ਸ਼ਾਹ ਆਉਂਦਾ ਹੈ, ਉਸ ਦੇ ਚਿਹਰੇ ਉੱਪਰ ਗੁੱਸੇ ਦੇ ਚਿੰਨ੍ਹ ਸਾਫ਼ ਨਜ਼ਰ ਆਉਂਦੇ ਹਨ, ਇਹ ਵੇਖ ਕੇ ਜੇਠੂ ਪੂਰੀ ਤਰ੍ਹਾਂ ਡਰ ਜਾਂਦਾ ਹੈ)

ਕੁੜਿੱਕੀ : (ਉੱਚੀ ਆਵਾਜ਼ ਵਿੱਚ) ਓਏ ਜੇਠੂ!

ਜੇਠੂ : ਹਾਂ ਸ਼ਾਹ ਜੀ, ਸਾਸਰੀ ਕਾਲ।

ਕੁੜਿੱਕੀ : ਸਾਸਰੀ ਕਾਲ ਦਿਆ ਕੁੱਛ ਲਗਦਿਆ, ਆਪਣੇ ਨਿਆਣੇ ਸਮਝਾ ਕੇ ਰੱਖਿਆ ਕਰ।

ਜੇਠੂ : ਕੀ ਗੱਲ ਸ਼ਾਹ ਜੀ, ਕੋਈ ਗਲਤੀ ਹੋ ਗਈ ਮੇਰੇ ਨਿਆਣਿਆਂ ਤੋਂ?

ਕੁੜਿੱਕੀ : ਨਿਆਣਿਆਂ ਨੂੰ ਕੋਈ ਅਕਲ ਦੀ ਦਵਾ ਖਵਾ, ਤੇਰੇ ਗੁਆਂਢੀ ਰੋਜ਼ ਮੇਰੇ ਵੱਲ ਸ਼ਕਾਇਤਾਂ ਲਈ ਆਉਂਦੇ ਨੇ।

ਜੇਠੂ : ਕੀ ਕਹਿੰਦੇ ਨੇ ਗੁਆਂਢੀ?

ਕੁੜਿੱਕੀ : ਤੇਰੇ ਨਿਆਣਿਆਂ ਦੀਆਂ ਸਿਫ਼ਤਾਂ ਦੇ ਪੁਲ ਪਏ ਬੰਨਦੇ ਸੀ। ਜਿਹੋ ਜਿਹਾ ਡੰਗਰ ਜੇਠੂ ਤੇ ਉਹੋ ਜਿਹੇ ਡੰਗਰ ਨਿਆਣੇ ਜੰਮ ਪਏ। ਤੇਰੇ ਨਿਆਣਿਆਂ ਪੂਰੇ ਮੁਹੱਲੇ ਵਿੱਚ ਤੜਥੂਲ ਮਚਾ ਕੇ ਰੱਖਿਐ। ਸਾਰੇ ਕਹਿੰਦੇ ਨੇ—ਜੇਠੂ ਦੇ ਨਿਆਣੇ ਕੋਠੇ ਤੇ ਚੜ੍ਹ ਕੇ ਐਂ ਨੱਚਦੇ ਨੇ ਜਿਵੇਂ ਪਿਓ ਦੇ ਵਿਆਹ 'ਚ ਵੜੇ ਹੋਣ।

ਜੇਠੂ : ਬੱਚੇ ਜੂ ਹੋਏ ਜੀ।

ਕੁੜਿੱਕੀ : (ਸਾਂਗ ਲਾਉਂਦਾ ਹੋਇਆ) ਬੱਚੇ ਜੂ ਹੋਏ ਜੀ, ਦੁੱਧ ਪੀਂਦੇ ਨੇ



ਅਜੇ ਮਾਂ ਦਾ! ਤੇਰਾ ਵੱਡਾ ਮੁੰਡਾ ਸਾਲਾ ਖੋਤੇ ਜਿੱਡਾ ਹੋ ਗਿਐ, ਅਕਲ ਨਾ ਨੇੜਿਉਂ ਲੰਘੀ।

ਜੇਠੂ : ਅਜੇ ਬੱਚਾ ਏ ਜੀ।

ਕੁੜਿੱਕੀ : (ਚੋਭ ਲਾਉਂਦਾ ਹੋਇਆ) ਨਾਲੇ ਤੂੰ ਵੀ ਬੱਚਾ ਏਂ! ਆਪਣੇ ਨਿਆਣਿਆਂ ਨੂੰ ਕਹਿ ਦੇ ਕੋਠੇ ਤੇ ਨਾ ਨੱਚਣ, ਗੁਆਂਢੀਆਂ ਦੇ ਸਿਰ ਤੇ ਚੜ੍ਹ ਕੇ ਨੱਚਣ। ਕਿਰਪਾ ਕਹਿੰਦਾ ਪਿਆ ਸੀ—ਜੇਠੂ ਦੇ ਨਿਆਣੇ ਰੋਜ਼ ਕੋਠੇ ਤੇ ਚੜ੍ਹ ਕੇ ਧਰਤੀ ਹਿਲਾ ਦੇਂਦੇ ਨੇ, ਗੰਦੇ ਗੀਤ ਗਾਉਂਦੇ ਨੇ। ਲੋਕਾਂ ਘਰ ਧੀਆਂ ਭੈਣਾਂ ਨੇ, ਤੁਹਾਨੂੰ ਸ਼ਰਮ ਈ ਨਹੀਂ ਮਾਸਾ। ਘਰ ਵੇ ਕਿ ਕੰਜਰਖਾਨਾ।

ਜੇਠੂ : ਜੀ ਮੇਰੇ ਨਿਆਣੇ ਕਦੇ ਗੰਦੇ ਗੀਤ ਨਹੀਂ ਗਾਉਂਦੇ?

ਕੁੜਿੱਕੀ : ਨਾ ਕੌਣ ਗਾਉਂਦਾ ਏ—ਨੈਣ ਪਰੀਤੋ ਦੇ ਬਹਿਜਾ ਬਹਿਜਾ ਕਰਦੇ?

ਜੇਠੂ : ਜੀ ਉਹ ਤਾਂ ਨਿਆਣੇ ਬੱਸ ਐਵੇਂ ਹੀ..... ਪਤੰਗ ਚੜ੍ਹਾਉਂਦੇ ਚੜ੍ਹਾਉਂਦੇ ਨਿਆਣਿਆਂ ਨੂੰ ਜੋ ਵੀ ਯਾਦ ਆਏ, ਬੱਸ ਐਵੇਂ ਗਾ ਕੇ ਸ਼ੌਂਕ ਪੂਰਾ ਕਰ ਲੈਂਦੇ ਨੇ।

ਕੁੜਿੱਕੀ : ਓਏ ਪਤੰਗ ਵੀ ਚੜ੍ਹਾਉਂਦੇ ਨੇ? ਕੋਠਾ ਤੁਹਾਨੂੰ ਰਹਿਣ ਵਾਸਤੇ ਦਿੱਤੈ ਕਿ ਪਤੰਗ ਚੜ੍ਹਾਉਣ ਵਾਸਤੇ? ਜੇ ਪਤੰਗ ਈ ਚੜ੍ਹਾਉਣੇ ਨੇ ਤਾਂ ਕਿਰਾਇਆ ਅੱਜ ਤੋਂ ਸੱਤ ਸੌ ਰੁਪਏ।

ਜੇਠੂ : ਤਰਸ ਖਾਓ ਸ਼ਾਹ ਜੀ, ਸਾਥੋਂ ਗ਼ਰੀਬਾਂ ਕੋਲੋਂ ਕਿਥੇ ਭਰਿਆ ਜਾਣੈ ਸੱਤ ਸੌ ਮਹੀਨੇ ਦਾ।

ਕੁੜਿੱਕੀ : ਕੋਠਾ ਤਿੰਨ ਗਾਡਰਾਂ ਦਾ ਏ ਤੇ ਨਾਲੇ ਵਿਹੜਾ ਵੀ ਏ। ਮੈਨੂੰ ਛੱਤੀ ਬੰਦੇ ਪੁੱਛਦੇ ਨੇ ਆਹ ਕੋਠੇ ਬਾਰੇ। ਸੱਤ ਸੌ ਨਹੀਂ ਮੰਨਜੂਰ ਤਾਂ ਕੋਠਾ ਖਾਲੀ ਕਰ ਕੇ ਜਿਧਰ ਮਰਜ਼ੀ ਜਾ।

ਜੇਠੂ : (ਆਪਣੇ ਆਪ ਨੂੰ ਕਸੂਤੀ ਸਥਿਤੀ ਵਿੱਚ ਫਸਿਆ ਮਹਿਸੂਸ ਕਰਦਾ ਹੈ) ਠੀਕ ਏ ਸ਼ਾਹ ਜੀ, ਸੱਤ ਸੌ ਭਰ ਦਿਆ ਕਰਾਂਗਾ ਔਖਾ-ਸੌਖਾ ਹੋ ਕੇ।

(ਅੰਦਰੋਂ ਔਰਤ ਦੇ ਗੀਤ ਗਾਉਣ ਦੀ ਆਵਾਜ਼ ਆਉਂਦੀ ਹੈ, ਸੁਣ ਕੇ ਕੁੜਿੱਕੀ ਸ਼ਾਹ ਆਵਾਜ਼ ਦੀ ਮਿਠਾਸ ਦੇ ਪ੍ਰਭਾਵ ਹੇਠ ਰੁਮਾਂਟਿਕ ਸਥਿਤੀ ਵਿੱਚ ਆ ਜਾਂਦਾ ਹੈ)

ਗੀਤ ਦੀ ਆਵਾਜ਼ : ਇਹਨਾਂ ਅੱਖੀਆਂ 'ਚ ਪਾਵਾਂ ਕਿਵੇਂ ਕੱਜਲਾ ਵੇ

ਅੱਖੀਆਂ 'ਚ ਤੂੰ ਵਸਦਾ।

ਇਹਨਾਂ ਅੱਖੀਆਂ..........

ਹਰ ਵੇਲੇ ਚੰਨਾ ਮੇਰਾ ਤੇਰੇ ਵੱਲ ਮੂੰਹ ਵੇ

ਬੁੱਲੀਆਂ ਤੇ ਨਾਂ ਤੇਰਾ, ਦਿਲ ਵਿੱਚ ਤੂੰ ਵੇਂ

ਜਦੋਂ ਹੱਸਦੀ ਭੁਲੇਖਾ ਮੈਨੂੰ ਪੈਂਦਾ ਵੇ

ਹਾਸਿਆਂ 'ਚ ਤੂੰ ਹੱਸਦਾ।

ਇਹਨਾਂ ਅੱਖੀਆਂ.........

ਕੁੜਿੱਕੀ : (ਖ਼ੁਸ਼ੀ ਭਰੇ ਰੌਅ ਵਿੱਚ) ਵਾਹ! ਬੜੀ ਮਿੱਠੀ ਵਾਜ ਸੀ, ਕੌਣ ਗਾਉਂਦੀ ਪਈ ਸੀ?

ਜੇਠੂ : ਜੀ ਮੇਰੇ ਘਰ ਵਾਲੀ, ਸਾਡੇ ਘਰ ਟੀਵੀ ਵਗੈਰਾ ਤਾਂ ਹੈ ਨਹੀਂ।ਵਿਚਾਰੀ ਕਦੇ-ਕਦੇ ਗਾ ਕੇ ਮਨ ਪਰਚਾ ਲੈਂਦੀ ਏ।

ਕੁੜਿੱਕੀ : ਨਾਲੇ ਤੇਰੇ ਮਨ ਵੀ ਪਰਚ ਜਾਂਦੈ ਜੇਠੂ!

ਜੇਠੂ : ਹੀਂ ਹੀਂ ਹੀਂ, ਆਹੋ ਜੀ ਮਾੜਾ ਮੋਟਾ......

ਕੁੜਿੱਕੀ : ਕਰਦੀ ਕੀ ਏ?

ਜੇਠੂ : ਬੱਸ ਘਰ ਦਾ ਈ ਮਾੜਾ ਮੋਟਾ ਚੁੱਲਾ ਪਾਣੀ.......... ਮਾਸਟਰ ਹਰਬੰਸ ਸਿੰਘ ਦੇ ਘਰ ਪੋਚੇ ਵੀ ਫੇਰਦੀ ਏ।

ਕੁੜਿੱਕੀ : ਕਿੰਨੇ ਕੁ ਪੈਸੇ ਮਿਲਦੇ ਨੇ ਪੋਚੇ ਫੇਰਨ ਦੇ?

ਜੇਠੂ : ਐਹੋ ਜੀ ਬੱਸ ਚਾਰ ਪੰਜ ਸੌ ਦੇ ਦਿੰਦੇ ਨੇ, ਕਦੇ-ਕਦੇ ਕੋਈ ਪੁਰਾਣਾ ਸੂਟ ਦੇ ਦਿੰਦੇ ਨੇ ਤੇ ਦਿਨ ਦਿਹਾਰ ਤੇ ਦੋ ਚਾਰ ਕਿਲੋ ਚੌਲ ਆਟਾ ਵੀ ਪਾ ਦਿੰਦੇ ਨੇ। ਬੜੇ ਨੇਕ ਇਨਸਾਨ ਨੇ ਮਾਸਟਰ ਹਰਬੰਸ ਸਿੰਘ ਹੋਰੀਂ।

ਕੁੜਿੱਕੀ : (ਰੁੱਖੀ ਆਵਾਜ਼ ਵਿੱਚ) ਤੇ ਆਪਾਂ ਕਿਹੜੇ ਜਗਰਾਉਂ ਦੇ ਬਦਮਾਸ਼ ਆਂ?

ਜੇਠੂ : ਤੁਸੀਂ ਤਾਂ ਦੇਵਤਾ ਲੋਕ ਹੋ.....

ਕੁੜਿੱਕੀ : ਇੰਜ ਕਹਿ ਨਾ, ਵੇਖ ਜੇਠੂ ਬੰਦਾ ਤੂੰ ਬਿਲਕੁਲ ਅਪਣਾ ਏਂ। ਤੇਰੇ ਨਾਲ ਤਾਂ ਗੱਲ ਈ ਘਰ ਵਾਲੀ ਏ। ਨਾਲੇ ਮੈਂ ਸੁਣਿਐ ਤੇਰੀ ਜ਼ਨਾਨੀ ਬੜੀ ਨੇਕ ਏ?

ਜੇਠੂ : ਜੀ ਉਹ ਤਾਂ ਦੇਵੀ ਏ ਦੇਵੀ।

ਕੁੜਿੱਕੀ : ਸਾਨੂੰ ਦੇਵੀ ਦੀ ਹੀ ਲੋੜ ਏ।

ਜੇਠੂ : (ਹੈਰਾਨੀ ਵਿੱਚ) ਤੁਹਾਨੂੰ?



ਕੁੜਿੱਕੀ : ਸਾਡੇ ਘਰ ਨੂੰ...... ਮਤਲਬ ਸੇਠਾਨੀ ਨੂੰ। ਉਹਨੂੰ ਮਾਲਸ਼ ਕਰਨ ਵਾਸਤੇ ਇੱਕ ਜ਼ਨਾਨੀ ਦੀ ਲੋੜ ਏ। ਤੂੰ ਆਪਣੀ ਘਰ ਵਾਲੀ ਨੂੰ ਕਹਿ ਦੇ—ਸਾਡੇ ਘਰ ਮਾਲਸ਼ ਕਰ ਜਾਇਆ ਕਰੇ ਸੇਠਾਨੀ ਨੂੰ ਰੋਜ਼ ਘੰਟਾ ਕੁ। ਪੰਜ ਛੇ ਸੌ ਤਾਂ ਦੇਵਾਂਗੇ ਹੀ। ਬੋਲ ਕੀ ਸਲਾਹ ਏ ਤੇਰੀ?

ਜੇਠੂ : ਜੀ...... ਜੀ.......

ਕੁੜਿੱਕੀ : ਜਲਦੀ ਬੋਲ ਐਵੇਂ ਜੀ ਜੀ ਕਰੀਂ ਜਾਨੈਂ।

ਜੇਠੂ : ਜੀ ਇਹ ਤਾਂ ਘਰ ਵਾਲੀ ਤੋਂ ਪੁੱਛ ਕੇ ਹੀ ਦੱਸਾਂਗਾ ਸੇਠ ਜੀ।

ਕੁੜਿੱਕੀ : ਤੇਰੀ ਜ਼ਨਾਨੀ ਤੇਰੇ ਕੰਟਰੋਲ ਵਿੱਚ ਨਹੀਂ? ਹੋਰ ਸੁਣ,ਆਹ ਮਕਾਨ ਦਾ ਕਰਾਇਆ ਛੇ ਸੌ ਹੀ ਲੈ ਲਿਆ ਕਰਾਂਗੇ। ਸੌ ਸਿੱਧਾ ਈ ਘਟਾ ਦਿੱਤੈ ਤੇ ਸਾਲ ਦਾ ਬਾਰ੍ਹਾਂ ਸੌ ਰੁਪਏ ਦਾ ਫ਼ਾਇਦਾ ਹੋ ਗਿਐ ਤੈਨੂੰ। ਹੁਣ ਠੀਕ ਏ ਨਾ?

ਜੇਠੂ : ਜੀ ਸੋਚ ਕੇ ਸਲ਼ਾਹ ਕਰ ਕੇ ਦੱਸਾਂਗੇ।

ਕੁੜਿੱਕੀ : ਅੰਦਰ ਜਾ ਤੇ ਆਪਣੀ ਘਰ ਵਾਲੀ ਨੂੰ ਪੁੱਛ ਕੇ ਬਾਹਰ ਆ ਕੇ ਦੱਸ।

ਜੇਠੂ : ਮੈਂ ਤੁਹਾਨੂੰ ਇੱਕ ਦੋ ਦਿਨ ਠਹਿਰ ਕੇ, ਮੇਰਾ ਮਤਲਬ ਏ ਜੀ ਘਰ ਵਾਲੀ ਤੋਂ ਪੁੱਛ ਕੇ ਦੱਸਾਂਗਾ। ਤੁਹਾਨੂੰ ਤਾਂ ਚੰਗਾ ਭਲਾ ਪਤਾ ਏ.....

ਕੁੜਿੱਕੀ : (ਕੜਕਦੀ ਆਵਾਜ਼ ਵਿੱਚ) ਕੀ ਪਤੈ? ਜਿਹੜੀ ਵੀ ਸਲਾਹ ਏ, ਹੁਣੇ ਦੱਸ ਦੇ। ਕੁੜਿੱਕੀ ਸ਼ਾਹ ਦਾ ਕੰਮ ਝੱਟ ਮੰਗਣੀ ਪੱਟ ਵਿਆਹ ਵਾਲਾ ਹੁੰਦੈ। ਹੋਰ ਸੁਣ ਐਸ ਮਕਾਨ ਦਾ ਕਿਰਾਇਆ ਹੋਰ ਸੌ ਘਟਾ ਦਿਆਂਗਾ। ਹੁਣ ਤਾਂ ਠੀਕ ਏ ਨਾ?

ਜੇਠੂ : (ਡਰੀ ਹੋਈ ਆਵਾਜ਼ ਵਿੱਚ) ਮੈਂ ਅੰਦਰ ਤਾਰੋ ਨਾਲ ਗੱਲ ਕਰ ਕੇ ਆਇਆ ਜੀ।

(ਜੇਠੂ ਅੰਦਰ ਜਾਂਦਾ ਹੈ, ਜਿਸ ਨੂੰ ਅੰਦਰ ਜਾਂਦੇ ਨੂੰ ਵੇਖ ਕੁੜਿੱਕੀ ਸ਼ਾਹ ਮੁੱਛ ਨੂੰ ਤਾਅ ਦਿੰਦਾ ਹੈ)

ਕੁੜਿੱਕੀ : ਕੁੜਿੱਕੀ ਸ਼ਾਹ ਦੀ ਸਮਝੋ ਕੁੜਿੱਕੀ ਅੜ ਗਈ ਏ। ਮਸਾਂ ਈ ਗਿਐ ਅੰਦਰ ਪੁੱਛਣ, ਮੈਂ ਸੁਣਿਐ ਇਹਦੀ ਜ਼ਨਾਨੀ ਨਿਰੀ ਪਰੀ ਏ ਪਰੀ, ਤਾਹਿਓਂ ਤਾਂ ਸਾਲਾ ਬਾਹਰ ਨਹੀਂ ਨਿਕਲਣ ਦਿੰਦਾ। ਸਾਲੇ ਯੱਬਲ ਜਿਹੇ ਨੂੰ ਪਤਾ ਨਹੀਂ ਕਿਵੇਂ ਮਿਲ ਗਈ ਇੰਨੀ ਸੋਹਣੀ ਔਰਤ। ਇਹਦੀ ਜ਼ਨਾਨੀ ਬਾਰੇ ਤਾਰੂ ਬੋਲਦਾ

ਪਿਆ ਸੀ—ਜੇਠੂ ਦੀ ਜ਼ਨਾਨੀ ਨਿਰਾ ਈ ਬੁਲਬੁਲ ਦਾ ਬੱਚਾ ਏ। ਇਵੇਂ ਦੀ ਜ਼ਨਾਨੀ ਤੋਂ ਤਾਂ ਆਹ ਮਕਾਨ ਵੀ ਕੁਰਬਾਨ ਕਰ ਦਿਆਂਗੇ, ਆਹ ਮਕਾਨ ਕਿਹੜਾ ਧਾਰਾਂ ਦਿੰਦਾ ਪਿਐ।

(ਜੇਠੂ ਬਾਹਰ ਆਉਂਦਾ ਹੈ)

ਕਿਉਂ ਜੇਠੂ, ਹੋਈ ਹਾਂ?

ਜੇਠੂ : ਜੀ ਉਹ ਕਹਿੰਦੀ ਏ ਪਹਿਲਾਂ ਮਾਸਟਰ ਹਰਬੰਸ ਸਿੰਘ ਦਾ ਮਹੀਨਾ ਪੂਰਾ ਕਰ ਲਵਾਂ ਤੇ ਫੇਰ........

ਕੁੜਿੱਕੀ : ਮਹੀਨਾ? ਮਹੀਨਾ ਮੁੱਕਣ ਵਿੱਚ ਹਾਲੇ ਅਠਾਈ ਦਿਨ ਪਏ ਨੇ। (ਜੇਠੂ ਵੱਲ ਕੁੱਝ ਨੋਟ ਅੱਗੇ ਕਰਦਾ ਹੋਇਆ)

ਆਹ ਫੜ ਤੇ ਮਾਰ ਮਾਸਟਰ ਹਰਬੰਸ ਸਿੰਘ ਦੇ ਮੂੰਹ 'ਤੇ। ਕੀ ਕਹਿੰਦੈ?

ਜੇਠੂ : ਜੀ ਜ਼ਬਾਨ ਵੀ ਕੋਈ ਚੀਜ਼ ਹੁੰਦੀ ਏ, ਅਸੀਂ ਮਾਸਟਰ ਜੀ ਨਾਲ ਜ਼ੁਬਾਨ ਕਰ ਬੈਠੇ ਆਂ।

ਕੁੜਿੱਕੀ : ਤੇਰੀ ਕਾਹਦੀ ਜ਼ਬਾਨ ਹੋਈ? ਤੂੰ ਹੈਂ ਕੀ ਏਂ?

ਜੇਠੂ : ਜੇਠੂ।

ਕੁੜਿੱਕੀ : (ਸਾਂਗ ਲਾ ਕੇ) ਜੇਠੂ? ਕੌਣ ਜਾਣਦੈ ਤੈਨੂੰ?

ਜੇਠੂ : ਜੀ ਆਹ ਮੈਨੂੰ ਕੀ ਪਤੈ ਕੌਣ ਕੌਣ ਮੈਨੂੰ ਜਾਣਦੈ ਤੇ ਕੌਣ ਕੌਣ ਨਹੀਂ ਜਾਣਦਾ।

ਕੁੜਿੱਕੀ : ਤੈਨੂੰ ਕੁੱਤੀਆਂ ਨਹੀਂ ਜਾਣਦੀਆਂ।

ਜੇਠੂ : ਮੈਨੂੰ ਤਾਂ ਨਹੀਂ ਜਾਣਦੀਆਂ ਕੁੱਤੀਆਂ, ਉਹ ਤੁਹਾਨੂੰ ਜ਼ਰੂਰ ਜਾਣਦੀਆਂ ਹੋਣਗੀਆਂ।

ਕੁੜਿੱਕੀ : ਓਏ ਬਾਹਲੀ ਬਕ ਬਕ ਨਾ ਕਰ। ਤੈਨੂੰ ਪਤਾ ਨਹੀਂ ਜੇ ਮੇਰਾ ਪਾਰਾ ਇੱਕ ਵਾਰ ਚੜ੍ਹ ਗਿਆ ਤਾਂ ਧਰਤੀ ਥਰ ਥਰ ਕੰਬਣ ਲੱਗ ਪਵੇਗੀ।

(ਜੇਠੂ ਡਰ ਨਾਲ ਕੰਬਣ ਲੱਗ ਜਾਂਦਾ ਹੈ)

ਜੇਠੂ : (ਹੱਥ ਜੋੜਦਾ ਹੋਇਆ) ਜੀ ਸਾਨੂੰ ਦੋ ਚਾਰ ਦਿਨ ਤਾਂ ਦਿਓ।

ਕੁੜਿੱਕੀ : ਸੋਚ ਲੈ ਵਿਚਾਰ ਲੈ ਠੰਡੇ ਪਾਣੀ ਦਾ ਗਿਲਾਸ ਪੀ ਕੇ। ਮੈਂ ਪਰਸੋਂ ਫਿਰ ਆਵਾਂਗਾ।

(ਕੁੜਿੱਕੀ ਸ਼ਾਹ ਗੁੱਸੇ ਵਿੱਚ ਲਾਲ ਪੀਲਾ ਹੋਇਆ ਤੇਜ਼ ਤੇਜ਼ ਕਦਮੀਂ ਚਲੇ ਜਾਂਦਾ ਹੈ)



ਜੇਠੂ : ਕੁੱਤਾ, ਕੁੱਤਾ, ਕੁੱਤਾ ਗੰਦੀ ਨਸਲ ਦਾ। ਮੈਂ ਕਿਉਂ ਆਖਾਂ ਤਾਰੋ ਨੂੰ ਇਹਦੇ ਘਰ ਜਾਵੇ ਮਾਲਸ਼ ਕਰਨ। ਓ ਕੁੜਿੱਕੀ ਸ਼ਾਹ, ਤੇਰੀ ਆਹ ਗੱਲ ਕਦੇ ਪੂਰੀ ਨਹੀਂ ਹੋਵੇਗੀ, ਦੁਨੀਆਂ ਭਾਵੇਂ ਇਧਰ ਦੀ ਉਧਰ ਹੋ ਜਾਏ। ਭਾਵੇਂ ਅਸਮਾਨ ਡਿੱਗ ਪਵੇ। ਹੁਣ ਆ ਕੇ ਬੋਲੇ ਖਾਂ, ਮੈਂ ਤੂਫ਼ਾਨ ਲਿਆ ਦਿਆਂਗਾ।

(ਜੇਠੂ ਠੰਡਾ ਪਾਣੀ ਪੀਂਦਾ ਹੈ)

ਆਹ.....ਆਹ, ਉਹ ਵੀ ਸਮਾਂ ਆਏਗਾ, ਜਦ ਮੇਰੀ ਦਸਾਂ ਨਹੁੰਆਂ ਦੀ ਕਮਾਈ ਰੰਗ ਲਿਆਏਗੀ। ਪਰਸੋਂ ਕਿੰਨਾ ਵਧੀਆ ਸੁਫ਼ਨਾ ਆਇਆ ਸੀ। ਸੁਫ਼ਨੇ ਵਿੱਚ ਮੇਰਾ ਆਪਣਾ ਘਰ ਸੀ, ਮੈਂ ਟੌਹਰ ਨਾਲ ਮੰਜੇ 'ਤੇ ਬੈਠਾ ਸੀ। ਮੇਰੀ ਤਾਰੋ ਮੱਕੀ ਦੀਆਂ ਰੋਟੀਆਂ ਲਾਹ ਰਹੀ ਸੀ ਲੋਹ 'ਤੇ, ਨਾਲ ਸੀ ਸਰ੍ਹੋਂ ਦਾ ਸਾਗ। ਐਨਾ ਸਵਾਦ ਸੀ ਸਾਗ, ਮੈਂ ਸਵਾਦ-ਸਵਾਦ ਵਿੱਚ ਅੱਠ ਰੋਟੀਆਂ ਖਾ ਗਿਆ। ਮੇਰੀ ਤਾਰੋ ਕਹਿੰਦੀ—ਹੋਰ ਖਾਓ। ਉਹ ਕਿੰਨੀ ਖ਼ੁਸ਼ ਸੀ, ਮੈਂ ਕਿੰਨਾ ਖ਼ੁਸ਼ ਸਾਂ।

(ਸ਼ਾਮਾਂ ਆਉਂਦਾ ਹੈ, ਉਸ ਨੇ ਜੇਠੂ ਦੇ ਕੁੱਝ ਬੋਲ ਸੁਣ ਲਏ ਹਨ)

ਸ਼ਾਮਾਂ : ਜੇ ਸਾਗ ਐਨਾ ਹੀ ਸਵਾਦ ਸੀ ਤਾਂ ਇੱਕ ਦੋ ਕੌਲੀਆਂ ਸਾਗ ਦੀਆਂ ਹੋਰ ਡੱਫਣੀਆਂ ਸੀ, ਅੱਠ ਰੋਟੀਆਂ ਨਾਲ ਦੁਸ਼ਮਣੀ ਜ਼ਰੂਰ ਕੱਢਣੀ ਸੀ।

ਜੇਠੂ : ਘਰ ਆਪਣਾ ਸੀ, ਮੈਂ ਅੱਠ ਖਾਂਦਾ ਭਾਵੇਂ ਦਸ, ਤੇਰਾ ਢਿੱਡ ਕਿਉਂ ਦੁਖਣ ਲੱਗ ਪਿਐ?

ਸ਼ਾਮਾਂ : ਢਿੱਡ ਦੁਖੇਗਾ ਵੱਧ ਰੋਟੀਆਂ ਪਾੜਣ ਵਾਲੇ ਦਾ, ਕਿਹੜੇ ਘਰ ਬੈਠਾ ਸੀ ਮੰਜੇ 'ਤੇ?

ਜੇਠੂ : ਸੁਫ਼ਨੇ ਵਾਲੇ ਆਪਣੇ ਘਰ।

ਸ਼ਾਮਾਂ : ਸੌਣਾ ਰੂੜੀਆਂ ਤੇ ਸੁਫ਼ਨੇ ਲੈਣੇ ਸ਼ੀਸ਼ ਮਹਿਲਾਂ ਦੇ। ਤੂੰ ਸੁਫ਼ਨੇ ਲੈਣੇ ਛੱਡ ਦੇ, ਨਹੀਂ ਤਾਂ ਸੁਫ਼ਨੇ ਲੈਂਦਾ-ਲੈਂਦਾ ਖ਼ੁਦ ਇਕ ਸੁਫ਼ਨਾ ਹੋ ਜਾਵੇਂਗਾ।

ਜੇਠੂ : ਤੈਨੂੰ ਕੀ? ਮੈਂ ਲਵਾਂਗਾ ਸੁਫ਼ਨੇ ਤੇ ਉਹਨਾਂ ਨੂੰ ਪੂਰੇ ਵੀ ਕਰ ਕੇ ਵਿਖਾਵਾਂਗਾ। ਮੈਂ ਦਿਨ ਰਾਤ ਮਿਹਨਤ ਕਰਾਂਗਾ। ਤੈਨੂੰ ਪਤੈ ਮੈਂ ਮਿੱਟੀ ਵਾਲੀ ਟਰਾਲੀ 'ਤੇ ਲਗਾ ਵਾਂ, ਮੈਨੂੰ ਇਹਨਾਂ ਹੱਥਾਂ ਤੇ ਮਾਣ ਏ। ਇਹ ਹੱਥ ਬਹੁਤ ਕੁੱਝ ਕਰ ਸਕਦੇ ਨੇ। ਮੈਂ ਹਨੇਰੀ ਲਿਆ ਦਿਆਂਗਾ ਕੰਮ ਵਾਲੀ।

ਸ਼ਾਮਾਂ : (ਮਖ਼ੌਲ ਕਰਦਾ ਹੋਇਆ) ਤਾਂ ਫਿਰ ਤੇਰੇ ਹੱਥ ਦਿਨ ਰਾਤ ਹੋਰ ਮਿੱਟੀ ਘੱਟਾ ਛਾਨਣਗੇ!

ਜੇਠੂ : ਮਿੱਟੀ ਵਿੱਚੋਂ ਸੋਨਾ ਪੈਦਾ ਹੋਵੇਗਾ। ਬੰਦੇ ਪਾਸ ਹਿੰਮਤ ਹੋਵੇ ਸਹੀ, ਕਿਹੜਾ ਕ੍ਰਿਸ਼ਮਾ ਨਹੀਂ ਕਰ ਸਕਦਾ? ਹਿੰਮਤ ਅੱਗੇ ਲੱਛਮੀ ਪੱਖੇ ਅੱਗੇ ਪੌਣ, ਜਿਥੇ ਤੇਰੇ ਵਰਗੇ ਦਲਿੱਦਰ ਆ ਜਾਣ, ਉਥੇ ਸੁਖੀਆ ਕੌਣ।

ਸ਼ਾਮਾਂ : ਅੱਜ ਤੇਰਾ ਦਿਮਾਗ਼ ਕੁੱਝ ਜ਼ਿਆਦਾ ਈ ਗਰਮ ਏ, ਕੱਲ੍ਹ ਤੱਕ ਹੋ ਜਾਏਗਾ ਠੰਡਾ।

ਜੇਠੂ : (ਸੁਣੀ ਨੂੰ ਅਣਸੁਣੀ ਕਰਦਾ ਹੋਇਆ) ਤੇਰੇ ਜਿਹੇ ਸੁਸਤੀ ਦੇ ਮਾਰੇ ਬੰਦੇ ਧਰਤੀ 'ਤੇ ਚੱਲਣ ਵਾਲੇ ਕੀੜਿਆਂ ਤੋਂ ਵੀ ਗਏ ਗੁਜ਼ਰੇ ਨੇ। ਮੂੰਹ ਕਦੇ ਵੇਖਿਆ ਸ਼ੀਸ਼ੇ ਵਿੱਚ? ਤੇਰੇ ਬੁਲਾਂ 'ਤੇ ਸਿਕਰੀ ਜੰਮੀ ਪਈ ਏ, ਮੂੰਹ ਖੁਸ਼ਕੀ ਹੋਇਆ ਪਿਐ ਤੇ ਤੇਰੇ ਸਿਰ ਵਿੱਚ ਜੂੰਆਂ ਕਬੱਡੀ ਖੇਡਦੀਆਂ ਨੇ। ਤੇਰੇ ਚਿਹਰੇ 'ਤੇ ਖੇੜਾ ਨਹੀਂ ਆਇਆ। ਤੈਨੂੰ ਕੀ ਪਤੈ ਸੱਜਰੀ ਸਵੇਰ ਕੀ ਹੁੰਦੀ ਏ।

ਸ਼ਾਮਾਂ : ਸੱਜਰੀ ਸਵੇਰ?

ਜੇਠੂ : ਆਹੋ, ਸੱਜਰੀ ਸਵੇਰ ਉਹਨਾਂ ਖ਼ਾਸ ਬੰਦਿਆਂ ਦੀ ਹੁੰਦੀ ਏ ਜਿਹੜੇ ਰਾਤ ਨੂੰ ਅਰਸ਼ਾਂ ਤੋਂ ਤਾਰੇ ਤੋੜਦੇ ਨੇ ਤੇ ਤੇਰੇ ਵਰਗੇ ਬੰਦੇ ਰਜਾਈਆਂ ਵਿੱਚ ਹੀ ਪਾਸੇ ਮਾਰਦੇ ਮਾਰਦੇ ਰਾਤ ਨੂੰ ਈ ਪਾਸੇ ਲਾ ਦਿੰਦੇ ਨੇ।

ਸ਼ਾਮਾਂ : ਸੁਫ਼ਨਾ ਵਧੀਆ ਜਾਪਦੈ, ਵਧਾਈ ਹੋਵੇ ਬਈ ਤੈਨੂੰ ਹੱਸਣ ਦਾ ਮੌਕਾ ਮਿਲ ਗਿਐ। ਪਰ ਤੇਰਾ ਆਹ ਸੁਫ਼ਨਾ ਬਾਹਲਾ ਚਿਰ ਨਹੀਂ ਚੱਲਣ ਵਾਲਾ। ਹੁਣ ਤੂੰ ਏਂ ਅਰਸ਼ ਤੇ, ਘੜੀ ਠਹਿਰ ਕੇ ਹੋਵੇਂਗਾ ਫਰਸ਼ ਤੇ। ਫਿਰ ਤੇਰੀਆਂ ਪਸਲੀਆਂ ਕਰੈਕ ਹੋ ਜਾਣਗੀਆਂ।

ਜੇਠੂ : (ਆਤਮ ਵਿਸ਼ਵਾਸ ਭਰੀ ਆਵਾਜ਼ ਵਿੱਚ) ਮੇਰਾ ਨਾਂ ਜੇਠੂ ਏ ਜੇਠੂ। ਮਾਂ ਨੇ ਸੋਚ ਵਿਚਾਰ ਕੇ ਰੱਖਿਆ ਸੀ ਨਾਂ ਜੇਠੂ, ਜਿਹੜਾ ਜੇਠ ਦੇ ਮਹੀਨੇ ਦੀ ਗਰਮੀ ਨੂੰ ਟਿੱਚ ਸਮਝਦੈ। ਟਰਾਲੀ 'ਤੇ ਕੰਮ ਕਰਨ ਦੀ ਦਿਹਾੜੀ ਦੋ ਢਾਈ ਸੌ ਤਾਂ ਪਵੇਗੀ ਤੇ ਰੋਜ਼ ਦਾ ਡੇਢ ਸੌ ਬਚਾਵਾਂਗਾ ਨਾ? ਇਹਦੇ ਤੋਂ ਵੱਧ ਈ ਬਚਾ ਕੇ ਦੱਸਾਂਗਾ।

ਸ਼ਾਮਾਂ : ਫੇਰ ਤਾਂ ਜੇਠੂ ਨੂੰ ਲੋਕ ਜੇਠਾ ਸ਼ਾਹ ਕਹਿਣਗੇ!



ਜੇਠੂ : ਇਹ ਤਾਂ ਪਤਾ ਨਹੀਂ ਮੈਨੂੰ ਕੀ ਕਹਿਣਗੇ। ਹੋਰ ਸੁਣ, ਤਾਰੋ ਵੀ ਕੰਮ ਕਰਦੀ ਏ ਪਰ ਉਹਦੀ ਕਮਾਈ ਨੂੰ ਹੱਥ ਨਹੀਂ ਲਾਉਣਾ। ਮਹੀਨੇ ਵਿੱਚ ਪਤੈ ਕਿੰਨੀ ਬੱਚਤ ਹੋਵੇਗੀ। ਅਸੀਂ ਦੋਵੇਂ ਜੀਅ ਬੈਂਕ ਵਿੱਚ ਜਾਵਾਂਗੇ, ਤਾਰੋ ਤੋਤੇ ਰੰਗਾ ਸੂਟ ਪਾ ਕੇ ਜਾਵੇਗੀ, ਉਹਨੂੰ ਉਹ ਸੂਟ ਕਿੰਨਾ ਫਬਦਾਂ ਏ। ਮੈਂ ਪਾ ਕੇ ਚਿੱਟਾ ਕੁੜਤਾ ਤੇ ਅਸਮਾਨੀ ਰੰਗ ਦੀ ਧੋਤੀ ਬੰਨ੍ਹ ਕੇ ਮੁੱਛ ਨੂੰ ਤਾਅ ਦਿਆਂਗਾ ਤੇ ਬੈਂਕ ਦੇ ਬਊ ਨੂੰ ਕਹਾਂਗਾ—ਓ ਬਊ, ਖੋਹਲ ਖਾਤਾ ਜੇਠੂ ਦਾ ਤੇ ਤਾਰੂ ਦਾ ਸਾਂਝਾ। ਕਿੰਨਾ ਟੌਹਰ ਹੋਵੇਗਾ ਸਾਡਾ। ਹੌਲੀ-ਹੌਲੀ ਖਾਤੇ ਵਿੱਚ ਰਕਮ ਵਧਦੀ-ਵਧਦੀ ਪਤਾ ਨਹੀਂ ਕਿੰਨੀ ਹੋ ਜਾਵੇਗੀ, ਮੈਂ ਕਢਵਾ ਕੇ ਸੌਦਾ ਮਾਰਾਂਗਾ। ਚਾਰ ਮਰਲੇ ਦਾ ਪਲਾਟ ਖ਼ਰੀਦਾਂਗਾ ਤੇ ਲੋਕ ਕਹਿਣਗੇ—ਇਹ ਜੇਠੂ ਦਾ ਪਲਾਟ ਏ।

ਸ਼ਾਮਾਂ : (ਮਖ਼ੌਲ ਜਾਰੀ ਰੱਖਦਾ ਹੋਇਆ) ਜੇਠੂ ਦਾ ਪਲਾਟ ਏ! ਪਲਾਟ ਵਿੱਚ ਬਣੇਗਾ ਵੱਡਾ ਸਾਰਾ ਹੋਟਲ!

ਜੇਠੂ : ਪਲਾਟ ਵਿੱਚ ਤਾਰੋ ਦੇ ਪਸੰਦ ਦਾ ਘਰ ਬਣਾਵਾਂਗਾ ਤੇ ਐਸ ਕੰਜਰ ਕੁੜਿੱਕੀ ਸ਼ਾਹ ਦੇ ਘਰ ਨੂੰ ਮਾਰ ਕੇ ਲੱਤ ਸਮਾਨ ਚੁੱਕ ਕੇ ਨੱਚਦਾ ਟੱਪਦਾ ਆਪਣੇ ਘਰ ਜਾਵਾਂਗਾ।

(ਜੇਠੂ ਗਾਉਣਾ ਸ਼ੁਰੂ ਕਰ ਦਿੰਦਾ ਹੈ)

ਸਾਡੇ ਘਰ ਹੋਏ ਬਹਾਰ
ਖ਼ੁਸ਼ੀਆਂ ਦੀ ਹੋਏ ਛਣਕਾਰ
ਅਸੀਂ ਹੱਸ ਹੱਸ ਗੀਤ ਗਾਵਾਂਗੇ
ਗਿੱਧਾ ਤੇ ਭੰਗੜਾ ਪਾਵਾਂਗੇ।

ਸ਼ਾਮਾਂ : ਤੇਰਾ ਭੰਗੜਾ ਉਸ ਦਿਨ ਆਪੇ ਪੈ ਜਾਊ ਜਿਸ ਦਿਨ ਕੁੜਿੱਕੀ ਸ਼ਾਹ ਨੇ ਤੈਨੂੰ ਬਾਹਰ ਕੱਢਤਾ। ਉਹਨੇ ਕਹਿਣਾ ਏ—ਤੁਰ ਜਾ ਇਥੋਂ।

ਜੇਠੂ : (ਸ਼ਾਮੇ ਨੂੰ ਕਾਲਰ ਤੋਂ ਫੜ੍ਹ ਕੇ) ਤੂੰ ਨਿਕਲ ਜਾ ਕੁੜਿੱਕੀ ਕੁੱਤਿਆ ਜੇ ਭਲੀ ਚਾਹੁੰਨੈਂ।

ਸ਼ਾਮਾਂ : ਮੈਨੂੰ ਛੱਡ ਤੇ ਜਾ ਕੁੜਿੱਕੀ ਵੱਲ।

(ਦੋਵੇਂ ਅਨਾਊਂਸਮੈਂਟ ਦੀ ਆਵਾਜ਼ ਸੁਣ ਕੇ ਇੱਕ ਦੂਜੇ ਨੂੰ ਛੱਡ ਦਿੰਦੇ ਹਨ)

ਅਨਾਊਂਸਮੈਂਟ : ਇਲਾਕਾ ਨਿਵਾਸੀਉ, ਤੁਹਾਨੂੰ ਇਹ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਤੁਹਾਡੇ ਆਪਣੇ ਕਸਬੇ ਦੇ ਬਾਹਰਵਾਰ ਪਾਰਕ ਵਿੱਚ

ਇੱਕ ਮਹਾਂ ਰੈਲੀ ਹੋ ਰਹੀ ਹੈ, ਜਿਸ ਵਿੱਚ ਲੋਕਾਂ ਦੇ ਦਿਲਾਂ ਦੀ ਧੜਕਣ ਤੁਹਾਡੇ ਆਪਣੇ ਮਹਿਬੂਬ ਨੇਤਾ ਜੰਗ ਬਹਾਦਰ ਰੈਲੀ ਦੀ ਪ੍ਰਧਾਨਗੀ ਕਰਨਗੇ। ਆਪ ਕੀ ਸਰਕਾਰ, ਆਪ ਕੇ ਦਵਾਰ। ਆਪਣੇ ਕੰਮ ਧੰਦੇ ਛੱਡ ਕੇ ਇਸ ਇਤਿਹਾਸਕ ਮਹਾਂ ਰੈਲੀ ਵਿੱਚ ਪਹੁੰਚਣ ਦੀ ਖੇਚਲ ਕਰੋ ਤੇ ਨੇਤਾ ਜੀ ਦੇ ਕੀਮਤੀ ਵਿਚਾਰ ਸੁਣੋ। ਨੇਤਾ ਜੀ ਤੁਹਾਡੇ ਵਾਸਤੇ ਕਈ ਨਵੀਆਂ ਯੋਜਨਾਵਾਂ ਲੈ ਕੇ ਆ ਰਹੇ ਨੇ ਤੇ ਨਾਲ ਦੀ ਨਾਲ ਤੁਹਾਡੀਆਂ ਮੁਸ਼ਕਲਾਂ ਨੂੰ ਮੌਕੇ 'ਤੇ ਸੁਣ ਕੇ ਉਹਨਾਂ ਦਾ ਹੱਲ ਕੱਢਿਆ ਜਾਵੇਗਾ।

ਜੇਠੂ : ਮੈਂ ਜ਼ਰੂਰ ਜਾਵਾਂਗਾ ਰੈਲੀ ਵਿੱਚ। ਸਰਕਾਰ ਆਪ ਚੱਲ ਕੇ ਸਾਡੇ ਪਾਸ ਆਈ ਏ। ਕਿੰਨਾ ਫ਼ਿਕਰ ਕਰਦੀ ਏ ਸਾਡਾ ਸਾਰਿਆਂ ਦਾ ਆਪਣੀ ਸਰਕਾਰ!

ਸ਼ਾਮਾਂ : ਸਰਕਾਰ ਦੇ ਪੰਜ ਸਾਲ ਪੂਰੇ ਹੋ ਚੱਲੇ ਨੇ, ਪੌਣੇ ਪੰਜ ਸਾਲ ਲੋਕਾਂ ਨੂੰ ਖ਼ੂਬ ਜੁੱਤੀ ਨਾਲ ਕੁੱਟ, ਪਿਛਲੇ ਤਿੰਨ ਮਹੀਨੇ ਲੋਕਾਂ ਅੱਗੇ ਤੋਹਫ਼ੇ ਸੁੱਟੋ ਅਤੇ ਵੋਟਾਂ ਲੁੱਟੋ।

ਜੇਠੂ : ਪਰ ਰੈਲੀ ਵਿੱਚ ਜਾਣ ਦਾ ਕਿਹੜਾ ਬਿੱਲ ਆਉਣੈ? ਆਹ ਸਾਹਮਣੇ ਤਾਂ ਪਾਰਕ ਏ। (ਗੱਲ ਬਦਲਦਾ ਹੋਇਆ) ਮੈਂ ਸੁਣਿਐ ਸਰਕਾਰ ਸਾਡੇ ਜਿਹੇ ਗ਼ਰੀਬਾਂ ਨੂੰ ਪੰਜ-ਪੰਜ ਮਰਲੇ ਦੇ ਪਲਾਟ ਦੇਵੇਗੀ।

ਸ਼ਾਮਾਂ : ਅੱਛਾ ਪਲਾਟਾਂ ਦੇ ਸੁਫ਼ਨੇ ਲੈ ਰਿਹੈਂ, ਤੂੰ ਨਕਸ਼ਾ ਬਣਾਉਣ ਵਾਲੇ ਕੋਲ ਜਾ।

ਜੇਠੂ : ਜਾਵਾਂਗਾ, ਜ਼ਰੂਰ ਜਾਵਾਂਗਾ। ਪਤਾ ਨਹੀਂ ਸਰਕਾਰ ਕਦੋਂ ਦਿਆਲ ਹੋ ਜਾਏ। ਜਦੋਂ ਸਰਕਾਰ ਦੀਆਂ ਰਹਿਮਤਾਂ ਹੋ ਜਾਣ ਤੰ ਬੰਦਾ ਮਾਲੋਮਾਲ ਹੋ ਜਾਂਦੈ।

ਸ਼ਾਮਾਂ : (ਸਟੇਜ ਨੰ: 2 ਵੱਲ ਇਸ਼ਾਰਾ ਕਰਦਾ ਹੋਇਆ) ਉਧਰ ਵੇਖ ਪਾਰਕ ਵੱਲ।

(ਰੋਸ਼ਨੀ ਸਟੇਜ ਨੰ: 2 'ਤੇ ਪੈਂਦੀ ਹੈ)

ਸਟੇਜ ਸਕੱਤਰ : ਇਮਾਨਦਾਰੀ ਦਾ ਮੁਜੱਸਮਾ, ਗ਼ਰੀਬਾਂ ਦੇ ਮਸੀਹੇ, ਦੀਨ ਦੁਨੀਆਂ ਦੇ ਹਮਦਰਦ, ਸਹਿਣਸ਼ੀਲਤਾ ਦੇ ਧਾਰਣੀ, ਇਨਸਾਨੀਅਤ ਦੇ ਕਦਰਦਾਨ, ਅੱਜ ਦੇ ਮੁੱਖ ਮਹਿਮਾਨ ਸਤਿਕਾਰ ਯੋਗ ਤੁਹਾਡੇ ਆਪਣੇ ਨੇਤਾ ਜੀ ਖ਼ਾਸ ਤੌਰ 'ਤੇ ਤੁਹਾਡੇ ਆਪਣੇ ਦਰਬਾਰ ਵਿੱਚ ਪਧਾਰੇ ਹਨ। ਇਸ ਤੋਂ ਪਹਿਲਾਂ



ਕਿ ਉਹ ਆਪ ਜੀ ਦੇ ਰੂਬਰੂ ਹੋਣ, ਮੈਂ ਉਹਨਾਂ ਦੀ ਸ਼ਖ਼ਸੀਅਤ ਬਾਰੇ ਇੱਕ ਦੋ ਮਿੰਟ ਚਾਨਣਾ ਪਾਉਣਾ ਚਾਹੁੰਦਾ ਹਾਂ। ਸਾਡੇ ਨੇਤਾ ਜੀ ਦਿਨ-ਰਾਤ ਲੋਕਾਂ ਦੀ ਭਲਾਈ ਵਾਸਤੇ ਹੀ ਸਕੀਮਾਂ ਘੜਦੇ ਰਹਿੰਦੇ ਹਨ। ਗ਼ਰੀਬਾਂ ਦਾ ਦੁੱਖ ਦੇਖ ਨਹੀਂ ਸਕਦੇ। ਇਹਨਾਂ ਵਾਸਤੇ ਸਿਰਫ਼ ਇਹਨਾਂ ਉੱਪਰ ਹੀ ਮੈਂ ਇਕ ਸ਼ੇਅਰ ਅਰਜ਼ ਕਰਨ ਜਾ ਰਿਹਾ ਹਾਂ :—

ਦਿਨ ਦਾ ਚੈਨ ਗਿਆ, ਰਾਤ ਦੀ ਨੀਂਦ ਉੱਡੀ<br>
ਦਰਦ ਲੋਕਾਂ ਦਾ ਚੁੱਕੀ ਫਿਰਦੇ ਨੇ।<br>
ਕਿਸੇ ਦੁਖੀਏ ਦੀ ਵਿਥਿਆ ਸੁਣ ਸੁਣ ਕੇ<br>
ਇਹਨਾਂ ਦੇ ਨੈਣਾਂ 'ਚੋਂ ਅੱਥਰੂ ਕਿਰਦੇ ਨੇ।

(ਤਾੜੀਆਂ ਦੀ ਜ਼ੋਰਦਾਰ ਆਵਾਜ਼ ਗੂੰਜਦੀ ਹੈ, ਜੇਠੂ ਵੀ ਬੜੇ ਉਤਸ਼ਾਹ ਨਾਲ ਤਾੜੀ ਮਾਰਦਾ ਹੈ)

**ਸਟੇਜ ਨੰ: 1**

ਜੇਠੂ : ਯਾਰ ਹੁਣ ਤਾਂ ਮਾਰ ਦੇ ਤਾੜੀ।

ਸ਼ਾਮਾਂ : ਸੋਹਣਾ ਲੱਗਦਾ ਏ ਤਾੜੀ ਮਾਰਦਾ। ਔਹ ਮੂਵੀ ਵਾਲਾ ਕੈਮਰਾ ਤੇਰੇ ਵੱਲ ਕਰੀ ਬੈਠੈ। ਗੌਰ ਨਾਲ ਸੁਣ, ਨੇਤਾ ਜੀ ਮੈਕ 'ਤੇ ਆ ਰਹੇ ਨੇ।

(ਸਟੇਜ ਨੰ: 2 'ਤੇ ਰੋਸ਼ਨੀ ਪੈਂਦੀ ਹੈ)

ਨੇਤਾ : ਭਰਾਵੋ, ਭੈਣੋ, ਬਜ਼ੁਰਗੋ ਤੇ ਬੱਚਿਓ, ਤੁਹਾਡੇ ਦਰਸ਼ਨਾਂ ਨੂੰ ਤਰਸਦੇ-ਤਰਸਦੇ ਪੰਜ ਸਾਲ ਲੰਘ ਗਏ। ਤੁਹਾਡੇ ਪਿਆਰ ਨੂੰ ਅਸੀਂ ਮਨ ਵਿੱਚ ਵਸਾਈ ਰੱਖਿਆ। ਪਹਿਲੀ ਸਰਕਾਰ ਖ਼ਜ਼ਾਨਾ ਖਾਲੀ ਕਰ ਗਈ, ਨਾਲ ਦੀ ਨਾਲ ਕਰਜ਼ਾ ਸਾਡੀ ਝੋਲੀ ਵਿੱਚ ਪਾ ਗਈ। ਅਸੀਂ ਦਿਨ-ਰਾਤ ਵਿਚਾਰਾਂ ਕੀਤੀਆਂ, ਖ਼ੂਬ ਸਕੀਮਾਂ ਬਣਾਈਆਂ ਤੇ ਸਰਕਾਰ ਨੂੰ ਲੀਹ 'ਤੇ ਲਿਆਂਦਾ। ਵਰਲਡ ਬੈਂਕ ਕੋਲੋਂ ਕਰਜ਼ਾ ਲੈਣ ਵਾਸਤੇ ਭਾਰਾ ਕੇਸ ਬਣਾ ਕੇ ਭੇਜਿਆ ਤੇ ਮੋਟੀ ਰਕਮ ਪ੍ਰਾਪਤ ਕੀਤੀ। ਸਰਕਾਰੀ ਕਰਜ਼ੇ ਦੀਆਂ ਕਿਸ਼ਤਾਂ ਵੀ ਮੋੜੀਆਂ, ਪਰ ਲੋਕਾਂ ਨੂੰ ਜਰਾ ਵੀ ਫ਼ਿਕਰ ਵਿੱਚ ਨਹੀਂ ਪਾਇਆ। ਹੁਣ ਜਦ ਕਿ ਸਾਡੀਆਂ ਸਕੀਮਾਂ ਨੇ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ ਤਾਂ ਅਗਲੇ ਪੰਜ ਸਾਲ ਲਈ ਸਾਡਾ ਨਾਅਰਾ ਹੋਵੇਗਾ :

ਰੋਟੀ, ਕੱਪੜਾ ਤੇ ਮਕਾਨ<br>
ਸਹੂਲਤ ਪਾਵੇ ਹਰ ਇਨਸਾਨ।

**ਸਟੇਜ ਨੰ: 1 ਤੋਂ**

ਜੇਠੂ : ਮਕਾਨ? ਸਰਕਾਰ ਨੂੰ ਸਾਡਾ ਕਿੰਨਾ ਫ਼ਿਕਰ ਏ!

ਸ਼ਾਮਾਂ : ਆਹੋ ਸਰਕਾਰ ਨੂੰ ਤੇਰਾ ਫ਼ਿਕਰ ਈ ਵੱਢ-ਵੱਢ ਖਾਈ ਜਾ ਰਿਹੈ! ਰਾਂਝਾ ਜੁ ਹੋਇਆ ਤਖ਼ਤ ਹਜਾਰੇ ਦਾ! ਸੁਣੀ ਜਾ, ਠਹਿਰ ਕੇ ਵਿਚਾਰ ਵੀ ਕਰੀਂ ਕਿ ਤੇਰੇ ਪੱਲੇ ਕੀ ਪਿਆ। ਹੋਰ ਸੁਣ.......

**ਸਟੇਜ ਨੰ: 2 ਤੋਂ**

ਨੇਤਾ : ਸਾਰੇ ਗਰੀਬ ਭਾਵੇਂ ਕਿਸੇ ਵੀ ਧਰਮ ਦੇ ਹੋਣ, ਕਿਸੇ ਵੀ ਜਾਤ ਦੇ ਹੋਣ, ਕਿਸੇ ਵੀ ਕਬੀਲੇ ਦੇ ਹੋਣ, ਸਾਡੇ ਆਪਣੇ ਭਰਾ ਹਨ। ਸਾਡੇ ਸੈਕਟਰੀ ਸਾਹਿਬ ਫਾਈਲ ਤਿਆਰ ਕਰ ਰਹੇ ਨੇ, ਹਰ ਗ਼ਰੀਬ ਬੇਘਰੇ ਨੂੰ ਪੰਜ ਮਰਲੇ ਥਾਂ ਵੀ ਦਿਆਂਗੇ ਤੇ ਘਰ ਵੀ ਬਣਾ ਕੇ ਦਿਆਂਗੇ।

**ਸਟੇਜ ਨੰ: 1 ਤੋਂ**

ਜੇਠੂ : ਪੰਜ ਮਰਲੇ ਥਾਂ ਵੀ ਤੇ ਘਰ ਵੀ? ਸਰਕਾਰ ਜੀ, ਸਾਨੂੰ ਸਿਰਫ਼ ਥਾਂ ਹੀ ਦੇ ਦਿਓ, ਘਰ ਆਪੇ ਬਣਾ ਲਵਾਂਗੇ। (ਰੋਅਬ ਵਾਲੀ ਆਵਾਜ਼ ਵਿੱਚ) ਸੇਠ ਕੁੜਿੱਕੀ ਸ਼ਾਹ, ਹੁਣ ਵੇਖੀਂ ਮੈਂ ਪੂਛਾਂ ਚੁਕਾ ਦਿਆਂਗਾ। ਕੀ ਕਰ ਲਏਂਗਾ ਮੇਰਾ? ਤੈਨੂੰ ਦੁੱਕੀ ਤਿੱਕੀ ਨੂੰ ਮੈਂ ਕੀ ਸਮਝਦਾਂ। ਮੇਰਾ ਨਾਂ ਵੀ.......

ਸ਼ਾਮਾਂ : ਜੇਠੂ ਏ, ਸਿਆਣੇ ਲੋਕ ਵੱਡੇ ਬੰਦਿਆਂ ਨਾਲ ਪੰਗਾ ਲੈਣ ਤੋਂ ਪਹਿਲਾਂ ਸੌ ਵਾਰ ਸੋਚਦੇ ਨੇ।

ਜੇਠੂ : ਕੀ ਸੋਚਦੇ ਨੇ?

ਸ਼ਾਮਾਂ : ਸਰਕਾਰ ਨੇ ਮਾੜੀ ਜਿਹੀ ਅਨਾਊਂਸਮੈਂਟ ਕੀਤੀ ਏ ਤੇ ਤੂੰ ਸੇਠ ਕੁੜਿੱਕੀ ਸ਼ਾਹ ਦੇ ਉਲਟ ਬੜਕਾਂ ਮਾਰਨ ਲੱਗ ਪਿਐਂ।

ਜੇਠੂ : ਮੈਂ ਸਾਹਨ ਬੰਦਾ ਵਾਂ ਸਾਹਨ, ਪਰਵਾਹ ਨਹੀਂ ਟੁੰਡੇ ਲਾਟ ਦੀ।

ਸ਼ਾਮਾਂ : ਤੇ ਕੁੜਿੱਕੀ ਸ਼ਾਹ ਚੰਗੀ ਤਰ੍ਹਾਂ ਜਾਣਦੈ ਕਿ ਸਾਹਨ ਨੂੰ ਜ਼ਮੀਨ 'ਤੇ ਕਿਵੇਂ ਸੁੱਟਣਾ ਏ ਤੇ ਉਹਦੀ ਮਿੱਟੀ ਕਿਵੇਂ ਪਲੀਤ ਕਰਨੀ ਏ। ਕੁੜਿੱਕੀ ਸ਼ਾਹ ਦੇ ਹੱਥ ਬੜੇ ਲੰਮੇ ਨੇ।

ਜੇਠੂ : ਮੈਂ ਉਹਦੇ ਹੱਥ ਵੱਢ ਦਿਆਂਗਾ।

ਸ਼ਾਮਾਂ : ਉਹਦੇ ਹੱਥ ਵੱਢਣੇ ਖਾਲਾ ਜੀ ਦਾ ਵਾੜਾ ਨਹੀਂ। ਤੇਰਾ ਪਿਉ ਜਿਹੜਾ ਸਵਰਗਾਂ ਵਿੱਚ ਬੈਠੈ, ਉਹ ਜਾਣਦੈ ਕੁੜਿੱਕੀ ਸ਼ਾਹ ਦੀ ਤਾਕਤ, ਤੇਰੇ ਪਿਓ ਨੂੰ ਉਹਨੇ ਕਰਜ਼ੇ ਵਿੱਚ ਐਨਾ ਫਸਾਇਐ ਕਿ ਵਿਆਜ ਲਾ ਲਾ ਰਾਈ ਦਾ ਪਹਾੜ ਬਣਾ



ਤਾ.... ਫਿਰ ਤੁਹਾਡਾ ਇਹ ਘਰ ਕਬਜ਼ੇ 'ਚ ਕਰ ਲਿਆ ਜਿਥੇ ਤੂੰ ਰਹਿੰਦਾ ਏਂ।

ਜੇਠੂ : (ਗਰਜਵੀਂ ਆਵਾਜ਼ ਵਿੱਚ) ਕੁੜਿੱਕੀ ਸ਼ਾਹ! ਤੇਰੇ ਦਿਨ ਥੋੜ੍ਹੇ ਨੇ....... ਹਾਂ ਸੱਚ, ਸਰਕਾਰ ਨੇ ਜਿਹੜੇ ਮਕਾਨ ਤੇ ਪਲਾਟ ਸਾਡੇ ਨਾਂ ਕਰਨੇ ਨੇ, ਮੈਂ ਤਾਂ ਤਾੜੀ ਮਾਰਨੀ ਹੀ ਭੁੱਲ ਗਿਆ। ਤੂੰ ਵੀ ਮਾਰ ਤਾੜੀ।

ਸ਼ਾਮਾਂ : ਮੈਂ ਵੀ ਮਾਰ ਦੇਣਾਂ ਤਾੜੀ, ਤੂੰ ਘੜੀ ਖ਼ੁਸ਼ ਹੋ ਜਾਏਂ।

(ਦੋਵੇਂ ਤਾੜੀਆਂ ਮਾਰਦੇ ਹਨ)

ਜੇਠੂ : ਮੈਂ ਜਰਾ ਗੌਣ ਦਾ ਸ਼ੌਂਕ ਪੂਰਾ ਕਰ ਲਵਾਂ :

ਜੁਗਨੀ ਜਾ ਵੜੀ ਮੁਲਤਾਨ, ਉੱਥੇ ਵੱਡੇ ਵੱਡੇ ਭਲਵਾਨ।
ਖਾਂਦੇ ਗਿਰੀਆਂ ਤੇ ਬਦਾਮ, ਮਾਰਨ ਮੁੱਕੀ ਕੱਢਣ ਜਾਨ।
ਵੀਰ ਮੇਰਿਆ ਜੁਗਨੀ...... ਹੋਏ ਹੋਏ.......

(ਜੇਠੂ ਨੱਚਦਾ ਹੈ)

ਸ਼ਾਮਾਂ : ਪਾਗਲ ਨਾ ਹੋ ਜਾਈਂ ਨੱਚ ਨੱਚ ਕੇ।

ਜੇਠੂ : ਪਾਗਲ ਹੋਣ ਨੂੰ ਚਿੱਤ ਕਰਦੈ, ਤੂੰ ਵੀ ਹੋ ਜਾ ਪਾਗਲ। (ਫਿਰ ਗਾਉਂਦਾ ਹੈ)

ਆ ਜਾ ਦੋਵੇਂ ਨੱਚੀਏ, ਪੀਂਘ ਦੇ ਹੁਲਾਰੇ ਨਾਲ।
ਨੀ ਤੂੰ ਨੱਚ ਲੈ, ਹਾਏ ਨੀ ਤੂੰ ਨੱਚ ਲੈ।
ਤੈਨੂੰ ਨੱਚਿਆਂ ਫਰਕ ਨੀਂ ਪੈਣਾ, ਨੱਚ ਕੇ ਮਨਾ ਲੈ ਯਾਰ ਨੂੰ।

ਸ਼ਾਮਾਂ : (ਟੋਕਦਾ ਹੋਇਆ) ਉਧਰ ਸੁਣ ਨੇਤਾ ਜੀ ਤੇ ਸਕੱਤਰ ਆਪਸ ਵਿੱਚ ਗੱਲ ਕਰਦੇ ਪਏ ਨੇ। ਮੈਨੂੰ ਜਾਪਦੈ ਬਿੱਲੀ ਥੈਲੇ ਵਿੱਚੋਂ ਬਾਹਰ ਆਉਣ ਹੀ ਵਾਲੀ ਏ।

(ਰੋਸ਼ਨੀ ਸਟੇਜ ਨੰ: 2 'ਤੇ ਪੈਂਦੀ ਹੈ)

ਨੇਤਾ : ਸੈਕਟਰੀ ਸਾਹਿਬ, ਖ਼ੁਸ਼ ਕਰ ਦਿਓ ਜਨਤਾ ਨੂੰ।

ਸਟੇਜ ਸਕੱਤਰ : ਹੋਰ ਅਸੀਂ ਕਰਨ ਕੀ ਆਏ ਆਂ। ਆਹ ਪੰਜ ਸਾਲ ਤਾਂ ਗਏ, ਅਗਲੇ ਪੰਜ ਸਾਲ ਹੋਰ ਰਾਜ ਭਾਗ ਸੰਭਾਲੋ। ਸੂਈ ਉਥੇ ਦੀ ਉਥੇ......

(ਦੋਵੇਂ ਹੱਸਦੇ ਹਨ)

ਨੇਤਾ : ਵਿਰੋਧੀ ਪਾਰਟੀ ਨੂੰ ਚਿੱਤ ਕਰਨ ਵਾਸਤੇ ਮੈਂ ਪਲਾਟਾਂ ਤੇ ਮਕਾਨਾਂ ਦਾ ਪੱਤਾ ਸੁੱਟਿਐ, ਵਿਰੋਧੀਆਂ ਕੋਲ ਕੋਈ ਮੁੱਦਾ ਨਹੀਂ ਰਹਿਣ ਦੇਣਾਂ।

**ਸਕੱਤਰ** : ਅਸੀਂ ਪੱਤਾ ਸੁੱਟ ਦਿੱਤੈ, ਯਾਨੀ ਲਾਰਾ ਲਾ ਦਿੱਤੈ, ਐਨਾ ਥੋੜ੍ਹਾ ਏ? ਬੰਦੇ ਖ਼ੁਸ਼ ਕਰ ਦਿੱਤੇ ਨੇ, ਆਹ ਕੋਈ ਛੋਟੀ ਗੱਲ ਨਹੀਂ। ਵੇਖੋ ਸਾਰੇ ਈ ਨੱਚਦੇ ਪਏ ਨੇ।

**ਨੇਤਾ** : ਸੋਹਣੇ ਲੱਗਦੇ ਨੇ, ਇਹਨਾਂ ਦੀ ਮਹੀਨਾ ਭਰ ਚੁੰਜ ਗਿੱਲੀ ਰੱਖੋ, ਫੇਰ ਵੇਖਿਓ ਕਿਵੇਂ ਸਾਡੀ ਝੰਡੀ ਫੜ ਕੇ ਘੁੰਮਣਗੇ ਗਲੀ ਗਲੀ।

**ਸਕੱਤਰ** : ਹਾਂ ਸਰ ਜੀ, ਸਾਡੀ ਸਟੇਟ ਵਿੱਚ ਜ਼ਮੀਨ ਹੈ ਕਿੰਨੀ ਕੁ? ਜੇ ਇਹਨਾਂ ਨੂੰ ਵੰਡ ਦਿੱਤੀ ਤਾਂ ਵੱਡੀਆਂ ਕੰਪਨੀਆਂ ਨੂੰ ਕੀ ਮੂੰਹ ਵਿਖਾਵਾਂਗੇ, ਜਿਹਨਾਂ ਤੋਂ ਪੈਸੇ ਲੈ ਕੇ ਆਪਾਂ ਪਿਛਲੀ ਇਲੈਕਸ਼ਨ ਜਿੱਤੀ, ਜਿਨ੍ਹਾਂ ਦੇ ਸਿਰ 'ਤੇ ਅਸੀਂ ਟੀਵੀ ਚੈਨਲ ਤੱਕ ਕਬਜ਼ੇ 'ਚ ਕਰ ਲਏ। ਨਾਲੇ ਆਹ ਕੰਪਨੀਆਂ ਆਉਣਗੀਆਂ ਤਾਂ ਅਸੀਂ ਵੀ ਸਟੇਜਾਂ 'ਤੇ ਕਹਿ ਸਕਾਂਗੇ ਕਿ ਫਲਾਣੀ ਕੰਪਨੀ ਦੋ ਲੱਖ ਲੋਕਾਂ ਨੂੰ ਰੁਜ਼ਗਾਰ ਦੇਣ ਜਾ ਰਹੀ ਏ। ਅੱਜ ਹਰ ਕੋਈ ਰੁਜ਼ਗਾਰ ਚਾਹੁੰਦਾ ਏ।

(ਦੋਵੇਂ ਖਚਰਾ ਜਿਹਾ ਹਾਸਾ ਹੱਸਦੇ ਹਨ)

**ਸਟੇਜ ਨੰ: 1 ਤੋਂ**

**ਸ਼ਾਮਾਂ** : ਰੁਜ਼ਗਾਰ ਚਾਹੀਦੈ?

**ਜੇਠੂ** : ਮੈਨੂੰ ਰੁਜ਼ਗਾਰ ਨਹੀਂ ਚਾਹੀਦਾ, ਮੈਨੂੰ ਚਾਹੀਦੈ ਪਲਾਟ, ਜਿਹਦੇ ਵਿੱਚ ਬਣੇਗਾ ਫੰਨੇ ਖਾਂ ਕੋਠਾ, ਜੇਠੂ ਦਾ ਕੋਠਾ।

**ਸ਼ਾਮਾਂ** : ਇਹਨਾਂ ਲੀਡਰਾਂ ਕੋਲੋਂ ਨਾ ਮਿਲਿਆ ਪਲਾਟ ਪਲੂਟ, ਤੂੰ ਬੱਸ ਨੱਚੀ ਜਾ। ਕਿਵੇਂ ਨੱਚਦੇ ਪਏ ਸੀ ਧਰਮਾ, ਕਰਮਾ, ਸ਼ਰਮਾ, ਮਾਨਾ, ਗਿਆਨਾ, ਤਕਲਾ, ਚਕਲਾ, ਟੁੱਲੂ, ਸਾਰੇ ਈ ਉੱਲੂ। ਪਾਓ ਭੰਗੜੇ, ਪਾਓ ਲੁੱਡੀ, ਇਥੇ ਆ ਰਹੀਆਂ ਨੇ ਵੱਡੀਆਂ ਕੰਪਨੀਆਂ ਤੇ ਵੱਡੀਆਂ ਮੱਛੀਆਂ ਛੋਟੀਆਂ ਮੱਛੀਆਂ ਨੂੰ ਨਿਗਲ ਜਾਣਗੀਆਂ।

**ਜੇਠੂ** : (ਘੋਰ ਨਿਰਾਸ਼ਾ ਵਿੱਚ) ਤਾਂ ਫਿਰ...... ਇਸ ਧਰਤੀ ਤੇ ਸਾਨੂੰ ਛੋਟਾ ਜਿਹਾ ਟੁੱਕੜਾ ਵੀ ਨਹੀਂ ਦੇਵੇਗੀ ਸਰਕਾਰ?

**ਸ਼ਾਮਾਂ** : ਧਰਤੀ ਤੇ ਤਾਂ ਨਹੀਂ, ਸ਼ੈਦ ਮੰਗਲ ਗ੍ਰਹਿ ਤੇ ਤੈਨੂੰ ਪਹੁੰਚਾ ਦੇਣ, ਮੈਂ ਚਲਦਾਂ ਤੂੰ ਬਾਹਲਾ ਸੋਚੀਂ ਨਾ, ਤੈਨੂੰ ਕੁੱਛ ਹੋ ਗਿਆ ਤਾਂ ਤੇਰੇ ਜੀਆਂ ਦਾ ਕੀ ਬਣੇਗਾ?

(ਸ਼ਾਮਾਂ ਚਲਾ ਜਾਂਦਾ ਹੈ)

**ਜੇਠੂ** : (ਹਾਰੇ ਹੋਏ ਵਿਅਕਤੀ ਵਾਂਗ) ਹੁਣ ਮੈਨੂੰ ਪਤਾ ਲਗੀ ਅਪਣੀ



ਔਕਾਤ ਦਾ, ਵਾਹ ਓਏ ਜੇਠੂ! ਤੂੰ ਤਾਂ ਜ਼ਮੀਨ ਤੇ ਵਾਧੂ ਈ ਤੁਰਿਆ ਫਿਰਦੈਂ। ਸ਼ਾਮਾਂ ਠੀਕ ਈ ਕਹਿੰਦਾ ਸੀ—ਸੇਠ ਕੁੜਿੱਕੀ ਸ਼ਾਹ ਵਰਗੇ ਬੰਦਿਆਂ ਦੇ ਹੱਥ ਬੜੇ ਲੰਮੇ ਨੇ। ਇਹ ਹੱਥ...... ਮੇਰੀ ਗਰਦਨ ਵੱਲ ਆ ਰਹੇ ਨੇ (ਚੀਖਦਾ ਹੋਇਆ) ਮੈਂ ਇਹ ਹੱਥ ਕੱਟ ਦਿਆਂਗਾ।

(ਸਿਪਾਹੀ ਆਉਂਦਾ ਹੈ, ਜਿਸ ਨੂੰ ਵੇਖ ਕੇ ਜੇਠੂ ਡਰ ਜਾਂਦਾ ਹੈ)

ਹੈਂ ਇਹ ਸਿਪਾਹੀ? ਇਹ ਤਾਂ ਸਿੱਧਾ ਮੇਰੇ ਵੱਲ ਵਿੰਹਦਾ ਪਿਐ, ਬੜਾ ਭੈੜਾ ਵਿੰਹਦਾ ਪਿਐ ਜਿਵੇਂ ਮੈਨੂੰ ਖਾ ਜਾਣਾ ਹੋਵੇ। ਮੈਂ ਘਰ ਦੇ ਅੰਦਰ ਚਲੇ ਜਾਵਾਂ, ਕਿਤੇ ਹੋਰ ਈ ਨਾ ਰਾਹ ਜਾਂਦਾ ਪੁਆੜਾ ਪੈ ਜਾਏ......

(ਸਿਪਾਹੀ ਜੇਠੂ ਨੂੰ ਘੇਰ ਲੈਂਦਾ ਹੈ)

**ਸਿਪਾਹੀ** : ਓਏ ਕਿਧਰ ਚੱਲਿਐਂ?

**ਜੇਠੂ** : ਆਪਣੇ ਘਰ ਅੰਦਰ ਜੀ।

**ਸਿਪਾਹੀ** : ਓਏ ਅੰਦਰ ਤੇਰੀ ਬੇਬੇ ਬੈਠੀ ਏ? ਪਰੌਂਠੇ ਪਕਾਂਦੀ ਹੋਣੀ ਏ ਮੇਰੇ ਸੂਰਮੇ ਪੁੱਤਰ ਨੇ ਘਰ ਆਉਣੈਂ ਜੰਗ ਜਿੱਤ ਕੇ।

**ਜੇਠੂ** : ਸਾਡੀ ਕਿਸਮਤ ਵਿੱਚ ਪਰੌਂਠੇ ਕਿਥੇ? ਰੁੱਖੀ ਸੁੱਖੀ ਰੋਟੀ ਜੁੜਦੀ ਜਾਏ, ਕੁਦਰਤ ਦਾ ਲੱਖ ਲੱਖ ਸ਼ੁਕਰ ਏ।

**ਸਿਪਾਹੀ** : ਕੁਦਰਤ ਦਿਆ ਕੁੱਛ ਲਗਦਿਆ, ਤੂੰ ਮੇਰੀ ਸਾਰੀ ਦਿਹਾੜੀ ਖਰਾਬ ਕਰ ਦਿੱਤੀ ਏ।

**ਜੇਠੂ** : (ਹੈਰਾਨੀ ਵਿੱਚ) ਮੈਂ?

**ਸਿਪਾਹੀ** : ਤੇਰੇ ਵਰੰਟ ਲਈ ਫਿਰਦਾਂ।

**ਜੇਠੂ** : (ਘਬਰਾਹਟ ਵਿੱਚ) ਵਰੰਟ?

**ਸਿਪਾਹੀ** : ਹੋਰ ਕੀ, ਪਹਿਲਾਂ ਤੇਰੇ ਘਰ ਅੰਦਰ ਗਿਆ, ਇੱਕ ਜ਼ਨਾਨੀ ਸੀ ਉਥੇ। ਓਏ ਜ਼ਨਾਨੀ ਤੇਰੀ ਏ ਕਿ ਕਿਸੇ ਦੀ ਧੱਕੇ ਨਾਲ ਤਾਂ ਨਹੀਂ ਰੱਖੀ ਫਿਰਦਾ?

**ਜੇਠੂ** : ਜੀ ਮੇਰੀ ਵਹੁਟੀ ਏ, ਕੋਈ ਸ਼ੱਕ ਏ?

**ਸਿਪਾਹੀ** : ਗੱਲ ਈ ਸ਼ੱਕ ਵਾਲੀ ਏ, ਕਿਥੇ ਉਹ ਦੇਵਲੋਕ ਦੀ ਪਰੀ ਤੇ ਕਿਥੇ ਤੂੰ ਕਲਜੁਗ ਦਾ ਪਤੰਦਰ। (ਮੱਥੇ 'ਤੇ ਹੱਥ ਮਾਰਦਾ ਹੋਇਆ) ਵਾਹ! ਰੱਬ ਵੀ ਸਾਲਾ ਭੁਲੇਖਾ ਖਾ ਗਿਐ।

**ਜੇਠੂ** : ਜੀ ਮੇਰੀ ਘਰ ਵਾਲੀ ਬੜੀ ਚੰਗੀ ਏ।

ਸਿਪਾਹੀ : ਤੇ ਤੂੰ ਵੀ ਬੜਾ ਚੰਗਾ ਏਂ। ਸੇਠ ਕੁੜਿੱਕੀ ਸ਼ਾਹ ਨੂੰ ਕਵੰਟਲ ਕਵੰਟਲ ਦੀ ਗਾਹਲ ਕੱਢਦੇ ਤੈਨੂੰ ਸ਼ਰਮ ਨਹੀਂ ਆਉਂਦੀ?

ਜੇਠੂ : ਮੈਂ ਤਾਂ ਸ਼ਾਹ ਜੀ ਨੂੰ ਕਦੇ ਕੁੱਝ ਨਹੀਂ ਕਿਹਾ, ਉਹਨਾਂ ਸਗੋਂ ਮੈਨੂੰ ਉਲਟਾ ਸਿੱਧਾ ਬੋਲਤਾ, ਮੈਂ ਫਿਰ ਵੀ ਪੀ ਗਿਆ।

ਸਿਪਾਹੀ : ਕੀ ਪੀ ਗਿਆ ਓਏ? ਠਾਣੇ ਜਾ ਕੇ ਦੱਸੀਂ। (ਬਾਂਹ ਤੋਂ ਫੜ੍ਹਦਾ ਹੋਇਆ) ਚੱਲ ਤੁਰ ਠਾਣੇ, ਤੇਰਾ ਕਰਦੇ ਆਂ ਉਥੇ ਮੇਕ ਅਪ।

ਜੇਠੂ : ਨਾ ਜੀ ਮੇਰਾ ਦਿਲ ਘੱਟਦਾ ਪਿਐ (ਬਟੂਏ ਵਿੱਚੋਂ ਦੋ ਸੌ ਰੁਪਏ ਕੱਢ ਕੇ ਦਿੰਦਾ ਹੈ) ਜਨਾਬ, ਆਹ ਲਓ।

ਸਿਪਾਹੀ : ਐਨੇ ਨੋਟ ਕਿਥੋਂ ਆਏ ਤੇਰੇ ਕੋਲ? ਦੱਸ ਕਿਹਦੀ ਚੋਰੀ ਕੀਤੀ ਏ?

ਜੇਠੂ : ਇਹ ਤਾਂ ਮੈਂ ਟਰਾਲੀ 'ਚ ਮਿੱਟੀ ਸੁੱਟਣ ਦੇ ਲਏ ਸੀ, ਮੌਕੇ 'ਤੇ ਕੰਮ ਆ ਗਏ।

ਸਿਪਾਹੀ : ਠੀਕ ਏ, ਠੀਕ ਏ, ਤੂੰ ਹੁਣ ਇੱਕ ਦੋ ਦਿਨ ਆਸੇ-ਪਾਸੇ ਖਿਸਕ ਜਾ। ਮੈਂ ਰਿਪੋਰਟ ਕਰ ਦਿਆਂਗਾ ਜੇਠੂ ਘਰ ਨਹੀਂ ਟਕਰਿਆ। ਕਹਿ ਦੇਵਾਂਗਾ ਪਹਾੜਾਂ ਵਿੱਚ ਦੇਵੀ ਦੇ ਦਰਸ਼ਨਾਂ ਨੂੰ ਗਿਐ।

ਜੇਠੂ : ਦੇਵੀ ਦੇ ਦਰਸ਼ਨ, ਕਿਹੜੀ ਦੇਵੀ ਦੇ?

ਸਿਪਾਹੀ : ਮੈਨੂੰ ਕੀ ਪਤੈ ਕਿਹੜੀ ਦੇਵੀ ਦੇ ਦਰਸ਼ਨ ਕਰਨ ਜਾਂਦੇ ਨੇ ਲੋਕ। ਸੇਠ ਕੁੜਿੱਕੀ ਸ਼ਾਹ ਦੀ ਤਸੱਲੀ ਮੈਂ ਆਪੇ ਕਰਵਾ ਦਿਆਂਗਾ। ਕਹਿ ਦਿਆਂਗਾ—ਜੇਠੂ ਨੂੰ ਫੜ ਕੇ ਲਿਆਂਦਾ ਸੀ, ਸਾਰੀ ਰਾਤ ਮੱਛਰਾਂ ਵਾਲੇ ਕਮਰੇ 'ਚ ਡੱਕਿਆ ਤੇ ਸਵੇਰੇ ਛਿੱਤਰ ਮਾਰ ਕੇ ਮਾਫ਼ੀ ਮੰਗਵਾਈ ਤੇ ਫਿਰ ਘਰ ਨੂੰ ਤੋਰ ਤਾ। ਠੀਕ ਏ ਨਾ?

ਜੇਠੂ : ਹਾਂ ਜੀ ਠੀਕ ਏ।

ਸਿਪਾਹੀ : ਹੁਣ ਕੋਈ ਸ਼ਰਾਰਤ ਨਾ ਕਰੀਂ ਤੇ ਨਾ ਹੀ ਕੁੜਿੱਕੀ ਸ਼ਾਹ ਨਾਲ ਕੋਈ ਪੰਗਾ ਲਵੀਂ। ਸਮਝਿਆ ਕਿ ਨਹੀਂ?

ਜੇਠੂ : ਹਾਂ ਜੀ ਸਮਝ ਗਿਆ ਜੀ।

ਸਿਪਾਹੀ : ਚੰਗੀ ਗੱਲ ਏ ਜੇ ਸਮਝ ਗਿਐਂ, ਨਹੀਂ ਤਾਂ ਸਾਨੂੰ ਸਮਝਾਉਣਾ ਆਉਂਦੈ।

(ਸਿਪਾਹੀ ਘੂਰਦਾ ਹੋਇਆ ਚਲਾ ਜਾਂਦਾ ਹੈ)

ਜੇਠੂ : (ਆਪਣੇ ਆਪ ਨਾਲ) ਕੁੜਿੱਕੀ ਸ਼ਾਹ ਹੱਥ ਧੋ ਕੇ ਮੇਰੇ ਪਿੱਛੇ ਪੈ ਗਿਐ। ਜਿਹੜਾ ਸਾਲਾ ਆਉਂਦੈ, ਉਹਨੂੰ ਮੇਰੀ ਜ਼ਨਾਨੀ



[illegible] ਬਸਰੇ ਚਲੀਆਂ ਗਈਆਂ ਨੇ।

(ਕਿਰਪਾ ਆਉਂਦਾ ਹੈ)

ਆ ਬਈ ਕਿਰਪਾ ਸਿੰਘ, ਚੰਗੇ ਵੇਲੇ ਆ ਗਿਐਂ।

ਕਿਰਪਾ : ਕੀ ਗੱਲ ਤੇਰਾ ਤਾਂ ਰੰਗ ਈ ਉੱਡਿਆ ਪਿਐ?

ਜੇਠੂ : ਕੁੜਿੱਕੀ ਸ਼ਾਹ ਨੇ ਠਾਣੇ ਸ਼ਕੈਤ ਕਰਤੀ ਮੇਰੀ, ਮੈਨੂੰ ਤਾਂ ਅੰਦਰ ਕਰਨ ਲੱਗੇ ਸੀ। ਦੋ ਸੌ ਰੁਪਏ ਦੇ ਕੇ ਜਾਨ ਛੁਡਾਈ ਏ।

ਕਿਰਪਾ : ਕੁੜਿੱਕੀ ਸ਼ਾਹ ਮੈਨੂੰ ਵੀ ਮਿਲਿਆ ਸੀ, ਤੇਰੇ 'ਤੇ ਬੜਾ ਔਖਾ ਸੀ। ਮੈਨੂੰ ਤਾਂ ਐ ਜਾਪਦੈ ਤੈਨੂੰ ਟਿਕਾਣਾ ਛੱਡਣਾ ਪਵੇਗਾ, ਹੋਰ ਕਿਧਰੇ ਜੁਗਾੜ ਕਰ ਲੈ।

ਜੇਠੂ : ਮੇਰੇ 'ਤੇ ਇੱਕ ਅਹਿਸਾਨ ਤਾਂ ਕਰ। ਪਿੰਡ ਦੇ ਨਾਲ ਲੱਗਦੀ ਆਪਣੀ ਜ਼ਮੀਨ ਵਿੱਚੋਂ ਮੈਨੂੰ ਚਾਰ ਮਰਲੇ ਮੁੱਲ ਦੇ ਦੇ ਯਾਰ, ਪੈਸੇ ਚੁੱਕ ਚੱਕ ਕੇ ਦੇ ਦਿਆਂਗੇ।

ਕਿਰਪਾ : ਤੂੰ ਐਨੇ ਪੈਸੇ ਕਿੱਥੋਂ ਲਿਆਏਂਗਾ?

ਜੇਠੂ : ਕੀ ਰੇਟ ਏ ਮਰਲੇ ਦਾ?

ਕਿਰਪਾ : ਪੰਜਾਹ ਸੱਠ ਹਜ਼ਾਰ ਤਾਂ ਹੋਏਗਾ ਈ....

ਜੇਠੂ : (ਪਰੇਸ਼ਾਨੀ ਵਿੱਚ) ਪੰਜਾਹ ਸੱਠ ਹਜ਼ਾਰ?

ਕਿਰਪਾ : ਤੈਨੂੰ ਤਾਂ ਪਤੈ ਜ਼ਮੀਨ ਨੂੰ ਅੱਗ ਲੱਗ ਗਈ ਏ, ਫਿਰ ਪਿੰਡ ਨਾਲ ਲੱਗਦੀ ਪੈਲੀ? ਵੈਸੇ ਭੀ ਉਹ ਪੈਲੀ ਤਾਂ ਮੈਂ ਕਲੋਨੀ ਕੱਟਣ ਵਾਲਿਆਂ ਨੂੰ ਵੇਚਣ ਦੀ ਤਿਆਰੀ ਕਰ ਲਈ ਏ। ਪੰਡ ਨੋਟ ਮਿਲਣਗੇ ਤੇ ਘਰ ਦੀ ਗ਼ਰੀਬੀ ਨਿਕਲ ਜਾਵੇਗੀ।

ਜੇਠੂ : ਐਥੇ ਤਾਂ ਸਾਰੀਆਂ ਗਿਣਤੀਆਂ ਮਿਣਤੀਆਂ ਹੀ ਉਲਟੀਆਂ ਪਲਟੀਆਂ ਹੋ ਗਈਆਂ ਨੇ।

ਕਿਰਪਾ : ਤੇਰਾ ਕੰਮ ਆਪਣੀ ਨਹਿਰ ਵਾਲੀ ਪੈਲੀ ਵਿੱਚ ਬਣ ਸਕਦੈ। ਚਾਰ ਕਿਲੇ ਜ਼ਮੀਨ ਵਿੱਚੋਂ ਜਿਥੇ ਦਿਲ ਕਰੇ ਚਾਰ ਮਰਲੇ ਹੱਥ ਧਰ ਲੈ, ਪੰਜ-ਦਸ ਹਜ਼ਾਰ ਵਿੱਚ ਮਰਲਾ ਮਿਲ ਜਾਵੇਗਾ।

ਜੇਠੂ : ਨਹਿਰ ਨੇੜੇ ਘਰ ਪਾਉਣਾ ਪਵੇਗਾ? ਸਾਨੂੰ ਕੋਈ ਲੁੱਟ ਕੇ ਈ ਨਾ ਲੈ ਜਾਏ?

ਕਿਰਪਾ : ਕੀ ਲੈ ਜਾਏਗਾ ਕੋਈ ਲੁੱਟ ਕੇ ਤੇਰਾ? ਤੈਨੂੰ ਲੁੱਟਣ ਤੋਂ ਪਹਿਲਾਂ ਬੰਦਾ ਡੁੱਬ ਕੇ ਨਾ ਮਰ ਜਾਏਗਾ ਸ਼ਰਮ ਨਾਲ?

ਜੇਠੂ : ਰਾਤ ਸੁੱਤਿਆਂ ਦਾ ਕੀਰਤਨ ਸੋਹਿਲਾ ਨਾ ਪੜ੍ਹ ਦੇਵੇ ਸਾਡਾ।

ਕਿਰਪਾ : ਐਨਾ ਡਰ? ਓ ਕਮਲਿਆ, ਤੇਰੇ ਨਾਲ ਪਿਆਰ ਏ, ਤੀਹ ਸਾਲ ਦੀ ਸਾਂਝ ਏ। ਤੈਨੂੰ ਭਰਾ ਸਮਝਦਾਂ ਸੱਕਾ, ਇਸੇ ਕਰਕੇ ਕਹਿ ਦਿੱਤਾ ਏ ਤੂੰ ਕਿਸੇ ਪਾਸਿਓਂ ਵੀ ਕੱਟ ਲੈ ਚਾਰ ਮਰਲੇ।

ਜੇਠੂ : ਨਹਿਰ ਕਿਨਾਰੇ, ਜੰਗਲ ਬੀਆਬਾਨ। ਪਿੰਡ ਵਿੱਚ ਰਹਿਣੇ ਆਂ, ਸੌ ਬੰਦੇ ਟਕਰਦੇ ਨੇ, ਦੁੱਖ-ਸੁੱਖ ਸਾਂਝਾ ਕਰ ਲਈਦੈ।

ਕਿਰਪਾ : ਇੱਕ ਮੈਂ ਵਾ ਜਿਹੜਾ ਘੜੀ ਗਪ ਸ਼ਪ ਚਲਾਉਣ ਵਾਸਤੇ ਤੇਰੇ ਕੋਲ ਆ ਜਾਨਾਂ, ਬਾਕੀ ਲੋਕ ਤਾਂ ਭਿੱਜੀ ਬਿੱਲੀ ਵਾਂਗ ਆਪੋ ਆਪਣੇ ਅੰਦਰਾਂ 'ਚ ਵੜੇ ਰਹਿੰਦੇ ਨੇ। ਤੈਨੂੰ ਹਾਲਾਤਾਂ ਕਰਕੇ ਘਰ ਤਾਂ ਛੱਡਣਾ ਹੀ ਪੈਣੈ। ਬਾਹਰ ਪੈਲੀ ਵਿੱਚ ਸਵਰਗ ਏ ਸਵਰਗ, ਪਿੰਡ ਤਾਂ ਨਰਕ ਬਣਿਆ ਪਿਐ। ਬਾਹਰ ਠੰਢੀ ਮਿੱਠੀ ਹਵਾ ਖਾਇਓ ਤੇ ਨਾਲੇ ਹੇਕ ਲਾ ਕੇ ਗੀਤ ਗਾਇਓ :—

ਸਾਡੇ ਖੇਤਾਂ ਵਿੱਚ ਰੱਬ ਵੱਸਦਾ,
ਸਾਨੂੰ ਸਵਰਗਾਂ ਦੀ ਲੋੜ ਕੋਈ ਨਾ।

ਤੂੰ ਵੀ ਗਾ।

(ਜੇਠੂ ਗੰਭੀਰ ਹੋ ਜਾਂਦਾ ਹੈ)

ਸੋਚੀਂ ਪੈ ਗਿਐਂ? ਤਾਰੋ ਨਾਲ ਸਲਾਹ ਕਰ ਲੈ ਪਰ ਮੌਕਾ ਨਾ ਖੁੰਝਾ ਬੈਠੀਂ। ਅਜੇ ਤੱਕ ਤਾਂ ਮੇਰੇ ਨਿਆਣੇ ਵੀ ਮੇਰੇ ਕਹਿਣੇ ਵਿੱਚ ਨੇ, ਕਲ੍ਹ ਦਾ ਕੀ ਪਤੈ, ਕਿਹਦੀ ਤੂਤੀ ਬੋਲੇਗੀ। ਮੈਂ ਚਲਦਾਂ, ਕਰ ਲੈ ਵਿਚਾਰ।

(ਜਾਂਦਾ ਹੈ)

ਜੇਠੂ : ਜਿਹੜਾ ਟਕਰਦਾ ਏ ਕਹਿੰਦਾ ਏ ਕਰ ਲੈ ਵਿਚਾਰ। ਮੈਂ 'ਕੱਲਾ ਈ ਵਿਚਾਰ ਕਰੀ ਜਾਵਾਂ ਬਾਕੀ ਐਸ਼ ਪਈ ਕਰਦੀ ਏ ਸਾਰੀ ਖ਼ਲਕਤ। ਕੁੜਿੱਕੀ ਸ਼ਾਹ ਨੇ ਮੈਨੂੰ ਛੱਡਣਾ ਨਹੀਂ, ਬੜਾ ਕਲੈਹਣਾ ਬੰਦਾ ਏ।

(ਕੁੜਿੱਕੀ ਸ਼ਾਹ ਆਉਂਦਾ ਹੈ)

ਕੁੜਿੱਕੀ : ਓਏ ਜੇਠੂ, ਇੱਕ ਘੰਟੇ 'ਚ ਘਰ ਖ਼ਾਲੀ ਕਰ ਦੇ।

ਜੇਠੂ : ਹੈਂ?

ਕੁੜਿੱਕੀ : ਹਾਂ, ਸੁਣਿਐਂ?

ਜੇਠੂ : ਸੇਠ ਜੀ, ਹਫ਼ਤਾ ਖੰਡ ਤਾਂ ਦੇ ਦਿਓ। ਹੋਰ ਕਿਤੇ ਜੁਗਾੜ ਤਾਂ ਕਰ ਲਵਾਂ।



ਕੁੜਿੱਕੀ : ਹਫ਼ਤਾ ਹੁਫ਼ਤਾ ਨਹੀਉਂ ਮਿਲਣਾ, ਇੱਕ ਘੰਟੇ 'ਚ ਸਾਰਾ ਸਾਮਾਨ ਬਾਹਰ ਕੱਢ ਲੈ ਨਹੀਂ ਤਾਂ......

ਜੇਠੂ : ਰਹਿਮ ਖਾਉ ਸ਼ਾਹ ਜੀ।

ਕੁੜਿੱਕੀ : ਤੇਰੀ ਰਹਿਮ ਦੀ ਅਪੀਲ ਇੱਥੇ ਨਹੀਂ ਚੱਲਣੀ।

ਜੇਠੂ : ਆਹ ਹੱਥਾਂ ਵੱਲ ਵੇਖੋ।

(ਹੱਥ ਜੋੜਦਾ ਹੈ)

ਕੁੜਿੱਕੀ : ਮੂਵੀ ਬਣਾਵਾਂ ਤੇਰੇ ਹੱਥਾਂ ਦੀ।

ਜੇਠੂ : ਇੰਜ ਮਖੌਲ ਨਾ ਕਰੋ ਗਰੀਬ ਨਾਲ। ਮੇਰੇ ਬੱਚਿਆਂ ਵੱਲ ਈ ਵੇਖੋ—ਉਹਨਾਂ ਦੀਆਂ ਅੱਖਾਂ ਵਿੱਚ ਅੱਥਰੂ, ਮੈਂ ਵੇਖ ਨਹੀਂ ਸਕਾਂਗਾ।

ਕੁੜਿੱਕੀ : ਕਿਉਂ ਵੇਖਾਂ ਮੈਂ ਤੇਰੇ ਬੱਚਿਆਂ ਵੱਲ? ਬੱਚੇ ਤੇਰੇ ਨੇ, ਤੂੰ ਹੀ ਵੇਖ। ਕਰਦੇ ਘਰ ਖਾਲੀ, ਨਹੀਂ ਤਾਂ ਪੰਜ ਮਿੰਟਾਂ ਵਿੱਚ ਤੇਰੀਆਂ ਮੰਜੀਆਂ ਗਲੀ ਵਿੱਚ ਖਿਲਰੀਆਂ ਹੋਣਗੀਆਂ।

ਜੇਠੂ : (ਰੋਂਦਾ ਹੋਇਆ) ਇਸ ਘਰ ਨਾਲ ਕਿੰਨਾ ਮੋਹ ਵੇ! ਇਥੇ ਹੀ ਜੰਮਿਆ, ਪਲਿਆ, ਵਿਆਹ ਦਾ ਰੌਣਕ ਮੇਲਾ ਵੀ ਇਥੇ ਹੀ ਬੱਝਾ, ਸਾਡਾ ਬਾਪੂ ਤੁਹਾਡੀ ਚਾਲ ਵਿੱਚ ਫਸ ਗਿਆ ਤੇ ਤੁਸੀਂ ਉਹਦੇ ਤੋਂ ਘਰ ਲਿਖਵਾ ਲਿਆ।

ਕੁੜਿੱਕੀ : ਤੇਰੇ ਪਿਉ ਦੇ ਗਲ ਵਿੱਚੋਂ ਕਰਜ਼ੇ ਦੀ ਫਾਹੀ ਵੀ ਤਾਂ ਮੈਂ ਈ ਲਾਹੀ ਸੀ ਤੇ ਨਾਲ ਸੌ ਸੌ ਦੇ ਵੀਹ ਨੋਟ ਵੀ ਤਾਂ ਤੇਰੇ ਬਾਪੂ ਨੇ ਹੀ ਪਾਏ ਸੀ ਜੇਬ ਵਿੱਚ।

ਜੇਠੂ : ਸਿਰਫ਼ ਵੀਹ ਨੋਟ ਹੀ?

ਕੁੜਿੱਕੀ : ਸਤਯੁੱਗ ਦੀਆਂ ਗੱਲਾਂ ਨੇ, ਉਦੋਂ ਦਾ ਇੱਕ ਰੁਪਿਆ ਅੱਜ ਦੇ ਸੌ ਦੇ ਬਰਾਬਰ ਏ। ਹੁਣ ਤਾਂ ਕਲਯੁਗ ਏ ਕਲਯੁਗ, ਲੋਕ ਹੁਣ ਤਾਂ ਨੋਟਾਂ ਦੀਆਂ ਬੋਰੀਆਂ ਚੁੱਕੀ ਫਿਰਦੇ ਨੇ।

ਜੇਠੂ : ਪੈਸੇ ਦੇ ਹੜ੍ਹ ਨੇ ਸਾਡੇ ਵਰਗੇ ਰੋੜ੍ਹ ਦਿੱਤੇ ਨੇ, ਇਸ ਹੜ੍ਹ ਅੱਗੇ ਸਾਡੀ ਕੋਈ ਵਾਹ ਵਟਕ ਨਹੀਂ ਚਲਦੀ।

ਕੁੜਿੱਕੀ : ਜ਼ਿਆਦਾ ਭਾਸ਼ਣ ਨਾ ਝਾੜ, ਚੁੱਕ ਲੈ ਸਮਾਨ ਤੇ ਮੈਂ ਮਾਰਾਂ ਜੰਦਰਾ।

ਜੇਠੂ : ਹਾਏ ਓ ਰੱਬਾ! (ਫੁੱਟ ਫੁੱਟ ਕੇ ਰੋਂਦਾ ਹੈ ਪਰ ਕੁੜਿੱਕੀ ਸ਼ਾਹ 'ਤੇ ਕੋਈ ਅਸਰ ਨਹੀਂ)

ਕੁੜਿੱਕੀ : ਰੋ ਭਾਵੇਂ ਹੱਸ, ਘਰ ਖਾਲੀ ਕਰਨਾ ਹੀ ਪੈਣੈ। ਸਿੱਧੀ ਤਰ੍ਹਾਂ

ਤੁਰ ਜਾ, ਨਹੀਂ ਤਾਂ ਮੇਰੇ ਬਦਮਾਸ਼ਾਂ ਨੂੰ ਹਰਕਤ ਵਿੱਚ ਆਉਣਾ ਹੀ ਪਵੇਗਾ। ਨਾਲੇ ਤੂੰ ਸਾਡੀ ਨਹੀਂ ਮੰਨੀ ਤਾਂ ਅਸੀਂ ਕਿਉਂ ਤਰਸ ਖਾਈਏ ਤੇਰੇ 'ਤੇ।

ਜੇਠੂ : ਨਾ ਖਾਓ ਤਰਸ, ਮੈਂ ਚਲੇ ਜਾਣਾ। (ਕੁੜਿੱਕੀ ਚਲਾ ਜਾਂਦਾ ਹੈ)

ਗੀਤ ਦੀ ਆਵਾਜ਼ : ਇਸ ਮਿੱਟੀ 'ਚ ਵੱਡੇ ਹੋਏ
ਹਰ ਸਾਹ 'ਚ ਮਿੱਟੀ ਪ੍ਰਣਾਈ।
ਜਿਸ ਮਿੱਟੀ ਨੇ ਹਾਸੇ ਵੰਡੇ
ਉਹੀ ਮਿੱਟੀ ਹੋਈ ਪਰਾਈ।

(ਸਟੇਜ ਨੰ: 2 ਤੋਂ ਇੱਕ ਆਦਮੀ ਅਨਾਉਸਮੇਂਟ ਕਰਦਾ ਹੈ)

ਅਨਾਉਂਸਮੇਂਟ : ਇਲਾਕਾ ਨਿਵਾਸੀਓ, ਤੁਹਾਨੂੰ ਇਹ ਜਾਣ ਕੇ ਚਾਅ ਚੜ੍ਹ ਜਾਵੇਗਾ ਕਿ ਇਸ ਕਸਬੇ ਦੇ ਚੜ੍ਹਦੇ ਪਾਸੇ ਸ਼ਾਹਪੁਰ ਰੋਡ 'ਤੇ ਅੱਜ ਦੀਆਂ ਸਹੂਲਤਾਂ ਤੇ ਪਬਲਿਕ ਦੀਆਂ ਲੋੜਾਂ ਅਨੁਸਾਰ ਇਕ ਸ਼ਾਨਦਾਰ ਕਲੋਨੀ ਕੱਟੀ ਗਈ ਹੈ, ਜਿਸ ਦਾ ਨਾਂ ਹੈ—ਸੰਜੀਵਨੀ ਅਸਟੇਟ। ਆਪਣੇ ਸੁਫ਼ਨਿਆਂ ਦਾ ਘਰ ਬਣਾਓ, ਵੀਹ-ਵੀਹ ਫੁੱਟ ਚੌੜੀਆਂ ਸੜਕਾਂ, ਤੁਹਾਡੀ ਕਾਰ ਤੁਹਾਡੇ ਘਰ ਤੱਕ ਜਾਵੇਗੀ, ਪਾਣੀ ਦੇ ਨਿਕਾਸ ਵਾਸਤੇ ਸੀਵਰੇਜ਼ ਦਾ ਯੋਗ ਪ੍ਰਬੰਧ ਹੈ, ਮੀਂਹ ਪਵੇਗਾ ਤਾਂ ਪਾਣੀ ਦੀ ਬੂੰਦ ਸੜਕਾਂ 'ਤੇ ਨਹੀਂ ਲੱਭੇਗੀ। ਰੋਸ਼ਨੀ ਦੇ ਪ੍ਰਬੰਧ ਲਈ ਟਿਊਬ ਲਾਇਟਾਂ। ਹਰ ਕਿਸਮ ਦੇ ਪਲਾਟ ਖ਼ਰੀਦੋ—ਟੂ ਸਾਈਡ ਓਪਨ, ਵਨ ਸਾਈਡ ਓਪਨ। ਤੁਹਾਨੂੰ ਜਾਪੇਗਾ ਜਿਵੇਂ ਤੁਸੀਂ ਯੂਰਪ ਦੀ ਸੈਰ ਕਰ ਰਹੇ ਹੋ। ਸਭ ਤੋਂ ਵੱਡੀ ਗੱਲ ਸੰਜੀਵਨੀ ਅਸਟੇਟ ਪੂਡਾ ਵੱਲੋਂ ਪਾਸ ਕੀਤਾ ਗਿਆ ਹੈ।

(ਸ਼ਰਮਾ ਨਾਂ ਦਾ ਕਾਲੋਨਾਈਜ਼ਰ ਆਉਂਦਾ ਹੈ, ਅਨਾਉਂਸਮੇਂਟ ਕਰਨ ਵਾਲਾ ਆਦਮੀ, ਉਸ ਤੋਂ ਕੁੱਝ ਹਦਾਇਤਾਂ ਲੈ ਕੇ ਚਲਾ ਜਾਂਦਾ ਹੈ)

ਸ਼ਰਮਾ : (ਫ਼ੂਨ 'ਤੇ ਗੱਲ ਕਰਦਾ ਹੋਇਆ) ਜੀ ਜੀ ਮੁਲਤਾਨੀ ਸਾਹਿਬ, ਸ਼ਾਮਾਂ ਨੂੰ ਆਇਓ ਸੰਜੀਵਨੀ ਅਸਟੇਟ, ਤੁਹਾਨੂੰ ਬੱਸ ਸੈਰ ਈ ਕਰੌਣੀ ਏ। ਨਾਲੇ ਘੜੀ ਪੈੱਗ ਸ਼ੈੱਗ ਵੀ ਖੜਕਾਵਾਂਗੇ। ਤਿੰਨ ਚਾਰ ਜਣੇ ਹੀ ਹੋਵਾਂਗੇ। ਤੁਹਾਡੀ ਸੇਵਾ ਵਿੱਚ ਹਾਜ਼ਰ ਆਂ, ਨੌਕਰ ਕੀ ਤੇ ਨਖਰਾ ਕੀ....... (ਉੱਚੀ-ਉੱਚੀ ਹੱਸਦਾ ਹੈ,



ਸਹਿਮਿਆ ਹੋਇਆ ਜੇਠੂ, ਸ਼ਰਮੇ ਕੋਲ ਪਹੁੰਚਦਾ ਹੈ)

ਜੇਠੂ : ਸਾਸਰੀ ਕਾਲ ਜੀ।

ਸ਼ਰਮਾ : ਹਾਂ ਜੀ ਬੋਲੋ....

ਜੇਠੂ : ਕਲੋਨੀ ਦੀ ਜਿਹੜੀ ਅਨਾਉਂਸਮੇਂਟ ਹੁੰਦੀ ਪਈ ਸੀ, ਜਰਾ ਪਲਾਟਾਂ ਦੇ ਮੁੱਲ ਤਾਂ ਦੱਸਿਓ।

ਸ਼ਰਮਾ : ਤੁਸੀਂ ਪਲਾਟ ਪਸੰਦ ਕਰੋ, ਬਾਕੀ ਜਿਸ ਪਲਾਟ ਨੂੰ ਦੋ ਸੜਕਾਂ ਲੱਗਦੀਆਂ, ਉਹਨਾਂ ਦੀ ਕੀਮਤ ਆ ਸੱਠ ਹਜ਼ਾਰ ਰੁਪਏ ਮਰਲੇ ਦਾ, ਜਿਹਨੂੰ ਇੱਕ ਸੜਕ ਲੱਗਦੀ ਆ, ਉਹਦੀ ਕੀਮਤ ਆ ਪੰਜਤਾਲੀ ਹਜ਼ਾਰ।

ਜੇਠੂ : ਐਨੇ ਮਹਿੰਗੇ?

ਸ਼ਰਮਾ : ਲੱਭਣੇ ਨਹੀਂ ਆਹ ਪਲਾਟ, ਆਹ ਤਾਂ ਦੋ ਚਾਰ ਦਿਨ 'ਚ ਗਏ ਸਮਝੋ। ਪਰਸੋਂ ਇੱਕ ਪਲਾਟ ਵਿਕਦਾ ਪਿਆ ਸੀ ਪੰਜਾਹ ਹਜ਼ਾਰ ਦੇ ਹਿਸਾਬ ਨਾਲ, ਮੌਕੇ 'ਤੇ ਹੋਰ ਗਾਹਕ ਆ ਗਿਆ, ਕੰਪੀਟੀਸ਼ਨ ਹੋ ਗਿਆ, ਉਸੇ ਪਲਾਟ ਦੇ ਹੋ ਗਏ ਸੱਠ ਹਜ਼ਾਰ ਮਰਲੇ ਦੇ। ਤੁਸੀਂ ਕਲੋਨੀ ਵਾਲੀ ਥਾਂ ਪਹੁੰਚੋ, ਸਾਡਾ ਇੱਕ ਆਦਮੀ ਉਥੇ ਬੈਠੈ, ਸਭ ਕੁੱਝ ਸਮਝਾ ਦਊ। ਮੈਂ ਜਰਾ ਇੱਕ ਜ਼ਰੂਰੀ ਫ਼ੂਨ ਕਰ ਲਵਾਂ।

(ਫ਼ੂਨ ਕਰਦਾ ਹੈ, ਪੂਡਾ ਦੇ ਅਧਿਕਾਰੀ ਨਾਲ ਸਟੇਜ ਨੰ: 2 'ਤੇ ਗੱਲਬਾਤ ਹੁੰਦੀ ਹੈ)

ਅਧਿਕਾਰੀ : ਅੱਛਾ ਸ਼ਰਮਾ ਜੀ, ਐਸ ਟਾਈਮ ਕਿੱਥੇ ਹੋ?

ਸ਼ਰਮਾ : ਸ਼ਮਸ਼ਾਨ ਘਾਟ ਦੇ ਕੋਲ ਹੀ।

ਅਧਿਕਾਰੀ : ਸ਼ਮਸ਼ਾਨ ਘਾਟ ਕੀ ਮੰਗਦੈ?

ਸ਼ਰਮਾ : ਜੀ ਹੈਪੀ ਪੇਪਰ ਸਰ। ਇਸ ਟਾਈਮ ਕਿਥੇ ਹੋ ਸਰ?

ਅਧਿਕਾਰੀ : ਤੁਹਾਡੇ ਸੀਵਰੇਜ 'ਤੇ ਹੀ ਬੈਠਾਂ।

ਸ਼ਰਮਾ : ਜੀ ਖੋਤਾ ਭੇਜ ਦੇਵਾਂ?

ਅਧਿਕਾਰੀ : ਸਾਈਜ਼ ਕੀ ਏ?

ਸ਼ਰਮਾ : ਵੱਡਾ ਕੰਨ।

ਅਧਿਕਾਰੀ : ਕੰਨ ਹੋਰ ਖਿੱਚੋ, ਵੰਗਾਰ ਪੈ ਗਈ।

ਸ਼ਰਮਾ : ਇੱਕ ਫੁੱਟ ਹੋਰ ਖਿਚਤਾ ਜੀ।

ਅਧਿਕਾਰੀ : ਅੱਧਾ ਫੁੱਟ ਹੋਰ ਕਰੋ ਲੰਮਾ......ਸਾਰੇ ਪਾਸੇ ਵਾਧਾ ਈ ਵਾਧਾ ਹੋ ਰਿਹੈ।

ਸ਼ਰਮਾ : ਲਓ ਜੀ ਹੋ ਗਿਐ ਸਰ।

ਅਧਿਕਾਰੀ : ਤੁਹਾਡੇ ਦੁਸ਼ਮਣਾਂ ਦਾ ਖੋਤਾ ਵੀ ਚੱਲ ਪਿਐ, ਯਾਨੀ ਛਾਬੜੇ ਹੋਰੀਂ.....

ਸ਼ਰਮਾ : ਉਹਦੀ ਪੂਛ ਪਿਛਾਂਹ ਨੂੰ ਘੁੰਮਾ ਦਿਉ ਸਰ।

ਅਧਿਕਾਰੀ : ਡਾਂਸ ਸਿਖਣ ਲਾ ਦਈਏ ਇੱਕ ਵੀਕ ਲਈ, ਐਨੀ ਟਰੇਨਿੰਗ ਕਾਫੀ ਏ ਨਾ?

ਸ਼ਰਮਾ : (ਠਹਾਕੇ ਮਾਰ ਕੇ ਹੱਸਦਾ ਹੈ) ਜੀ ਜੀ ਸਰ, ਹਫ਼ਤੇ ਵਿੱਚ ਸਾਡਾ ਮੋਰਚਾ ਫਤਿਹ ਹੋ ਜੂ।

ਜੇਠੂ : (ਹੈਰਾਨੀ ਵਿੱਚ) ਖੋਤਾ? ਵੱਡੇ ਕੰਨ ਵਾਲਾ? ਡਾਂਸ?

ਅਧਿਕਾਰੀ : ਵੱਡੇ ਨੇਤਾ ਦੀ ਗੱਡੀ ਦੀ ਲਾਈਟ ਡਿਮ ਹੋ ਗਈ ਆ, ਹਾਰਨ ਵੀ ਘੱਟ ਈ ਬੋਲਦੈ, ਖ਼ਿਆਲ ਕਰਿਓ।

ਸ਼ਰਮਾ : ਦੋ ਘੋੜੀਆਂ ਭੇਜ ਦੇਈਏ? ਬੱਤੀ ਜਗਜੂ?

ਅਧਿਕਾਰੀ : (ਹੱਸਦਾ ਹੋਇਆ) ਗਰੰਟੀ ਨਾਲ।

(ਸ਼ਰਮਾ ਅਤੇ ਅਧਿਕਾਰੀ ਦੀ ਗੱਲਬਾਤ ਖ਼ਤਮ ਹੁੰਦੀ ਹੈ, ਕਿਰਪਾ ਆਉਂਦਾ ਹੈ)

ਕਿਰਪਾ : (ਸ਼ਰਮਾ ਨੂੰ) ਬਊ ਜੀ, ਸਾਸਰੀ ਕਾਲ। ਪੈਲੀ ਤਾਂ ਮੈਂ ਤੁਹਾਨੂੰ ਵੇਚ ਈ ਦਿੱਤੀ ਏ, ਤੁਹਾਡੀ ਹੋ ਗਈ। ਜਿਹੜਾ ਵਾਇਦਾ ਕੀਤੈ ਉਹ ਯਾਦ ਰੱਖਣਾ।

ਸ਼ਰਮਾ : ਨਹੀਂ ਵੱਢਦੇ ਟਾਹਲੀ, ਡੌਂਟ ਵਰੀ.....

ਕਿਰਪਾ : ਮੇਰੇ ਬਾਪੂ ਦੇ ਹੱਥ ਦੀ ਲੱਗੀ ਏ, ਉਹਦੀ ਯਾਦ ਏ ਬਊ ਜੀ। ਤੁਸੀਂ ਟਾਹਲੀ ਦੇ ਨਾਲ ਹੀ ਦਫ਼ਤਰ ਬਣਾ ਲਓ, ਠੰਡੀ-ਠੰਡੀ ਛਾਂ 'ਚ ਕੂਲਰ ਦੀ ਹਵਾ ਭੁੱਲ ਜਾਉਗੇ।

ਸ਼ਰਮਾ : ਓ. ਕੇ., ਸਤਿ ਸ੍ਰੀ ਅਕਾਲ।

(ਸ਼ਰਮਾ ਚਲਾ ਜਾਂਦਾ ਹੈ)

ਕਿਰਪਾ : (ਜੇਠੂ ਨੂੰ) ਯਾਰ, ਮੂੰਹ ਬੜਾ ਭੈੜਾ ਜਿਹਾ ਕੀਤੈ, ਖ਼ੁਸ਼ ਰਿਹਾ ਕਰ।

ਜੇਠੂ : ਕੀ ਖ਼ੁਸ਼ ਹੋਈਏ? ਸਭ ਕੁੱਝ ਕੁਦਰਤ ਦੇ ਉਲਟ ਹੋ ਰਿਹੈ। ਬੰਦਾ, ਬੰਦਾ ਨਹੀਂ ਰਿਹਾ। ਤੂੰ ਮੈਨੂੰ ਆਹ ਦੱਸ ਜਿੰਨੀਆਂ ਕਲੋਨੀਆਂ ਪੈ ਰਹੀਆਂ ਨੇ, ਧੜਾ ਧੜ ਪਲਾਟ ਕੱਟੇ ਜਾਂਦੇ ਪਏ ਨੇ, ਕੌਣ ਰਹੇਗਾ ਇਥੇ?

ਕਿਰਪਾ : ਲੋਕ ਪਲਾਟ ਮੁੱਲ ਲੈਂਦੇ ਨੇ ਵੇਚਣ ਵਾਸਤੇ, ਮੋਟੀ ਰਕਮ ਬਚ ਜਾਂਦੀ ਏ। ਕੋਈ ਬੈਂਕ ਇੰਨਾ ਵਿਆਜ ਨਹੀਂ ਦੇ ਸਕਦਾ,



ਜਿੰਨਾ ਪਲਾਟਾਂ ਤੋਂ ਬੰਦਾ ਕਮਾ ਜਾਂਦੈ, ਇਹਨੂੰ ਕਹਿੰਦੇ ਨੇ ਬਿਜਨਸ।

ਜੇਠੂ : ਬਿਜਨਸ ਤਾਂ ਚੱਲ ਗਿਐ, ਕਈਆਂ ਦੀ ਚਾਂਦੀ ਵੀ ਬਣ ਗਈ ਏ। ਪਰ...... ਗੱਲ ਸਾਰੀ ਕੁਦਰਤ ਦੇ ਉਲਟ ਚਲਦੀ ਪਈ ਏ।

ਕਿਰਪਾ : ਜਿਥੇ ਮਾਇਆ ਹੋਵੇ, ਕੁਦਰਤ ਵੀ ਉੱਥੇ ਈ ਵੱਸਦੀ ਏ। ਆਹ ਸਾਹਮਣੇ ਵਾਲੀ ਕਲੋਨੀ ਦੇ ਸਾਰੇ ਪਲਾਟ ਵਿਕ ਗਏ ਨੇ।

ਜੇਠੂ : ਫਿਰ ਲੋਕ ਇਥੇ ਆ ਕੇ ਰਿਹਾਇਸ਼ ਕਿਉਂ ਨਹੀਂ ਕਰਦੇ? ਰਾਤ ਨੂੰ ਤਾਂ ਇਥੇ ਭੂਤ ਖੇਡਦੇ ਨੇ।

ਕਿਰਪਾ : ਲੋਕ ਰਿਹਾਇਸ਼ ਕਰਨਗੇ ਹੀ, ਇਹ ਧਰਤੀ ਸੋਨਾ ਪੈਦਾ ਕਰਦੀ ਏ।

ਜੇਠੂ : (ਨਾਂਹ ਵਿੱਚ ਸਿਰ ਹਿਲਾਉਂਦਾ ਹੋਇਆ) ਧਰਤੀ ਤਾਂ ਉਦੋਂ ਸੋਨਾ ਉਗਲਦੀ ਸੀ ਜਦ ਅਨਾਜ ਦੀਆਂ ਟਰਾਲੀਆਂ ਭਰ-ਭਰ ਜਾਂਦੀਆਂ ਸੀ ਮੰਡੀ ਵਿੱਚ। ਹੁਣ ਕੀ ਏ ਗਾਜਰ ਬੂਟੀ, ਭੰਗ ਨਿਰੀ ਜਾਨ ਦਾ ਖੋਹ।

ਕਿਰਪਾ : (ਕੁੱਝ ਯਾਦ ਕਰਦਾ ਹੋਇਆ) ਮੈਂ ਤਾਂ ਤੇਰੇ ਨਾਲ ਗੱਲ ਕਰਨੀ ਸੀ....... ਤੂੰ ਸਾਡੀ ਨਹਿਰ ਵਾਲੀ ਪੈਲੀ ਵਿੱਚੋਂ ਦੋ ਚਾਰ ਮਰਲੇ ਲੈ ਕੇ ਕੋਠਾ ਪਾ ਲੈ, ਕੰਮ ਵੀ ਸਸਤਾ, ਪੈਸੇ ਭਾਵੇਂ ਸਾਲ ਠਹਿਰ ਕੇ ਦੇ ਦੇਵੀਂ। ਨਾਲੇ ਕੋਈ ਪਤਾ ਨਹੀਂ ਕੱਲ੍ਹ ਨੂੰ ਭਾਵੇਂ ਨਹਿਰ ਕੰਢੇ ਵੀ ਕੋਈ ਕਲੋਨੀ ਪੈ ਜਾਏ।

ਜੇਠੂ : ਜੇ ਇਹਨਾਂ ਦਾ ਵੱਸ ਚਲਿਆ ਤਾਂ ਫਿਰ ਨਹਿਰ ਵਿੱਚ ਵੀ ਕਲੋਨੀ ਪਾ ਦੇਣਗੇ। (ਘੋਰ ਉਦਾਸੀ ਵਿੱਚ) ਆਪਣਾ ਮਾੜਾ ਮੋਟਾ ਕੋਠਾ ਤਾਂ ਹੋਣਾ ਈ ਚਾਹੀਦੈ ਭਾਵੇਂ ਨਹਿਰ ਦੇ ਕੰਢੇ 'ਤੇ ਹੀ ਹੋਵੇ। ਮੈਂ ਪੈਸੇ ਲਾਹ ਦਿਆਂਗਾ। (ਸੁਪਨਮਈ ਹਾਲਤ ਵਿੱਚ) ਮੈਂ ਤੇ ਤਾਰੋ ਨਹਿਰ ਕੰਢੇ ਸੈਰ ਕਰਿਆ ਕਰਾਂਗੇ, ਰਾਤ ਨੂੰ ਸਾਡੇ ਸਿਰ 'ਤੇ ਜਗਦੇ ਬੁਝਦੇ ਤਾਰੇ ਸਾਨੂੰ ਵੇਖ-ਵੇਖ ਖ਼ੁਸ਼ ਹੋਣਗੇ। ਚੰਨ ਮਾਮਾ ਮੇਰੇ ਵੱਲ ਵੇਖੇਗਾ ਤੇ ਮੈਂ ਗਾਵਾਂਗਾ : ਚੰਨ ਮਾਮਾ ਆ ਜਾ, ਮੇਰੀ ਰੋਟੀ ਖਾ ਜਾ।

(ਕਿਰਪੇ ਦਾ ਮੁੰਡਾ ਜਗੀਰ ਬੜੀ ਤੇਜ਼-ਤੇਜ਼ ਆਉਂਦਾ ਹੈ, ਉਸ ਦੇ ਚਿਹਰੇ 'ਤੇ ਘਬਰਾਹਟ ਦੇ ਚਿੰਨ੍ਹ ਹਨ)

ਕੁੜਿੱਕੀ : ਬਾਪੂ, ਸ਼ਰਮੇ ਹੋਰਾਂ ਨੇ ਟਾਹਲੀ ਵੱਢ ਦਿੱਤੀ ਏ.......

ਕਿਰਪਾ : (ਗੁੱਸੇ ਵਿੱਚ ਭੜਕਦਾ ਹੋਇਆ) ਸ਼ਰਮਿਆ, ਮੈਂ ਤੇਰੀ ਦੁਨੀਆਂ ਨੂੰ ਅੱਗ ਲਾ ਦਿਆਂਗਾ, ਤੂੰ ਟਾਹਲੀ ਨਹੀਂ ਵਿਛਾਈ ਧਰਤੀ ਤੇ, ਮੇਰੇ ਬਾਪੂ ਦੀ ਲਾਸ਼ ਵਿਛਾ ਤੀ। ਮੇਰਾ ਬਾਪੂ ਟਾਹਲੀ ਦੀ ਹਰ ਟਾਹਣੀ ਵਿੱਚ ਜੀਂਦਾ ਸੀ, ਹਰ ਪੱਤੇ 'ਚ ਸਾਹ ਲੈਂਦਾ ਸੀ ਪਰ ਤੂੰ ਬਾਪੂ ਨੂੰ ਕਤਲ ਕਰ ਦਿੱਤੈ.....

(ਕਿਰਪਾ ਬੇਬਸੀ ਵਿੱਚ ਰੋ ਪੈਂਦਾ ਹੈ)

ਜਗੀਰ : ਬਾਪੂ, ਅਖ਼ਬਾਰ ਵਿੱਚ ਆਇਐ, ਸਰਕਾਰ ਨੇ ਸੌ ਕਿਲਾ ਜ਼ਮੀਨ ਕਿਸੇ ਕੰਪਨੀ ਨੂੰ ਦੇ ਦਿੱਤੈ ਤੇ ਸਾਡੀ ਨਹਿਰ ਵਾਲੀ ਜ਼ਮੀਨ ਵੀ.......

ਕਿਰਪਾ : ਮੈਂ ਕੀ ਸੁਣ ਰਿਹਾਂ? ਮੇਰੀਆਂ ਅੱਖਾਂ ਅੱਗੇ ਹਨੇਰਾ......

(ਨਾਅਰਿਆਂ ਦੀ ਆਵਾਜ਼ ਆਉਂਦੀ ਹੈ)

ਨਾਅਰੇ : ਸਾਡੀ ਜ਼ਮੀਨਾਂ ਵਾਪਸ ਕਰੋ—ਵਾਪਸ ਕਰੋ, ਵਾਪਸ ਕਰੋ ਜ਼ਮੀਨ ਸਾਡੀ ਮਾਂ ਹੈ, ਮਾਂ ਹੈ ਠੰਡੀ ਛਾਂ ਹੈ।

ਕਿਰਪਾ : ਮੈਂ ਵੀ ਆ ਰਿਹਾਂ ਨਾਅਰੇ ਲਾਉਣ। ਓ ਧਾੜਵੀਓ, ਜਾਂ ਤੁਸੀਂ ਨਹੀਂ ਜਾ ਫੇਰ ਮੈਂ ਨਹੀਂ।

(ਤੇਜ਼ ਤੇਜ਼ ਕਦਮੀਂ ਕਿਰਪਾ ਤੇ ਜਗੀਰ ਚਲੇ ਜਾਂਦੇ ਹਨ)

ਜੇਠੂ : (ਹਾਰੇ ਹੋਏ ਵਿਅਕਤੀ ਵਾਂਗ) ਹੁਣ ਕੀ ਬਚਿਐ....... ਜੇਠੂ ਦਾ ਕੋਠਾ ਹੁਣ ਹਵਾ ਵਿੱਚ ਹੀ ਬਣੇਗਾ, ਜੇਠੂ ਦਾ ਕੋਠਾ ਇਕ ਸੁਫ਼ਨਾ ਸੀ, ਸੁਫ਼ਨਾ ਈ ਰਹੇਗਾ।

(ਫੁੱਟ ਫੁੱਟ ਕੇ ਰੋ ਪੈਂਦਾ ਹੈ, ਦੂਰੋਂ ਗੀਤ ਦੇ ਬੋਲ ਸੁਣਾਈ ਦਿੰਦੇ ਹਨ)

ਸੁਫ਼ਨਾ ਸੀ ਜੇਠੂ ਦਾ ਕੋਠਾ, ਸੁਫ਼ਨਾ ਬਣ ਕੇ ਰਹਿ ਗਿਆ।
ਕਿੰਜ ਉਸਰੇ ਜੇਠੂ ਦਾ ਕੋਠਾ, ਬਣਨ ਤੋਂ ਪਹਿਲਾਂ ਢਹਿ ਗਿਆ। ਸੁਫ਼ਨਾ ਸੀ ਜੇਠੂ ਦਾ ਕੋਠਾ.................

—o—



# ਚੋਰ

| | | |
|---|---|---|
| ਧੁੰਨਾ | : | ਇੱਕ ਕਿਸਾਨ, ਉਮਰ 55 ਸਾਲ |
| ਮਿੰਦਰੋ | : | ਧੁੰਨੇ ਦੀ ਪਤਨੀ, ਉਮਰ 50 ਸਾਲ |
| ਜਿੰਦਰ | : | ਪੜ੍ਹਿਆ ਲਿਖਿਆ ਬੇਰੁਜ਼ਗਾਰ, ਉਮਰ 25 ਸਾਲ |
| ਕਿਸ਼ਨਾ | : | ਇੱਕ ਦੁਕਾਨਦਾਰ, ਉਮਰ 45 ਸਾਲ |
| ਖਜਾਨ ਸਿੰਘ | : | ਧੁੰਨੇ ਦਾ ਸਾਲਾ, ਉਮਰ 48 ਸਾਲ |
| ਕੰਤੀ | : | ਆਮ ਆਦਮੀ, ਉਮਰ 35 ਸਾਲ |
| 1 | : | ਦੋ ਯਮ |
| 2 | : | |
| ਗਿਆਨ ਸਿੰਘ | : | ਆੜ੍ਹਤੀਆ, ਉਮਰ 60 ਸਾਲ |
| ਬੰਤੂ | : | ਝੀਊਰ, ਉਮਰ 50 ਸਾਲ |
| ਚੰਨਾ | : | ਧੁੰਨੇ ਦਾ ਪੁੱਤਰ, 26 ਸਾਲ |
| ਚੋਰ | | |



# ਚੋਰ

(ਧੁੰਨਾ ਆਪਣੇ ਘਰ ਦੇ ਛੋਟੇ ਜਿਹੇ ਵਰਾਂਡੇ ਵਿੱਚ ਮੰਜੇ 'ਤੇ ਸੌਂ ਰਿਹਾ ਹੈ, ਸੁਫ਼ਨੇ ਵਿੱਚ ਉਸ ਦੇ ਬੋਲਣ ਦੀ ਆਵਾਜ਼ ਸੁਣਾਈ ਦਿੰਦੀ ਹੈ)

ਧੁੰਨਾ : (ਸੁਫ਼ਨੇ ਵਿੱਚ) ਲੋਕੋ! ਦੌੜੋ, ਆਹ ਚੋਰਾਂ ਮੇਰੀਆਂ ਸਾਰੀਆਂ ਟਾਹਲੀਆਂ ਵੱਢ ਲਈਆਂ, ਵੇਖੋ.....ਔਹ ਵੇਖੋ....... ਤੁਸੀਂ ਵੇਖਦੇ ਨਹੀਂ? ਤੁਸੀਂ ਅੰਨ੍ਹੇ ਹੋ? ਦਿਨ ਦੀਵੀਂ ਚੋਰ ਕੀ ਕਰਦੇ ਪਏ ਨੇ.......ਮੇਰੀ ਹਿੱਕ 'ਤੇ ਆਰੀ ਫਿਰਦੀ ਪਈ ਏ, ਟੋਟੇ ਕਰ ਕਰ ਟਰਾਲੀ ਵਿੱਚ ਸੁੱਟੀ ਜਾਂਦੇ ਨੇ ਹਰਾਮਜਾਦੇ, ਹਾਏ ਉਏ ਮੇਰੀਆਂ ਅਸਮਾਨ ਨੂੰ ਛੂਹਣ ਵਾਲੀਆਂ ਟਾਹਲੀਆਂ! ਮੈਂ ਲੁੱਟਿਆ ਗਿਆ, ਕੋਈ ਨਹੀਂ ਮੇਰੀ ਮਦਦ ਕਰਨ ਵਾਲਾ। ਮੇਰੀਆਂ ਤੀਹ ਹਜ਼ਾਰ ਦੀਆਂ ਟਾਹਲੀਆਂ ਨੇ, ਟਾਹਲੀਆਂ ਮੇਰੀ ਜਾਨ ਨੇ, ਮੈਂ ਜਾਨ ਦੇ ਦਊਂ। ਚਲਾਉ ਟਰੈਕਟਰ, ਮੈਂ ਖੜ੍ਹਾ ਵਾਂ ਰਾਹ ਵਿੱਚ..... ਲੰਘਾ ਦਿਉ ਮੇਰੇ ਉਪਰੋਂ...... ਹਾਏ ਹਾਏ........

(ਮੰਜੇ ਤੋਂ ਹੇਠਾਂ ਡਿੱਗ ਪੈਂਦਾ ਹੈ, ਧੁੰਨੇ ਨੂੰ ਜਾਗ ਆ ਜਾਂਦੀ ਹੈ)

ਸ਼ੁਕਰ ਏ, ਟਾਹਲੀਆਂ ਸਹੀ ਸਲਾਮਤ ਨੇ। ਕਿੰਨੇ ਖ਼ੌਫ਼ ਵਾਲਾ ਸੁਫ਼ਨਾ ਸੀ। ਅੱਧੀ ਰਾਤ ਤਾਂ ਖੰਘਦੇਂ-ਖੰਘਦੇ ਪੈ ਗਈ, ਜਦ ਜਰਾ ਅੱਖ ਲੱਗੀ ਤਾਂ ਸਾਲਾ ਸੁਫ਼ਨਾ ਪਤਾ ਨੀਂ ਕਿਧਰੋਂ ਆ ਗਿਐ।

(ਧੁੰਨਾ ਸਿੰਘ ਦੀ ਖੰਘ ਛਿੜ ਪੈਂਦੀ ਹੈ, ਜਿਸ ਦੀ ਆਵਾਜ਼ ਸੁਣ ਕੇ ਮਿੰਦਰੋ ਆ ਜਾਂਦੀ ਹੈ।

ਮਿੰਦਰੋ : (ਖਿੱਝਦੀ ਹੋਈ) ਖੰਘ ਫਿਰ ਛਿੜ ਪਈ ਏ?

ਧੁੰਨਾ : (ਖੰਘਦਾ ਹੋਇਆ) ਆਹ ਸਾਲੀ ਖੰਘ ਪਤਾ ਨਹੀਂ ਕਦ ਖਹਿੜਾ ਛੱਡੇਗੀ। ਮਹੀਨਾ ਹੋ ਗਿਆ ਡਾਕਟਰ ਦੀ ਦਵਾਈ ਖਾਂਦੇ ਨੂੰ। ਛੇ ਸੱਤ ਸੌ ਰੁਪਿਆ ਵੀ ਫੂਕ ਛੱਡਿਐ, ਉਧਰ ਡਾਕਟਰ ਮੇਰੇ ਸਾਲੇ ਪਤਾ ਨਹੀਂ ਕਿਹੜੀ ਦਵਾਈ ਦੇ ਦਿੰਦੇ ਨੇ, ਇੱਕ ਪੈਸੇ ਦਾ ਫ਼ਰਕ ਨਹੀਂ ਪਿਆ।

ਮਿੰਦਰੋ : ਡਾਕਟਰ ਨੂੰ ਕਹਿਣਾ ਸੀ ਦਵਾਈ ਬਦਲ ਦੇਂਦਾ।

ਧੂੰਨਾ : ਹਰ ਵਾਰ ਨਵੀਂ ਸ਼ੀਸ਼ੀ ਹੱਥ ਫੜਾ ਦੇਂਦੈ ਤੇ ਲਾਹ ਲੈਂਦੇ ਪੰਜਾਹ ਰੁਪਏ।

ਮਿੰਦਰੋ : ਆਪ ਤਾਂ ਤੂੰ ਖਊਂ-ਖਊਂ ਕਰਨਾ ਈ ਐਂ, ਸਾਨੂੰ ਤਾਂ ਝੱਟ ਅਰਾਮ ਕਰ ਲੈਣ ਦਿਆ ਕਰ ਕਦੇ।

ਧੂੰਨਾ : ਮੈਂ ਕੋਈ ਖ਼ੁਸ਼ੀ ਨਾਲ ਤਾਂ ਨਹੀਂ ਕਰਦਾ ਖਊਂ-ਖਊਂ।

ਮਿੰਦਰੋ : ਤੈਨੂੰ ਖੰਘ ਤਾਂ ਕੀ ਲੱਗ ਗਈ ਸਾਰੇ ਟੱਬਰ ਨੂੰ ਟੰਗ ਦਿੱਤਾ ਤੂੰ। ਕਦੇ ਕਹਿਨੈਂ—ਸਾਹ ਚੜ੍ਹਦਾ ਪਿਐ, ਕਦੇ ਕਹਿਨੈਂ—ਸਾਹ ਨਹੀਂ ਆਉਂਦਾ ਪਿਆ। ਪਰਸੋਂ ਜਿਹੜੀ ਸ਼ੀਸ਼ੀ ਲਿਆ ਕੇ ਦਿੱਤੀ ਸੀ, ਕੋਈ ਫ਼ਰਕ ਜਾਪਿਆ ਨਹੀਂ?

ਧੂੰਨਾ : ਉਸ ਸ਼ੀਸ਼ੀ ਨੇ ਕਿਹੜਾ ਚਮਤਕਾਰ ਵਿਖਾ ਦਿੱਤੈ. ਇੱਕ ਕੌਡੀ ਦਾ ਫ਼ਰਕ ਨਹੀਂ ਪਿਆ।

ਮਿੰਦਰੋ : ਨਹੀਂ ਪਿਆ ਫ਼ਰਕ ਤਾਂ ਦਿਨੇ ਜਾ ਕੇ ਉਹ ਸ਼ੀਸ਼ੀ ਮਾਰੀਂ ਡਾਕਟਰ ਦੀ ਟਿੰਡ ਵਿੱਚ।

ਧੂੰਨਾ : ਡਾਕਟਰ ਨਾਲ ਤਾਂ ਫਿਰ ਵੇਖਾਂਗੇ (ਖੰਘਦਾ ਹੋਇਆ) ਤੂੰ ਏਦਾਂ ਕਰ, ਥੋੜ੍ਹੀ ਚਿਹੀ ਚਾਹ ਲਿਆ ਬਣਾ ਕੇ।

ਮਿੰਦਰੋ : ਕਿਥੋਂ ਲਿਆਵਾਂ ਚਾਹ? ਪੱਤੀ ਤਾਂ ਕੱਲ੍ਹ ਸ਼ਾਮਾਂ ਦੀ ਖ਼ਤਮ ਹੋ ਗਈ ਸੀ।

ਧੂੰਨਾ : ਫੜ੍ਹ ਲਿਆਉਣੀ ਸੀ ਦੋ ਛਟਾਂਕਾਂ ਕਿਸ਼ਨੇ ਦੀ ਦੁਕਾਨੋਂ।

ਮਿੰਦਰੋ : ਬਿਨਾਂ ਪੈਸਿਆਂ ਉਹ ਚੜ੍ਹਣ ਦੇਂਦੈ ਅਪਣੀ ਹੱਟੀ 'ਤੇ, ਉਹਦੇ ਪਹਿਲਾਂ ਵੀ ਪੈਸੇ ਦੇਣੇ ਨੇ। ਜਦੋਂ ਵੀ ਉਹਦੀ ਹੱਟੀ 'ਤੇ ਜਾਨੇ ਆਂ ਤਾਂ ਭੈੜੀ ਜਿਹੀ ਬੂਥੀ ਬਣਾ ਕੇ ਤੇ ਗੈਂਡੇ ਵਰਗੀਆਂ ਅੱਖਾਂ ਬਣਾ ਕੇ ਕਹਿੰਦੈ—ਪਿਛਲਾ ਉਧਾਰ ਤਾਂ ਸਾਫ਼ ਕਰ ਦਿਉ। ਗਾਹਕਾਂ ਸਾਹਮਣੇ ਤਾਂ ਉਹਦੀ ਜ਼ਬਾਨ ਕੁੱਝ ਜ਼ਿਆਦਾ ਈ ਚਲਦੀ ਏ ਕੁਤਰ ਕੁਤਰ। ਦਿਲ ਕਰਦੈ ਕਿ ਪੈਸੇ ਹੋਣ ਤਾਂ ਠਾਹ ਮਾਰਾਂ ਉਹਦੀ ਨੱਕ 'ਤੇ।

ਧੂੰਨਾ : ਕਿਸ਼ਨੇ ਦੇ ਦਿਨ ਫਿਰ ਗਏ ਨੇ। ਜਦੋਂ ਸਾਡੇ ਮੁਹੱਲੇ ਆਇਆ ਸੀ, ਸਾਲੇ ਦੀ ਬੂਤਨੀ ਭੁੱਲੀ ਪਈ ਸੀ, ਪਰ ਅੱਜ ਉਹਦੀਆਂ ਨਜ਼ਰਾਂ ਈ ਬਦਲ ਗਈਆਂ ਨੇ। (ਗੱਲ ਪਲਟਦਾ ਹੋਇਆ) ਅਜੇ ਰਾਤ ਕਿੰਨੀ ਕੁ ਹੋਵੇਗੀ?

ਮਿੰਦਰੋ : ਲੋਅ ਲੱਗਣ ਈ ਵਾਲੀ ਏ। ਮੈਂ ਜਾਵਾਂ ਅੰਦਰ? ਘੜੀ ਹੋਰ ਸੌਂ ਲਵਾਂ, ਮੇਰੇ ਮੌਰ ਦੁਖਦੇ ਪਏ ਨੇ।



ਧੂੰਨਾ : ਚੰਗਾ ਸੌਂ ਲੈ, ਦਿਨ ਚੜ੍ਹਦੇ ਪੈਲੀ ਵਿੱਚੋਂ ਚੰਨਾ ਆਇਆ ਤਾਂ ਉਹਨੂੰ ਤੋਰੀਂ ਸੌਦਾ ਪੱਤਾ ਲੈਣ।

ਮਿੰਦਰੋ : ਤੋਰ ਦਿਆਂਗੀ, ਹੁਣ ਚੁੱਪ ਵੀ ਕਰੇਂਗਾ ਕਿ ਨਹੀਂ?

(ਮਿੰਦਰੋ ਅੰਦਰ ਚਲੀ ਜਾਂਦੀ ਹੈ)

ਧੂੰਨਾ : ਸਾਲੀ ਕਿੱਡੀ ਉਖੜੀ ਕੁਹਾੜੀ ਵਾਂਗੂੰ ਪੈਂਦੀ ਏ। (ਡੂੰਘੀ ਉਦਾਸੀ ਵਿੱਚ) ਕਾਹਦੀ ਜ਼ਿੰਦਗੀ ਏ? ਅਸੀਂ ਤਾਂ ਜੂਨ ਈ ਪੂਰੀ ਕਰਨ ਆਏ ਆਂ ਜੱਗ ਤੇ। ਅਨਾਜ ਪੈਦਾ ਕਰਦਿਆਂ ਸਾਰੀ ਜ਼ਿੰਦਗੀ ਨੁਕਰੇ ਲਾ ਤੀ ਪਰ..... ਸਾਡੀ ਰੋਟੀ ਨਾ ਕਦੇ ਹੋਈ ਪੂਰੀ। (ਸੌਂ ਜਾਂਦਾ ਹੈ)

(ਚੋਰ ਆਉਂਦਾ ਹੈ ਜਿਸ ਦੇ ਹੱਥ ਵਿੱਚ ਪਿਸਟਲ ਹੈ, ਉਸ ਨੇ ਮੂੰਹ ਦਾ ਕੁੱਝ ਹਿੱਸਾ ਕੱਪੜੇ ਨਾਲ ਢੱਕਿਆ ਹੋਇਆ ਹੈ ਅੱਤੇ ਅੱਖਾਂ ਨੰਗੀਆਂ ਹਨ, ਧੂੰਨਾ ਸੁਫ਼ਨੇ ਵਿੱਚ ਬੋਲੀ ਜਾਂਦਾ ਹੈ)

ਧੂੰਨਾ : (ਸੁਫ਼ਨੇ ਵਿੱਚ) ਠੀਕ ਏ ਟਾਹਲੀਆਂ ਤਾਂ ਮੈਂ ਵੇਚਣੀਆਂ ਨੇ ਹੀ। ਟਾਹਲੀਆਂ ਵੇਖ ਈ ਲਈਆਂ ਤੂੰ, ਪੂਰੇ ਇਲਾਕੇ 'ਚ ਇਵੇਂ ਦੀਆਂ ਟਾਹਲੀਆਂ ਨਹੀਂ ਲੱਭਣੀਆਂ ਕਾਲੀ ਲੱਕੜ ਵਾਲੀਆਂ। ਪੈਸੇ? ਪੂਰੇ ਤੀਹ ਹਜ਼ਾਰ ਲਵਾਂਗਾ ਗਿਣ ਕੇ, ਦਮੜੀ ਘੱਟ ਨਹੀਂ ਲੈਣੀ। ਗੱਲ ਸਾਫ਼ ਏ। ਨਾ ਕੋਈ ਵਿੰਗ ਨਾ ਤੜਿੰਗ। ਦਿਲ ਮੰਨਦੈ ਤਾਂ ਤੀਹ ਹਜ਼ਾਰ ਸੁੱਟ, ਨਹੀਂ ਤਾਂ ਔਹ ਜਾਂਦੈ ਤੇਰਾ ਰਾਹ...... ਹਾਂ ਹਾਂ, ਤੀਹ ਹਜ਼ਾਰ ਈ ਲੈਣੇ ਨੇ।

ਚੋਰ : ਤੈਨੂੰ ਦਿਆਂ ਤੀਹ ਹਜ਼ਾਰ ਗਿਣ ਕੇ........

(ਧੂੰਨੇ ਨੂੰ ਜਾਗ ਆ ਜਾਂਦੀ ਹੈ)

ਧੂੰਨਾ : (ਡਰਦੇ ਹੋਏ) ਕੌਣ?

ਚੋਰ : ਚੋਰ....... ਖ਼ਬਰਦਾਰ! ਜੇ ਚੂੰ ਵੀ ਕੀਤੀ ਤਾਂ ਗੋਲੀ ਆਰ ਪਾਰ ਕਰ ਦਿਆਂਗਾ।

ਧੂੰਨਾ : ਅੱਗੇ ਕਿਹੜਾ ਮੈਂ ਬੜਕਾਂ ਮਾਰਦਾਂ ਪਿਆ! ਨਹੀਂ ਕਰਦਾ ਭਰਾਵਾ ਚੂੰ, ਲੰਘ ਜਾ ਅੰਦਰ। ਲੈ ਜਾ ਪੰਡਾਂ ਬੰਨ੍ਹ ਕੇ।

ਚੋਰ : ਚੁੱਪ! ਜ਼ਬਾਨ ਬੰਦ ਰੱਖ।

ਧੂੰਨਾ : ਠੀਕ ਏ ਭਰਾਵਾ, ਤੂੰ ਅਪਣਾ ਕੰਮ ਕਰ ਲੈ (ਚੋਰ ਅੰਦਰ ਜਾਂਦਾ ਹੈ) ਵਾਹ ਬਈ ਧੂੰਨਿਆ, ਤੇਰੇ ਘਰ ਕਿਹੜਾ ਕੋਹੇਨੂਰ ਹੀਰਾ ਆ ਗਿਐ, ਜਿਹਨੂੰ ਲੁੱਟਣ ਵਾਸਤੇ ਚੋਰ ਹੱਥ ਵਿੱਚ ਪਿਸਟਲ ਫੜੀ

ਆ ਗਿਐ। ਸਾਨੂੰ ਤਾਂ ਇਥੇ ਦਿਨੇ ਨਹੀਂ ਕੁੱਝ ਲੱਭਦਾ, ਤੈਨੂੰ ਰਾਤ ਨੂੰ ਕਿਹੜਾ ਖ਼ਜ਼ਾਨਾ ਲੱਭ ਪਵੇਗਾ। ਚੋਰਾ! ਤੂੰ ਵੀ ਯਾਦ ਕਰੇਂਗਾ ਕਿਸੇ ਘਰ ਚੋਰੀ ਕਰਨ ਗਿਆ ਸੀ।

(ਚੋਰ ਵਾਪਸ ਧੁੰਨੇ ਕੋਲ ਆਉਂਦਾ ਹੈ)

ਕਿਉਂ ਭਰਾਵਾ, ਜਲਦੀ ਆ ਗਿਐਂ? ਕੋਈ ਮਾਲ ਸ਼ਾਲ ਹੱਥ ਨਹੀਂ ਲੱਗਾ?

ਚੋਰ : ਹੂੰ! ਨੰਗਾਂ ਦਾ ਘਰ! ਇੱਥੋਂ ਕੀ ਮਿਲਣੈਂ? ਇਸ ਘਰ 'ਚ ਤਾਂ ਸੁਆਹ ਵੀ ਨਹੀਂ।

ਧੁੰਨਾ : ਚੁੱਲਾ ਬਲੇਗਾ ਤਾਂ ਹੀ ਸੁਆਹ ਹੋਵੇਗੀ, ਜਿਹੜੀ ਮੁੱਠ ਹੁੰਦੀ ਏ ਉਹ ਭਾਂਡੇ ਮਾਂਜਣ ਤੇ ਲੱਗ ਜਾਂਦੀ ਏ। ਚਾਰ ਭਾਂਡੇ ਈ ਚੁੱਕ ਕੇ ਲੈ ਜਾ, ਤੇਰੇ ਫੇਰੇ ਦਾ ਕੁੱਝ ਮੁੱਲ ਪੈ ਜਾਏ।

ਚੋਰ : ਭਾਂਡੇ? ਕਿਹੜਾ ਸਿਰਫਿਰਾ ਅੱਜਕਲ੍ਹ ਭਾਂਡਿਆਂ ਦੀ ਚੋਰੀ ਕਰਦੈ? ਭਾਂਡੇ ਸਿਰ 'ਚ ਮਾਰਨੇ ਨੇ। ਗੱਲ ਨੋਟਾਂ ਦੀ ਏ ਸਾਰੀ.....

ਧੁੰਨਾ : ਐਥੋਂ ਤਾਂ ਤੈਨੂੰ ਪੰਜ-ਪੰਜ ਸੌ ਵਾਲੇ ਹੀ ਨੋਟ ਮਿਲਣਗੇ।

ਚੋਰ : ਜਿਸ ਘਰ ਭੰਗ ਭੁੱਜਦੀ ਹੋਵੇ ਉੱਥੇ ਨੋਟ ਕਿੱਥੋਂ?

ਧੁੰਨਾ : ਚੰਗਾ ਭੰਗ ਈ ਲੈ ਜਾ।

ਚੋਰ : ਮੈਂ ਭੰਗੀ ਨਹੀਂ ਬੁੱਢਿਆ।

ਧੁੰਨਾ : ਚੱਲ ਕੰਗਾਲੀ ਹੀ ਲੈ ਜਾ, ਇਹ ਘੱਟ ਜਾਏ ਤਾਂ ਅਸੀਂ ਵੀ ਕੋਈ ਚੰਗਾ ਦਿਨ ਵੇਖ ਲਈਏ।

ਚੋਰ : ਮੈਂ ਖ਼ੁਦ ਕੰਗਾਲ ਆਂ।

ਧੁੰਨਾ : ਭੁੱਖ ਈ ਲੈ ਜਾ।

ਚੋਰ : ਮੈਂ ਖ਼ੁਦ ਭੁੱਖਾਂ ਦਾ ਮਾਰਿਆ ਫਿਰਦਾਂ।

ਧੁੰਨਾ : ਤੂੰ ਤਾਂ ਅਮੀਰ ਜਾਪਦੈਂ ਭਰਾਵਾ।

ਚੋਰ : ਕਿਹੜਾ ਖੋਤੇ ਦਾ ਖੁਰ ਮੈਨੂੰ ਅਮੀਰ ਕਹਿੰਦੈ?

ਧੁੰਨਾ : ਤੇਰਾ ਪਿਸਟਲ ਵੇਖ ਕੇ ਇੰਜ ਈ ਜਾਪਦੈ। ਕਿੰਨੇ ਕੁ ਦਾ ਹੋਏਗਾ ਤੇਰਾ ਆਹ ਪਿਸਟਲ?

ਚੋਰ : ਪਿਸਟਲ? (ਹੱਸਦਾ ਹੈ) ਵੀਹ ਰੁਪਏ ਦਾ, ਖਿਡੌਣਾ ਹੈ ਖਿਡੌਣਾ। ਪਰ ਇਸ ਖਿਡੌਣੇ ਨਾਲ ਅਸਲੀ ਪਿਸਟਲ ਜ਼ਰੂਰ ਲੁੱਟਾਂਗਾ। (ਧੰਨਾ ਖੰਘਦਾ ਹੈ) ਬਿਮਾਰ ਏਂ?

ਧੁੰਨਾ : ਆਹੋ ਭਰਾਵਾ, ਜਾਂਦਾ-ਜਾਂਦਾ ਬਿਮਾਰੀ ਈ ਇਸ ਘਰੋਂ ਲੈ ਜਾ।



ਚੋਰ : ਤੇਰੇ ਅਕਲ ਦੇ ਗੇੜੇ ਪੁੱਠੇ ਪਏ ਚਲਦੇ ਨੇ। ਮੇਰੀ ਮਾਂ ਬਿਮਾਰ ਏ, ਹਾਲਤ ਬਹੁਤੀ ਖਰਾਬ ਏ, ਉਹਨੂੰ ਸ਼ਹਿਰ ਦੇ ਡਾਕਟਰ ਕੋਲ ਲੈ ਕੇ ਜਾਣਾ ਪੈਣੈ। ਮਾਂ ਦਾ ਓਪਰੇਸ਼ਨ ਕਰੌਣਾ ਪਵੇਗਾ, ਮੈਨੂੰ ਪੰਜਾਹ ਹਜ਼ਾਰ ਦੀ ਡਾਹਢੀ ਲੋੜ ਏ।

ਧੁੰਨਾ : ਤੂੰ ਕੋਈ ਕੰਮ ਧੰਦਾ ਨਹੀਂ ਕਰਦਾ?

ਚੋਰ : ਬਥੇਰੇ ਪਾਪੜ ਵੇਲ ਵੇਲ ਵੇਖ ਲਏ ਪਰ ਸਾਡੇ 'ਤੇ ਕਰਜ਼ੇ ਦੀ ਤਲਵਾਰ ਲਟਕਦੀ ਰਹੀ। ਸਾਡਾ ਪਿਓ ਚੰਗੇ ਦਿਨਾਂ ਦੇ ਸੁਫ਼ਨੇ ਲੈਂਦਾ-ਲੈਂਦਾ ਫੱਟੇ 'ਤੇ ਜਾ ਪਿਐ। ਮਾਂ ਦੀ ਬਿਮਾਰੀ ਪਿੰਡ ਦੇ ਡਾਕਟਰਾਂ ਤੋਂ ਕਾਬੂ ਨਹੀਂ ਆਈ। ਹੁਣ ਦੱਸ ਮੈਂ ਚੋਰੀ ਨਾ ਕਰਾਂ ਤਾਂ ਹੋਰ ਕੀ ਕਰਾਂ?

ਧੁੰਨਾ : ਮੈਂ ਵੀ ਚੰਗੇ ਦਿਨਾਂ ਦੇ ਸੁਫ਼ਨੇ ਲੈਂਦਾ-ਲੈਂਦਾ ਇਹਨਾਂ ਦਿਨਾਂ 'ਤੇ ਆ ਗਿਆਂ। ਸੋਚਿਆ ਸੀ ਸਾਡੇ ਦਿਨ ਵੀ ਫਿਰਨਗੇ।

ਚੋਰ : (ਮਖੌਲ ਕਰਦਾ ਹੋਇਆ) ਆਹੋ ਤੇਰੇ ਦਿਨ ਜ਼ਰੂਰ ਫਿਰਨਗੇ ਤੇ ਨਾਲ ਲੱਗਦੇ ਰਾਤਾਂ ਵੀ ਫਿਰਨਗੀਆਂ ਮੰਜੇ 'ਤੇ ਪਏ ਪਏ ਦੀਆਂ! ਮੈਂ ਚੱਲਿਆਂ, ਕਿੰਨਾ ਕੀਮਤੀ ਵਕਤ ਬਰਬਾਦ ਕਰ ਲਿਐ, ਭੁਲੇਖੇ ਨਾਲ ਇਸ ਘਰ 'ਚ ਆ ਗਿਆਂ।

ਧੁੰਨਾ : ਭਰਾਵਾ, ਜਾਂਦਾ-ਜਾਂਦਾ ਇਹ ਜ਼ਰੂਰ ਦੱਸ ਜਾ ਬੰਦੇ ਦੇ ਦਿਨ ਕਿਵੇਂ ਫਿਰ ਸਕਦੇ ਨੇ?

ਚੋਰ : (ਪਿਸਟਲ ਵਿਖਾਉਂਦਾ ਹੋਇਆ) ਇਹਦੇ ਨਾਲ। ਲੈ ਆਹ ਤੂੰ ਰੱਖ ਲੈ।

(ਚੋਰ ਪਿਸਟਲ ਨੂੰ ਧੁੰਨੇ ਦੀ ਮੰਜੀ 'ਤੇ ਰੱਖ ਦਿੰਦਾ ਹੈ, ਮਿੰਦਰੋ ਆਉਂਦੀ ਹੈ ਅਤੇ ਚੋਰ ਨੂੰ ਵੇਖ ਕੇ ਡਰ ਜਾਂਦੀ ਹੈ। ਚੋਰ ਬਾਹਰ ਚਲੇ ਜਾਂਦਾ ਹੈ)

ਮਿੰਦਰੋ : (ਡਰੀ ਆਵਾਜ਼ ਵਿੱਚ) ਉਹ ਬੰਦਾ ਚੋਰ ਸੀ?

ਧੁੰਨਾ : ਆਹੋ ਚੋਰ ਸੀ।

ਮਿੰਦਰੋ : ਮੈਂ ਉਹਨੂੰ ਵੇਖਿਆ ਈ ਸੀ ਤੇ ਉਹ ਡਰ ਕੇ ਦੌੜ ਗਿਆ।

ਧੁੰਨਾ : (ਮਖੌਲ ਨਾਲ) ਆਹੋ ਤੇਰੇ ਕੋਲੋਂ ਡਰ ਕੇ ਦੌੜ ਗਿਐ। ਚੋਰ ਨੂੰ ਪਤਾ ਲੱਗ ਗਿਆ ਸੀ ਝਾਂਸੀ ਦੀ ਰਾਣੀ ਸ਼ਾਸਤਰਾਂ ਨਾਲ ਲੈਸ ਹੋ ਕੇ ਮੈਦਾਨੇ ਜੰਗ ਆਈ ਏ!

ਮਿੰਦਰੋ : ਗੱਲ ਨੂੰ ਮਖ਼ੌਲ ਵਿੱਚ ਨਾ ਪਾ, ਸਾਡੀ ਕੋਈ ਚੀਜ਼ ਤਾਂ ਨਹੀਂ ਚੁੱਕ ਕੇ ਲੈ ਗਿਆ?

ਧੂਨਾ : ਤੇਰੇ ਗਲੇ ਦਾ ਨੌਂ ਲੱਖਾ ਹਾਰ ਲਾਹ ਕੇ ਲੈ ਗਿਐ! ਆਪਣੇ ਆਪ ਨੂੰ ਕਿੱਡੀ ਰਾਣੀ ਸੁੰਦਰਾਂ ਸਮਝਦੀ ਏ!

ਮਿੰਦਰੋ : ਰਾਣੀ ਤਾਂ ਉਸੇ ਦਿਨ ਬਣ ਗਈ ਸੀ ਜਿਸ ਦਿਨ ਰਾਜੇ ਨਾਲ ਵਿਆਹੀ ਗਈ ਸੀ।

ਧੂਨਾ : ਮੈਂ ਵੀ ਰਾਜਾ ਬਣ ਸਕਣਾਂ, ਬਸ ਨਵਾਂ ਰੂਪ ਧਾਰਨ ਦੀ ਲੋੜ ਏ।

ਮਿੰਦਰੋ : ਜਦ ਖਊਂ-ਖਊਂ ਕਰਦੈਂ ਤਾਂ ਮੂੰਹ ਤੇ ਨਵਾਂ ਈ ਰੂਪ ਚੜ੍ਹ-ਚੜ੍ਹ ਆਉਂਦੈ ਰਾਜਿਆਂ ਵਾਂਗ।

ਧੂਨਾ : ਉਹ ਚੋਰ ਜਾਂਦਾ-ਜਾਂਦਾ ਤਰੀਕਾ ਦੱਸ ਗਿਐ ਕਿ ਬੰਦਾ ਅਮੀਰ ਕਿਵੇਂ ਹੋ ਸਕਦੈ?

ਮਿੰਦਰੋ : (ਹੈਰਾਨੀ ਵਿੱਚ) ਕਿਵੇਂ?

ਧੂਨਾ : ਚੋਰ ਬਣ ਕੇ।

ਮਿੰਦਰੋ : ਐਹੋ ਇੱਕ ਕੰਮ ਰਹਿ ਗਿਆ ਸੀ ਕਰਨ ਵਾਲਾ! ਇਹ ਵੀ ਕਰ ਲੈ, ਚੰਗੀ ਇੱਜ਼ਤ ਬਣੇਗੀ ਤੇਰੀ!

ਧੂਨਾ : ਅੱਗੇ ਤਾਂ ਮੇਰੇ ਸੱਤਵੇਂ ਅਸਮਾਨ ਵਿੱਚ ਝੰਡੇ ਝੂਲਦੇ ਪਏ ਨੇ ਜਿਹੜਾ ਇੱਜ਼ਤ ਵਿੱਚ ਫ਼ਰਕ ਪੈ ਚੱਲਿਐ।

ਮਿੰਦਰੋ : ਚੋਰ ਦੀ ਜ਼ਿੰਦਗੀ........ ਲੱਖ ਲਾਹਣਤ ਏ ਇਵੇਂ ਦੀ ਜ਼ਿੰਦਗੀ।

ਧੂਨਾ : ਤੇ ਲੱਖ ਸ਼ਾਬਾਸ਼ ਏ ਤੇਰੇ ਮੇਰੇ ਵਰਗਿਆਂ ਦੀ ਜ਼ਿੰਦਗੀ ਦਾ। ਸਾਰੀ ਜ਼ਿੰਦਗੀ ਨਿਕਲ ਚੱਲੀ ਏ, ਚਾਰ ਇੱਟਾਂ ਨਹੀਂ ਲਾ ਸਕਿਆ ਇਸ ਘਰ 'ਚ ਕਿਤੇ। ਇਹ ਕੋਠੜੀ ਸਾਡੇ ਬਾਬੇ ਦੀ ਬਣਾਈ ਹੋਈ ਏ ਜਦ ਜ਼ਮਾਨੇ ਭਲੇ ਸੀ, ਹੁਣ ਤਾਂ ਜਿਹੜੀ ਇੱਟ ਘਰ ਦੀ ਉਤਰਦੀ ਏ, ਉਹ ਮੁੜ ਕੇ ਸਾਡੇ ਤੋਂ ਨਹੀਂ ਲੱਗਦੀ।

ਮਿੰਦਰੋ : ਆਹ ਸਭ ਕਰਮਾਂ ਦੀ ਖੇਡ ਏ, ਕਿਸੇ ਜਨਮ 'ਚ ਮਾੜੇ ਕਰਮ ਕਰ ਬੈਠੇ ਆਂ ਜਿਹਦਾ ਫਲ ਭੁਗੰਤਦੇ ਪਏ ਆਂ। ਸਾਰਾ ਦਿਨ ਕੋਹਲੂ ਦੇ ਬੈਲ ਵਾਲੀ ਹਾਲਤ ਏ ਸਾਡੀ....... ਇਸ ਘਰੇ ਆ ਕੇ ਦੇਹ ਰੋਲ ਲਈ ਪਰ ਨਾ ਹਾੜ ਹਰੇ ਨਾ ਸਾਉਣ ਸੁੱਕੇ। ਕਰਮ ਜੁ ਖੋਟੇ ਸੀ.....

ਧੂਨਾ : ਤੂੰ ਕਰਮ ਸੰਵਾਰਨ ਗਈ ਤਾਂ ਸੀ ਜੋਤਸ਼ੀ ਕੋਲ। ਬਾਰਾਂ ਸੌ ਰੁਪਿਆ ਸੁੱਟ ਤਾ ਉਪਾਅ ਕਰੌਣ ਤੇ। ਜੋਤਸ਼ੀ ਐਡਾ ਖਚਰਾ ਏ ਕਿ ਅੱਖਾਂ ਨਾਲ ਗੱਲਾਂ ਕਰੀ ਜਾਂਦੈ। ਤੈਨੂੰ ਮੈਂ ਬਥੇਰਾ ਸਮਝਾਇਆ ਕਿ ਕੋਈ ਫੈਦਾ ਨਹੀਂ ਹੋਣਾ ਜੋਤਸ਼ੀ ਕੋਲ ਜਾਇਆਂ ਪਰ ਤੂੰ....... ਮੱਛੀ ਪੱਥਰ ਚੱਟ ਕੇ ਹੀ ਵਾਪਸ ਮੁੜਦੀ ਏ।



ਮਿੰਦਰੋ : ਬੰਦਾ ਹੱਥ ਪੈਰ ਤਾਂ ਮਾਰਦਾ ਈ ਏ ਕਿਤੇ ਸਾਡੀ ਕਿਸਮਤ ਨੂੰ ਮੋੜਾ ਪੈ ਜਾਏ।

ਧੂਨਾ : ਨਾਲੇ ਕਹਿਣੀ ਏ ਜੋ ਲਿਖਿਆ ਗਿਆ ਉਹਨੂੰ ਕੋਈ ਮੇਟ ਨਹੀਂ ਸਕਦਾ ਤੇ ਜੋਤਸ਼ੀ ਕਿਵੇਂ ਮੇਟ ਲਏਗਾ ਹੱਥਾਂ ਦੀਆਂ ਲਕੀਰਾਂ ਨੂੰ? ਸਾਡੀ ਕਿਸਮਤ ਵਿੱਚ ਧੱਕੇ ਲਿਖੇ ਨੇ, ਉਹ ਖਾਣੇ ਈ ਪੈਣੇ ਨੇ। ਉਹ ਜੋਤਸ਼ੀ ਐਵੇਂ ਰਾਮ ਰਾਮ ਪਿਆ ਕਰਦੈ, ਅਸਲ ਵਿੱਚ ਉਹ ਚੋਰ ਏ ਚੋਰ।

ਮਿੰਦਰੋ : ਤੈਨੂੰ ਤਾਂ ਸਾਰੇ ਚੋਰ ਈ ਨਜ਼ਰ ਆਉਂਦੇ ਨੇ, ਇੱਕ ਤੂੰ ਹੀ ਕੱਲਾ ਸਾਧ ਰਹਿ ਗਿਐ।

ਧੂਨਾ : ਮੈਨੂੰ ਸਾਧ ਨਾ ਬਣਾ, ਆਮ ਬੰਦਾ ਈ ਰਹਿਣ ਦੇ।

ਮਿੰਦਰੋ : ਤੂੰ ਬੰਦਾ ਬਣ ਕੇ ਤਾਂ ਵਿਖਾ। ਜਿਹੜਾ ਬੰਦਾ ਚੌਵੀ ਘੰਟੇ ਕਦੇ ਜੋਤਸ਼ੀਆਂ ਨੂੰ ਤੇ ਕਦੇ ਸ਼ਾਹਾਂ ਨੂੰ ਗਾਹਲਾਂ ਕੱਢੀ ਜਾਂਦੈ, ਤਾਹਿਓਂ ਉਹ ਭੁੱਖਾ ਮਰਦੈ।

ਧੂਨਾ : ਅਪਣੇ ਵੱਲ ਕਦੇ ਝਾਤੀ ਮਾਰੀ ਏ, ਸਿੱਖਿਆ ਮੈਨੂੰ ਦੇਂਦੀ ਏਂ। ਤੂੰ ਰੋਜ਼ ਆਟਾ ਲੈ ਕੇ ਗੁਰਦੁਆਰੇ ਮੱਥਾ ਟੇਕਣ ਜਾਂਦੀ ਏ, ਉਥੇ ਅੱਖਾਂ ਮੀਟ ਕੇ ਬਹਿ ਜਾਂਦੀ ਏ ਤੇ ਦੋ ਲਾਈਨਾਂ ਨਹੀਂ ਤੈਨੂੰ ਆਉਂਦੀਆਂ ਸੁਖਮਨੀ ਸਾਹਿਬ ਦੀਆਂ। ਮੋਟੀ ਗੋਗੜ ਵਾਲਾ ਭਾਈ ਜਦੋਂ ਤੁਰਦੈ, ਉਹਦੇ ਸਰੀਰ ਨੂੰ ਝੋਲ ਪੈਂਦੀ ਏ, ਪਾਠ ਕਰਦਾ ਕਰਦਾ ਈ ਸੌਂ ਜਾਂਦੈ ਗੁਰੂ ਗਰੰਥ ਸਾਹਿਬ ਤੇ, ਦੋ ਵਾਰੀ ਫੜਿਆ ਗਿਐ, ਮਾਫੀ ਮੰਗ ਕੇ ਖਲਾਸੀ ਕਰਾਈ ਉਹਨੇ। ਤੇਰੇ ਜਿਹੀਆਂ ਔਰਤਾਂ ਉਹਨੂੰ ਵੀ ਬਾਬਾ ਜੀ, ਬਾਬਾ ਜੀ ਕਹਿ ਕੇ ਹੱਥ ਜੋੜ ਕੇ ਸਾਸਰੀ ਕਾਲ ਬੋਲਦੀਆਂ ਨੇ। ਇਵੇਂ ਦੇ ਬਾਬਿਆਂ ਤੇ ਜੋਤਸ਼ੀਆਂ ਨਾਲੋਂ ਤਾਂ ਉਹ ਚੋਰ ਹੀ ਚੰਗਾ ਸੀ।

ਮਿੰਦਰੋ : ਉਹ ਮਰ ਜਾਣਾ ਕਿਵੇਂ ਚੰਗਾ ਸੀ ਜਿਹੜਾ ਰਾਤ ਨੂੰ ਲੋਕਾਂ ਨੂੰ ਡਰਾਉਂਦਾ ਫਿਰਦੈ। ਆਪ ਤਾਂ ਉਹਨੂੰ ਕੋਈ ਸ਼ਾਂਤੀ ਨਹੀਂ, ਸਗੋਂ ਲੋਕਾਂ ਦੀ ਨੀਂਦ ਵੀ ਹਰਾਮ ਕਰੀ ਫਿਰਦੈ।

ਧੂਨਾ : ਉਹ ਮਜ਼ਬੂਰੀ ਦਾ ਮਾਰਿਆ ਚੋਰੀ ਕਰਦਾ ਪਿਐ, ਕੋਈ ਮਹਿਲ ਚੁਬਾਰੇ ਖੜ੍ਹੇ ਕਰਨ ਲਈ ਨਹੀਂ ਚੋਰ ਬਣਿਐ। ਉਹਦੀ ਮਾਂ ਬਿਮਾਰ ਏ, ਜਿਹਦਾ ਅਪਰੇਸ਼ਨ ਸ਼ਹਿਰ ਹੋਣਾ ਏ। ਤੂੰ ਆਹ ਦੱਸ ਜੇ ਉਹ ਚੋਰੀ ਨਾ ਕਰੇ ਤਾਂ ਹੋਰ ਮਾਂ ਨੂੰ ਮਰਨ ਦੇਵੇ ਰੱਬ ਆਸਰੇ ਛੱਡ ਕੇ। ਇਸ ਕਰਕੇ ਮੈਂ ਕਹਿਣਾਂ ਉਸ ਰਾਤ ਦੇ ਚੋਰ ਨਾਲੋਂ ਦਿਨ ਦੇ ਚੋਰ ਵੱਧ ਖ਼ਤਰਨਾਕ ਹੁੰਦੇ ਨੇ।

(ਜਿੰਦਰ ਪਾਹੜੂ ਆਉਂਦਾ ਹੈ)

ਮਿੰਦਰੋ : (ਧੁੰਨਾ ਸਿੰਘ ਦੀ ਗੱਲ ਤੋਂ ਹੈਰਾਨ ਹੋ ਕੇ) ਦਿਨ ਦੇ ਚੋਰ, ਰਾਤ ਦੇ ਚੋਰ? ਇਹ ਕੀ ਯਬਲੀਆਂ ਮਾਰੀ ਜਾਂਦੈ।

ਧੁੰਨਾ : ਜਿੰਦਰ ਪਾਹੜੂ ਆ ਗਿਐ ਬਈ ਸਵੇਰੇ ਸਵੇਰੇ, (ਜਿੰਦਰ ਨੂੰ) ਅਪਣੀ ਤਾਈ ਨੂੰ ਦੱਸ ਕੀ ਫਰਕ ਹੁੰਦੈ ਦਿਨ ਦੇ ਚੋਰਾਂ ਤੇ ਰਾਤ ਦੇ ਚੋਰਾਂ ਵਿੱਚ।

ਜਿੰਦਰ : ਅੱਖੀਂ ਤੱਕੀ ਗੱਲ ਦਸਣਾਂ ਤੁਹਾਨੂੰ। ਕਲ੍ਹ ਈਨੇਵਾਲ ਦੇ ਇੱਕ ਘਰ 'ਚ ਚੋਰ ਵੜ ਗਿਐ। ਬੜੇ ਪੋਲੇ ਪੋਲੇ ਕਦਮ ਧਰਦਾ ਇੱਕ ਕਮਰੇ ਕੋਲ ਪਹੁੰਚ ਗਿਆ, ਬਾਹਰ ਉਹਦੇ ਤਿੰਨ ਸਾਥੀ ਖੜ੍ਹੇ ਸੀ, ਉਹਨਾਂ ਨੂੰ ਵੀ ਉਹਨੇ ਇਸ਼ਾਰਾ ਕਰਤਾ ਅੰਦਰ ਆਉਣ ਦਾ।

ਮਿੰਦਰੋ : ਮੇਰਾ ਤਾਂ ਦਿਲ ਡਰੀ ਜਾਂਦੈ ਤੇਰੀ ਗੱਲ ਸੁਣ ਕੇ, ਅੱਛਾ ਫੇਰ ਕੀ ਹੋਇਆ? ਚੋਰ ਚੋਰੀ ਕਰਕੇ ਚਲੇ ਗਏ ਕਿ ਫੜ੍ਹੇ ਗਏ?

ਜਿੰਦਰ : ਚੋਰਾਂ ਨੇ ਕੰਧ ਨੂੰ ਸੰਨ੍ਹ ਲਾਹ ਕੇ ਕੰਧ ਪਾੜ ਤੀ। ਇੱਕ ਚੋਰ ਜਦੋਂ ਅੰਦਰ ਵੜਣ ਲੱਗਾ ਤਾਂ ਘਰ ਦੇ ਪਹਿਲਾਂ ਤਿਆਰ ਸੀ ਉਹਦੀ ਆਉਭਗਤ ਕਰਨ ਵਾਸਤੇ, ਘਰ ਦਿਆਂ ਉਹਨੂੰ ਵਾਲਾਂ ਤੋਂ ਫੜ ਲਿਆ ਤੇ ਲੱਗੇ ਅੰਦਰ ਖਿੱਚਣ ਤੇ ਚੋਰ ਦੇ ਤਿੰਨੇ ਸਾਥੀ ਬਾਹਰ ਨੂੰ ਖਿੱਚਣ, ਚੋਰ ਅੱਧ ਵਿਚਾਲੇ ਲਟਕ ਗਿਆ। ਚੋਰ ਦੇ ਸਿਰ 'ਚ ਠਾਹ ਠਾਹ ਛਿੱਤਰਾਂ ਦੀ ਬਰਸਾਤ ਹੋਈ.....

ਮਿੰਦਰੋ : ਚੋਰ ਨਾਲ ਇਵੇਂ ਈ ਹੋਣਾ ਚਾਹੀਦਾ ਸੀ, ਜੋ ਹੋਇਆ ਸੋ ਚੰਗਾ ਹੋਇਆ। ਫੇਰ ਕੀ ਹੋਇਆ?

ਜਿੰਦਰ : ਘਰ ਦਿਆਂ ਦੇ ਰੌਲਾ ਪਾਉਣ ਤੇ ਬਾਕੀ ਤਿੰਨ ਚੋਰ ਤਾਂ ਦੌੜ ਗਏ, ਜਿਹੜਾ ਹਾਲ ਉਸ ਚੋਰ ਦਾ ਹੋਇਆ, ਰੱਬ ਕਿਸੇ ਨਾਲ ਨਾ ਕਰਾਏ। ਦੂਜੇ ਦਿਨ ਚੋਰ ਨੇ ਬਾਕੀ ਤਿੰਨਾਂ ਚੋਰਾਂ ਦੇ ਨਾਂ ਦੱਸ ਕੇ ਸਾਰੇ ਈ ਫੜਾ ਦਿੱਤੇ। ਪੰਚਾਇਤ ਨੇ ਇੱਕ ਤਾਂ ਜੁਰਮਾਨਾ ਕੀਤਾ ਤੇ ਦੂਸਰਾ ਪਵਾ ਕੇ ਘੱਗਰੀਆਂ ਸਾਰੇ ਪਿੰਡ 'ਚ ਉਹਨਾਂ ਦੀ ਲੈਫਟ ਰਾਈਟ ਲੈਫਟ ਰਾਈਟ ਕਰਵਾ ਦਿੱਤੀ।

ਮਿੰਦਰੋ : ਚੰਗਾ ਕੀਤਾ ਪੰਚੈਤ ਨੇ, ਚੰਗਾ ਅਨਾਮ ਮਿਲਿਆ ਚੋਰੀ ਕਰਨ ਦਾ। ਹੁਣ ਕਿਧਰੇ ਮੂੰਹ ਵਿਖੋਣ ਜੋਗੇ ਤਾਂ ਨਹੀਂ ਰਹੇ।

ਧੁੰਨਾ : ਪਰ ਕਦੇ ਕਿਸੇ ਚੋਰਾਂ ਕੋਲੋਂ ਪੁੱਛਿਆ ਏ ਬਈ ਉਹ ਰਾਤਾਂ ਨੂੰ ਚੋਰੀਆਂ ਕਿਉਂ ਕਰਦੇ ਨੇ। ਉਹ ਚੋਰ ਤਾਂ ਕਾਬੂ ਆ ਗਏ ਪਰ



ਦਿਨ ਦੇ ਚੋਰ ਇਵੇਂ ਤੁਰ ਫਿਰਦੇ ਨੇ ਹਿੱਕ ਕੱਢ ਕੇ ਜਿਵੇਂ ਨਾਢੂ ਖ਼ਾਂ ਦੇ ਸਾਲੇ ਹੋਣ।

ਮਿੰਦਰੋ : ਤਾਈ, ਗੱਲ ਤਾਏ ਦੀ ਵੀ ਵਿਚਾਰਨ ਵਾਲੀ ਏ। ਬੜੇ ਲੋਕ ਨੇ ਜੋ ਬਾਹਰੋਂ ਬਗਲਿਆਂ ਵਾਂਗ ਚਿੱਟ ਕੱਪੜੀਏ ਨੇ ਵਿੱਚ ਕਾਲੇ ਕਾਂ। ਆਮ ਬੰਦੇ ਦੇ ਗਲ ਵਿੱਚ ਐਸੀ ਫਾਹੀ ਪਾਉਂਦੇ ਨੇ ਕਿ ਬੰਦਾ ਇਹਨਾਂ ਦੇ ਚੱਕਰਵਿਊ 'ਚੋਂ ਨਿਕਲ ਹੀ ਨਹੀਂ ਸਕਦਾ।

ਧੁੰਨਾ : (ਗੁੱਸੇ ਵਿੱਚ) ਆਹ ਦਿਨ ਦੇ ਚੋਰ ਤਾਂ ਸਾਰੀ ਉਮਰ ਗ਼ਰੀਬਾਂ ਦਾ ਖ਼ੂਨ ਪੀਂਦੇ ਨੇ ਫਿਰ ਵੀ ਇਹਨਾਂ ਦੀ ਪਿਆਸ ਨਹੀਂ ਬੁੱਝਦੀ। ਜਦ ਉਹ ਹੱਸ ਕੇ ਬੋਲਦੇ ਨੇ ਤਾਂ ਮੈਨੂੰ ਇੰਜ ਜਾਪਦੈ ਜਿਵੇਂ ਇਹਨਾਂ ਦੇ ਹਾਸਿਆਂ ਵਿੱਚੋਂ ਸਾਡੀਆਂ ਚੀਕਾਂ ਪੈਦਾ ਹੋਣਗੀਆਂ। ਮੇਰਾ ਤਾਂ ਦਿਲ ਕਰਦੈ ਇਹਨਾਂ ਦਿਨ ਦੇ ਚੋਰਾਂ ਨੂੰ ਗੋਲੀ ਵਿੱਚੋਂ ਲੰਘਾ ਦਿਆਂ।

ਮਿੰਦਰੋ : (ਖਿੱਝ ਕੇ) ਤੇਰਾ ਦਿਮਾਗ਼ ਵੀ ਉਲਟੀਆਂ ਪਲਟੀਆਂ ਮਾਰਨ ਲੱਗ ਪਿਆ ਜਾਪਦੈ। ਤੂੰ ਇਵੇਂ ਬੋਲਦਾ ਰਿਹਾ ਤਾਂ ਪੱਕਾ ਪਾਗ਼ਲ ਹੋ ਜਾਵੇਂਗਾ।

ਧੁੰਨਾ : ਨਹੀਂ, ਪਾਗ਼ਲਖ਼ਾਨੇ ਭੇਜਣ ਦੀ ਤੈਨੂੰ ਲੋੜ ਪਵੇਗੀ।

ਮਿੰਦਰੋ : (ਕੜਕ ਕੇ) ਮੈਨੂੰ? ਜਿੰਦਰ, ਆਹ ਸੁਣ ਲੈ ਗੱਲਾਂ। ਮੈਨੂੰ ਦੱਸ ਕੌਣ ਹੁੰਦੇ ਨੇ ਦਿਨ ਦੇ ਚੋਰ?

ਧੁੰਨਾ : ਦਸਦਾਂ ਦਸਦਾਂ..... (ਖੰਘ ਛਿੜ ਪੈਂਦੀ ਹੈ)

ਮਿੰਦਰੋ : ਹਰ ਕਿਸੇ ਦੇ ਉਲਟ ਬੋਲ ਕੇ ਉਹਨਾਂ ਦੇ ਪਾਪ ਧੋਣਾ ਵੇਂ, ਤਾਂ ਹੀ ਤਾਂ ਤੈਨੂੰ ਖੰਘ ਨਹੀਂ ਛੱਡਦੀ।

ਧੁੰਨਾ : (ਗਲਾ ਸਾਫ਼ ਕਰਦਾ ਹੋਇਆ) ਆਹ ਸੁਣ ਲਉ, ਕਿੱਡੀ ਅਕਲ ਦੀ ਗੱਲ ਸੁਣਾਈ ਏ!

ਜਿੰਦਰ : ਤਾਈ, ਮੈਂ ਦਸਣਾਂ ਦਿਨ ਦੇ ਚੋਰ। ਇਹ ਤਾਂ ਸਾਡੇ ਆਸੇ ਪਾਸੇ ਹਰਲ ਹਰਲ ਕਰਦੇ ਫਿਰਦੇ ਨੇ। ਇਹਨਾਂ ਨੂੰ ਪਛਾਨਣ ਵਾਸਤੇ ਅਕਲ ਵਾਲੀ ਅੱਖ ਦੀ ਲੋੜ ਏ। ਆਪਣੇ ਮੁਹੱਲੇ ਦਾ ਤਿਲਕਾ ਤਕੜਾ ਚੋਰ ਏ।

ਮਿੰਦਰੋ : ਤਿਲਕਾ? ਉਹ ਚੋਰ ਵੇ?

ਧੁੰਨਾ : ਹੋਰ ਤੂੰ ਉਹਨੂੰ ਸਾਧ ਸਮਝੀ ਬੈਠੀ ਏਂ। ਮਿੱਟੀ ਦੇ ਤੇਲ ਦੇ ਡੀਪੂ ਤੋਂ ਕਿਵੇਂ ਐਨੀ ਵੱਡੀ ਕੋਠੀ ਬਣ ਗਈ ਉਹਦੀ?

ਮਿੰਦਰੋ : ਤੇਲ ਵੇਚ ਕੇ, ਹੋਰ ਕਿਵੇਂ।

ਜਿੰਦਰ : ਨਹੀਂ ਤਾਈ, ਤੇਲ ਵੇਚਦਾ ਤਾਂ ਮਾੜੀ ਮੋਟੀ ਰੋਟੀ ਉਹਦੀ ਪੂਰੀ ਹੁੰਦੀ। ਰੋਜ਼ ਸ਼ਰਾਬਾਂ ਨਾ ਪੀਂਦਾ ਮਹਿਫਲਾਂ ਵਿੱਚ ਤੇ ਨਾ ਹੀ ਬੱਕਰੇ ਬੁਲਾਂਦਾ।

ਧੁੰਨਾ : ਸਾਲਾ ਮੇਰਾ ਸਾਰੀ ਦੁਨੀਆਂ ਲੁੱਟ ਕੇ ਦਾਨੀ ਬਣਿਆ ਫਿਰਦੈ। ਪਰਸੋਂ ਕਿਸੇ ਕਲੱਬ ਨੇ ਗਰੀਬਾਂ ਨੂੰ ਮਾੜੇ ਮੋਟੇ ਕੱਪੜੇ ਵੰਡੇ, ਉਹਨਾਂ ਤਿਲਕੇ ਨੂੰ ਸੱਦ ਕੇ ਇਹਦੇ ਗਲ 'ਚ ਹਾਰ ਪਾਇਆ ਤੇ ਨਾਲੇ ਫੀਤਾ ਕਟਾਇਆ। ਉਹਦੇ ਗਲ ਵਿੱਚ ਟੁੱਟੇ ਛਿੱਤਰਾਂ ਦਾ ਹਾਰ ਚਾਹੀਦਾ ਸੀ।

ਮਿੰਦਰੋ : ਕੋਈ ਚੰਗਾ ਕੰਮ ਕਰਦਾ ਏ ਤਾਂ ਹੀ ਤਾਂ ਹਾਰ ਪਾਉਂਦੇ ਕੋਈ ਗਲ 'ਚ, ਤੇਰੇ ਕਿਉਂ ਨਹੀਂ ਪੈ ਜਾਂਦੇ ਹਾਰ?

ਜਿੰਦਰ : ਤਿਲਕਾ ਅਪਣੇ ਕੋਟੇ ਦ ਤੇਲ ਵਿੱਚੋਂ ਅੱਧਾ ਤੇਲ ਦੂਣੇ ਰੇਟ 'ਤੇ ਬਲੈਕ ਕਰਦੈ ਪੈਟਰੋਲ ਪੰਪ ਵਾਲਿਆਂ ਨੂੰ। ਪੈਟਰੋਲ ਪੰਪ ਵਾਲੇ ਮਿੱਟੀ ਦਾ ਤੇਲ ਸੁੱਟ ਕੇ ਪੈਟਰੋਲ ਵਿੱਚ ਦਸ ਗੁਣਾ ਵੱਧ ਮੁਨਾਫ਼ਾ ਕਮਾਉਂਦੇ ਨੇ। ਚੌਥੇ ਦਿਨ ਨਵੀਂ ਕਾਰ ਲਿਆ ਕੇ ਸੜਕਾਂ 'ਤੇ ਮਿੱਟੀ ਘੱਟਾ ਉਡਾ ਕੇ ਸਾਡੇ ਸਿਰ ਵਿੱਚ ਪਾਈ ਜਾਂਦੇ ਨੇ।

ਧੁੰਨਾ : ਇਹਨੂੰ ਕਹਿੰਦੇ ਨੇ ਧਰਮ ਕਰਮ ਦਾ ਧੰਦਾ!

(ਕਿਸ਼ਨਾ ਦੁਕਾਨਦਾਰ ਆਉਂਦਾ ਹੈ, ਜਿਸ ਨੂੰ ਵੇਖ ਕੇ ਧੁੰਨਾ ਅਤੇ ਮਿੰਦਰੋ ਚਿੰਤਤ ਹੋ ਜਾਂਦੇ ਹਨ)

(ਹੌਲੀ ਆਵਾਜ਼ ਵਿੱਚ) ਆ ਗਿਐ ਇੱਕ ਹੋਰ ਦਿਨ ਦਾ ਚੋਰ।

ਮਿੰਦਰੋ : ਚੁੱਪ ਵੀ ਕਰ ਜਾ, ਕਿਸ਼ਨੇ ਭਾ ਜੀ ਅੱਜ ਸੁੱਖ ਨਾਲ ਸਵੇਰੇ-ਸਵੇਰੇ ਕਿਵੇਂ ਦਰਸ਼ਨ ਦਿੱਤੇ ਨੇ?

ਕਿਸ਼ਨਾ : ਤੁਹਾਨੂੰ ਵੀ ਪਤੈ ਮੈਂ ਕਿਉਂ ਆਇਆਂ? ਪਿਛਲਾ ਹਿਸਾਬ ਨਿਬੇੜ ਦਿਉ ਭਾਈਵੰਦੀ ਨਾਲ, ਸਵੇਰੇ-ਸਵੇਰੇ ਰੱਬ ਦਾ ਨਾਂ ਲੈਣਾ ਹੁੰਦਾ ਏ। ਮੈਨੂੰ ਮਜਬੂਰ ਨਾ ਕਰਿਓ ਗਲਤ ਬੋਲਣ ਵਾਸਤੇ।

ਮਿੰਦਰੋ : ਕਿਸ਼ਨੇ ਭਾ ਜੀ, ਸਾਨੂੰ ਪਤੈ ਤੇਰੇ ਪੈਸੇ ਦੇਣੇ ਨੇ। ਤੇਰੀ ਪਾਈ ਪਾਈ ਦੇਵਾਂਗੇ ਐਤਕਾਂ ਕਣਕ ਦੀ ਫ਼ਸਲ ਆ ਲੈਣ ਦੇ।

ਕਿਸ਼ਨਾ : ਗੱਲੀਂ-ਬਾਤੀਂ ਹਰ ਵਾਰ ਸਾਰਾ ਈ ਹਿਸਾਬ ਸਾਫ਼ ਕਰ ਦੇਂਦੇ ਹੋ, ਮੇਰੇ ਪੈਰ ਘਸ ਜਾਂਦੇ ਨੇ ਤੁਹਾਡੇ ਢੀਠਾਂ ਦੇ ਘਰ ਦੇ ਚੱਕਰ ਮਾਰ ਮਾਰ ਕੇ।

ਧੁੰਨਾ : ਫਾਲਤੂ ਬੋਲਣ ਦੀ ਲੋੜ ਨਹੀਂ ਕਿਸ਼ਨੇ। ਉਹ ਦਿਨ ਯਾਦ ਕਰ ਜਦ ਤੂੰ ਨਵੀਂ ਨਵੀਂ ਹੱਟੀ ਪਾਈ ਸੀ, ਹੱਥ ਜੋੜਦਾ ਕਹਿੰਦਾ ਸੀ



ਮੇਰਾ ਖ਼ਿਆਲ ਰੱਖਿਉ. ਆਹ ਹੱਟੀ ਤੁਹਾਡੀ ਏ। ਅੱਜ ਕਿਵੇਂ ਨਾਸਾਂ ਫੁਲਾ ਫੁਲਾ ਗੱਲਾਂ ਕਰਦੈਂ।

ਕਿਸ਼ਨਾ : ਰਕਮ ਛੱਡ ਦਿਆਂ ਤੁਹਾਨੂੰ?

ਧੁੰਨਾ : ਕੌਣ ਕਹਿੰਦੈ ਛੱਡ, ਸਾਡੇ ਕਹਿਣ 'ਤੇ ਤੂੰ ਰਕਮ ਛੱਡ ਦੇਵੇਂਗਾ? ਤੂੰ ਤਾਂ ਚੁੰਗ ਨੂੰ ਮਾਰ ਕੇ ਠੂੰਗ ਬਣ ਗਿਐਂ ਸ਼ਾਹ।

ਕਿਸ਼ਨਾ : ਹਿਸਾਬ ਮਾਵਾਂ ਧੀਆਂ ਦਾ (ਜੇਬ ਵਿੱਚੋਂ ਕਾਗਜ਼ ਬਾਹਰ ਕੱਢਦਾ ਹੈ) ਸੱਤ ਹਜ਼ਾਰ ਤੋਂ ਉੱਪਰ ਰਕਮ ਬਣੀ ਪਈ ਏ, ਤੁਹਾਨੂੰ ਰਕਮ ਛੱਡ ਕੇ ਮੈਂ ਆਪਣੇ ਨਿਆਣੇ ਗੁਰਦੁਆਰੇ ਤਾਂ ਨਹੀਂ ਬਿਠਾ ਦੇਣੇ।

ਮਿੰਦਰੋ : ਸੱਤ ਹਜ਼ਾਰ ਤੋਂ ਉੱਪਰ ਹੋ ਗਿਐ ਉਧਾਰ?

ਕਿਸ਼ਨਾ : ਕਾਗਜ਼ 'ਤੇ ਕੱਲੇ ਕੱਲੇ ਸੌਦੇ ਬਾਰੇ ਲਿਖਿਐ, ਪੜ੍ਹ ਲਉ ਭਾਵੇਂ ਪੜ੍ਹਾ ਲਉ।

ਧੁੰਨਾ : ਫੜਾ ਕਾਗਜ਼ ਜਰਾ ਜਿੰਦਰ ਨੂੰ। (ਜਿੰਦਰ ਨੂੰ) ਜਵਾਨ, ਫੇਰ ਜਰਾ ਨਜ਼ਰ ਇਹਦੇ ਕਾਗਜ਼ 'ਤੇ।

ਜਿੰਦਰ : (ਕਾਗਜ਼ ਵੇਖਦਾ ਹੋਇਆ) ਲਿਖਾਈ ਦੀ ਪੂਰੀ ਸਮਝ ਨਹੀਂ ਆਉਂਦੀ, ਦੂਜਾ ਜਿੰਨਾ ਕੁ ਪਤਾ ਚਲਦੈ, ਉਹਦੇ ਵਿੱਚ ਕੀ ਲੱਭਾਂਗੇ। ਰੇਟ ਤਾਂ ਇਹਨੇ ਅਪਣਾ ਈ ਲਾਉਣਾ ਹੋਇਐ।

ਕਿਸ਼ਨਾ : ਰੇਟ ਬਿਲਕੁਲ ਮਾਰਕੀਟ ਦਾ ਲਾਇਐ। ਮਾਰਕੀਟ ਦੇ ਰੇਟ ਰੋਜ਼-ਰੋਜ਼ ਬਦਲਦੇ ਨੇ, ਤੂੰ ਵੀ ਪੜ੍ਹਿਆ ਏਂ, ਅਖ਼ਬਾਰਾਂ ਵਿੱਚ ਨਿੱਤ ਰੇਟਾਂ ਦੀ ਲਿਸਟ ਆਉਂਦੀ ਏ।

ਜਿੰਦਰ : (ਕਾਗਜ਼ ਉੱਪਰ ਨਿਗਾਹ ਕੇਂਦਰਤ ਕਰਦਾ ਹੋਇਆ) ਆਹ ਟੋਟਲ ਗਲਤ ਏ, ਇੱਕ ਹਜ਼ਾਰ ਸਿੱਧਾ ਈ ਵੱਧ ਬਣਾ ਦਿੱਤੈ।

ਮਿੰਦਰੋ : ਇੱਕ ਹਜ਼ਾਰ? ਹੈਂ?

ਧੁੰਨਾ : ਅਜੇ ਵੇਖਿਆ ਕੀ ਏ ਤੂੰ, ਤੇਰੀ 'ਹੈਂ' ਪਹਿਲਾਂ ਈ ਨਿਕਲ ਗਈ ਏ। ਭੋਲੇ ਭਾਲੇ ਅਨਪੜ੍ਹ ਲੋਕਾਂ ਦਾ ਖ਼ੂਨ ਪੀ ਪੀ ਕਿਸ਼ਨਾ ਪਹਿਲਵਾਨ ਬਣ ਗਿਐ।

ਕਿਸ਼ਨਾ : ਟੋਟਲ ਦਾ ਭੁਲੇਖਾ ਤਾਂ ਕਿਸੇ ਨੂੰ ਵੀ ਲੱਗ ਸਕਦੈ.......

ਧੁੰਨਾ : ਭੁਲੇਖੇ ਨਾਲ ਜੋੜ ਸਿੱਧਾ ਈ ਹਜ਼ਾਰ ਵੱਧ ਬਣ ਗਿਐ, ਤੂੰ ਆਹ ਦੱਸ ਜੋੜ ਹਜ਼ਾਰ ਘੱਟ ਕਿਉਂ ਨਹੀਂ ਬਣਿਆ?

ਮਿੰਦਰੋ : ਇਹ ਤਾਂ ਚੰਗੀ ਕਿਸਮਤ ਨੂੰ ਜਿੰਦਰ ਨੇ ਜੋੜ ਕਰ ਲਿਆ, ਨਹੀਂ ਤਾਂ ਸਾਡਾ ਹਜ਼ਾਰ ਤਾਂ ਗਿਆ ਸੀ ਖੂਹ ਖਾਤੇ। ਕਿਸ਼ਨੇ ਭਾ

ਜੀ, ਤੇਰੇ ਅੱਗੇ ਜੋੜੇ ਹੱਥ,ਅਗਾਂਹ ਤੋਂ ਬਜ਼ਾਰੋਂ ਸੌਦਾ ਲਿਆਇਆ ਕਰਾਂਗੇ।

ਧੂੰਨਾ : ਸਾਰੇ ਇੱਕੋ ਥਾਲੀ ਦੇ ਚੱਟੇ ਵੱਟੇ ਨੇ, ਉਹ ਕਿਹੜੇ ਦੋ ਜਮਾਂ ਦੋ ਚਾਰ ਕਰਦੇ ਨੇ। ਭਲੇਮਾਣਸ ਨਾ ਸਮਝ ਬੈਠੀਂ ਉਹਨਾਂ ਨੂੰ। ਕੱਪੜਿਆਂ ਵੱਲੋਂ ਇਹ ਲੋਕ ਭੇਡ ਵਾਂਗ ਜਾਪਦੇ ਨੇ ਪਰ ਅੰਦਰੋਂ ਇਹ ਬਘਿਆੜ ਨੇ। ਹੁਣ ਸਮਝ ਪਈ ਏ ਦਿਨ ਦੇ ਚੋਰਾਂ ਦੀ? (ਕਿਸ਼ਨੇ ਵੱਲ ਇਸ਼ਾਰਾ ਕਰਕੇ) ਕਰ ਲੈ ਦਰਸ਼ਨ ਦਿਨ ਦੇ ਚੋਰ ਦੇ।

ਕਿਸ਼ਨਾ : (ਘਬਰਾਹਟ ਵਿੱਚ) ਮੈਂ........ ਮੈਂ.....

ਧੂੰਨਾ : ਕੀ ਬੱਕਰੀ ਵਾਂਗੂ ਮੈਂ ਮੈਂ ਲਾਈ ਏ। ਆਹ ਕਾਗਜ਼ ਇਥੇ ਛੱਡ ਜਾ, ਅਸੀਂ ਸਾਰਾ ਕਾਗਜ਼ ਪੜ੍ਹਾਵਾਂਗੇ, ਕਿਤੇ ਸੌਦਾ ਈ ਨਾ ਵੱਧ ਲਿਖ ਦਿੱਤਾ ਹੋਵੇ।

ਕਿਸ਼ਨਾ : ਮੈਂ ਕਿਹਾ ਜੀ, ਜੇ ਭੁਲੇਖੇ ਨਾਲ ਕੋਈ ਸੌਦਾ ਵੱਧ ਲਿਖਿਆ ਵੀ ਹੋਇਆ ਤਾਂ ਆਪੇ ਕੱਟਿਆ ਵੀ ਜਾਵੇਗਾ।

ਧੂੰਨਾ : ਤੇਰੇ ਕਾਗਜ਼ ਵਿੱਚ ਇਵੇਂ ਦੀ ਹੇਰਾ ਫੇਰੀ ਲੱਭ ਜਾਏ ਸਹੀ, ਤੈਨੂੰ ਗੁਰਦੁਆਰੇ ਨਾ ਚੜ੍ਹਾਇਆ ਤਾਂ ਮੈਨੂੰ ਵੀ ਧੂੰਨਾ ਸਿੰਘ ਨਾ ਆਖੀਂ।

ਕਿਸ਼ਨਾ : ਮੈਂ ਕੋਈ ਭੱਜਾ ਵਾਂ ਤੁਹਾਡੇ ਤੋਂ...........

ਧੂੰਨਾ : ਤੇਰਾ ਮੈਂ ਉਹ ਜਲੂਸ ਕੱਢਾਂਗਾ ਸਾਰੀ ਉਮਰ ਯਾਦ ਕਰੇਂਗਾ। ਤੇਰੀ ਹੱਟੀ 'ਤੇ ਗਾਹਕ ਨਹੀਂ ਵੜਦਾ ਕੋਈ, ਸੈਂਪਲ ਭਰਨ ਵਾਲੇ ਭਾਵੇਂ ਵੜ ਜਾਣ।

ਕਿਸ਼ਨਾ : ਸੈਂਪਲ ਭਰਨ ਵਾਲੇ ਕਈ ਵਾਰ ਆਏ ਤੇ ਕਈ ਵਾਰ ਗਏ। ਮੈਂ ਕੋਈ ਗਲਤ ਕੰਮ ਨਹੀਂ ਕਰਦਾ। ਸਾਫ਼ ਸੁਥਰਾ ਸੌਦਾ ਵੇਚਦਾਂ।

ਧੂੰਨਾ : ਤਾਹਿਓਂ ਦਾਲਾਂ ਵਿੱਚੋਂ ਪੱਥਰ ਨਿਕਲਦੇ ਨੇ, ਵੇਸਣ ਵਿੱਚ ਕਿਰਕ ਕਿੱਥੋਂ ਆ ਜਾਂਦੀ ਏ? ਦੋ ਨੰਬਰ ਦਾ ਸੌਦਾ ਏ ਤੇਰਾ। ਤੇਰੀ ਮਸ਼ਹੂਰੀ ਤਾਂ ਮੈਂ ਚੰਗੀ ਤਰ੍ਹਾਂ ਕਰਾਂਗਾ।

ਕਿਸ਼ਨਾ : ਸਿੱਧੀ ਤਰ੍ਹਾਂ ਕਹਿ ਮੈਂ ਪੈਸੇ ਨਹੀਂ ਦੇਣੇ, ਨਾ ਦੇ।

ਧੂੰਨਾ : ਪੈਸੇ ਹੁਣ ਕਿਸੇ ਗੱਲ ਨਾਲ ਹੀ ਮਿਲਣਗੇ। ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਵੱਖ ਹੋਵੇਗਾ।

(ਕਿਸ਼ਨਾ ਬੇਵਸੀ ਦੀ ਹਾਲਤ ਵਿੱਚ ਤੇਜ਼ ਤੇਜ਼ ਕਦਮੀਂ ਚਲਾ ਜਾਂਦਾ ਹੈ)



ਮਿੰਦਰੋ : ਦਿਨ ਦਿਹਾੜੇ ਡਾਕਾ?

ਧੂੰਨਾ : ਇਵੇਂ ਵੱਜਦੈ।

ਜਿੰਦਰ : ਸਾਡੇ ਦੇਸ਼ ਵਿੱਚ ਜੇ ਦਿਨ ਦੇ ਚੋਰ ਨਾ ਹੁੰਦੇ ਤਾਂ ਕੀ ਲੋੜ ਪਈ ਸੀ ਲੋਕਾਂ ਨੂੰ ਰੈਲੀਆਂ ਕਰਨ ਦੀ, ਲੋਕ ਧੜਾ ਧੜ ਪਾਸਪੋਰਟ ਨਾ ਬਣਾਉਂਦੇ ਤੇ ਨਾ ਹੀ ਵਿਦੇਸ਼ਾਂ ਵੱਲ ਮੂੰਹ ਕਰਦੇ।

ਧੂੰਨਾ : (ਮਿੰਦਰੋ ਨੂੰ) ਸਮਝ ਪਈ ਏ ਜਿੰਦਰ ਦੀ ਗੱਲ?

(ਮਿੰਦਰੋ ਦਾ ਭਰਾ ਖਜਾਨ ਸਿੰਘ ਆਉਂਦਾ ਹੈ, ਉਸ ਦੇ ਆਉਣ ਤੇ ਜਿੰਦਰ ਜਾਣ ਵਾਸਤੇ ਮੰਜੇ ਤੋਂ ਉੱਠ ਪੈਂਦਾ ਹੈ)

ਜਿੰਦਰ ਚੱਲਿਐਂ?

ਜਿੰਦਰ : ਹਾਂ ਤਾਇਆ, ਅੱਜ ਤੇਰੇ ਵੱਲ ਪਾਰਟੀ ਬਣ ਗਈ।

ਧੂੰਨਾ : ਪੱਕਾ, ਮੈਂ ਕਿਹਾ ਧੂਮ ਧਾਮ ਨਾਲ ਕਰਾਂਗੇ ਪਾਰਟੀ, ਜਰਾ ਕਣਕ ਘਰ ਆ ਲੈਣ ਦੇ। (ਜਿੰਦਰ ਚਲਾ ਜਾਂਦਾ ਹੈ, ਖਜਾਨ ਸਿੰਘ ਮੰਜੇ 'ਤੇ ਬੈਠ ਜਾਂਦਾ ਹੈ)

ਆ ਬਈ, ਖਜਾਨ ਸਿੰਹਾਂ ਸੁੱਖ ਨਾਲ ਆਇਐਂ?

ਖਜਾਨ ਸਿੰਘ : ਆਹੋ ਸੁੱਖ ਈ ਏ, ਤੁਹਾਡੀ ਗਵਾਹੀ ਪਵਾਉਣੀ ਸੀ ਇੱਕ ਪ੍ਰਨੋਟ 'ਤੇ।

ਧੂੰਨਾ : ਮੇਰੀ ਗਵਾਹੀ?

ਖਜਾਨ ਸਿੰਘ : ਤੁਹਾਡੇ ਪਿੰਡ ਦਾ ਕੰਤੀ ਮੇਰੇ ਮਗਰ ਪਿਆ ਸੀ ਕਈ ਦਿਨਾਂ ਦਾ, ਕਹਿੰਦੈ ਦਸ ਹਜ਼ਾਰ ਦਾ ਜੁਗਾੜ ਕਰ ਦੇ। ਮੈਂ ਬਥੇਰਾ ਟਾਲਿਆ ਬਈ ਮੇਰੇ ਪਾਸ ਗੁੰਜਾਇਸ਼ ਨਹੀਂ ਹੈਗੀ, ਫਿਰ ਕਿਸੇ ਕੋਲੋਂ ਵਿਆਜ 'ਤੇ ਫੜ੍ਹ ਕੇ ਰਕਮ ਦਾ ਪ੍ਰਬੰਧ ਕੀਤੈ। ਮੈਂ ਸੋਚਿਆ ਇਹਨੂੰ ਪੈਸੇ ਵੀ ਦੇਣੇ ਨੇ ਤੇ ਗਵਾਹੀ ਤਾਂ ਹੋਣੀ ਚਾਹੀਦੀ ਏ ਨਾ? ਕਲ੍ਹ ਨੂੰ ਜੇ ਕੰਤੀ ਮਰ ਗਿਆ ਜਾਂ ਕਿਤੇ ਦੌੜ ਜਾਵੇ ਤਾਂ ਕੀਹਦੀ ਮਾਂ ਨੂੰ ਮਾਸੀ ਆਖਾਂਗੇ।

ਮਿੰਦਰੋ : ਕੋਈ ਗੱਲ ਨਹੀਂ, ਵੀਰ ਜੀ ਚੰਗਾ ਕੀਤੈ ਤੁਸੀਂ। ਪਾ ਦੇਣਗੇ ਗਵਾਹੀ। ਕੰਤੀ ਕਿਥੇ ਵੇ?

ਖਜਾਨ ਸਿੰਘ : ਬਾਹਰ ਖੜ੍ਹਾ ਏ, ਵਾਜ ਦੇਨਾਂ। ਕੰਤੀ! ਲੰਘ ਆ ਅੰਦਰ।

(ਕੰਤੀ ਆ ਜਾਂਦਾ ਹੈ)

ਧੂੰਨਾ : ਕੰਤੀ ਪਾ ਦੇਈਏ ਤੇਰੀ ਗਵਾਹੀ?

ਕੰਤੀ : ਪਾਓ ਪਾਓ, ਆਪਾਂ ਜਾਣਾਂ ਕਿਹੜੀ ਮਾਂ ਕੋਲ ਏ। (ਹੱਸਦਾ ਹੈ)

ਖਜਾਨ ਸਿੰਘ : ਆਹ ਗਿਣ ਲੈ ਪੂਰੇ ਦਸ ਹਜ਼ਾਰ, ਹਰ ਮਹੀਨੇ ਵਿਆਜ ਦੇਣਾ ਪੈਣੈਂ ਦਸ ਰੁਪਏ ਸੈਂਕੜਾ। ਛੇ ਮਹੀਨੇ ਤੱਕ ਪੂਰੀ ਰਕਮ ਵੀ ਦੇਣੀ ਪਵੇਗੀ, ਲਿਖਤ ਪੜ੍ਹ ਲੈ ਜਾਂ ਪੜ੍ਹਾ ਲੈ ਕਿਸੇ ਤੋਂ।

ਕੰਤੀ : ਤੁਹਾਡੇ 'ਤੇ ਬੇਇਤਬਾਰੀ ਏ, ਖਜਾਨ ਸਿੰਹਾਂ ਵਿਆਜ ਵੀ ਮਿਲੂ ਤੇ ਛੇ ਮਹੀਨੇ ਤੱਕ ਰਕਮ ਵੀ।

ਖਜਾਨ ਸਿੰਘ : ਤੂੰ ਚੱਲ ਹੁਣ, ਮੈਂ ਘੜੀ ਭੈਣ ਭਾਈਏ ਦਾ ਹਾਲ ਚਾਲ ਪੁੱਛ ਲਵਾਂ।

(ਕੰਤੀ ਚਲਾ ਜਾਂਦਾ ਹੈ)

ਧੁੰਨਾ : ਖਜਾਨ ਸਿੰਹਾਂ, ਬਈ ਵਿਆਜ ਦਸ ਰੁਪਏ ਸੈਂਕੜਾ ਠੀਕ ਤੈ?

ਖਜਾਨ ਸਿੰਘ : ਹੋਰ ਕੀ, ਅਗਲੇ ਦੀ ਗਰਜ਼ ਪੂਰੀ ਕਰ ਦਿੱਤੀ ਏ, ਜੇ ਤੇਰੇ ਪਾਸ ਹੈ ਰਕਮ ਤਾਂ ਤੈਨੂੰ ਵੀ ਦਸ ਈ ਦੁਆਵਾਂਗਾ।

ਧੁੰਨਾ : (ਚਸਕਾ ਲੈਂਦੇ ਹੋਏ) ਤੇ ਮੈਨੂੰ ਕਿੰਨੇ ਰੁਪਏ ਸੈਂਕੜਾ ਦੇਵੇਂਗਾ?

ਖਜਾਨ ਸਿੰਘ : ਤੈਨੂੰ ਦਿਆਂਗਾ ਪੂਰੇ ਤਿੰਨ ਰੁਪਏ ਸੈਂਕੜਾ, ਮੈਨੂੰ ਅੱਗਿਓਂ ਮਿਲਣ ਭਾਵੇਂ ਨਾ, ਤੂੰ ਪਹਿਲੀ ਤਰੀਕ ਨੂੰ ਵਿਆਜ ਖਰਾ ਸਮਝੀਂ।

ਧੁੰਨਾ : ਵਪਾਰ ਚੰਗੀ, ਇੱਕ ਪਾਸੇ ਦਿਓ ਤਿੰਨ ਰੁਪਏ ਸੈਂਕੜਾ ਤੇ ਦੂਜੇ ਪਾਸੇ ਦਸ ਰੁਪਏ ਦਾ ਟੀਕਾ ਲਾ ਕੇ ਅਗਲੇ ਦੀ ਬੂਤਨੀ ਭੁਲਾ ਦਿਓ।

ਖਜਾਨ ਸਿੰਘ : ਇਹਨੂੰ ਕਹਿੰਦੇ ਨੇ ਵਪਾਰ।

ਧੁੰਨਾ : ਆਹ ਤਾਂ ਅਗਲੇ ਬੰਦੇ ਦਾ ਖ਼ੂਨ ਪੀਣ ਵਾਲੀ ਗੱਲ ਏ। ਮੈਂ ਵੀ ਕਹਾਂ ਖਜਾਨ ਸਿੰਘ ਲਿਸ਼ ਲਿਸ਼ ਕਰਦੇ ਸੂਟ ਪਾਉਂਦੈ, ਕਦੇ ਸਕੂਟਰ ਮੁੱਲ ਲੈ ਲੈਂਦੈ ਕਦੇ ਮੋਟਰ ਸਾਇਕਲ। ਟੌਹਰ ਨਾਲ ਰਾਤ ਨੂੰ ਪਾਈਆ ਪੀ ਕੇ ਸੌਂਦੈ।

ਮਿੰਦਰੋ : (ਗੁੱਸੇ ਨਾਲ) ਹੋਰ ਤੇਰੇ ਵਾਂਗ ਸਾਰੀ ਰਾਤ ਖਊਂ ਖਊਂ ਕਰਦਾ ਰਹੇ! ਲੋੜ ਵੇਲੇ ਮੇਰਾ ਭਰਾ ਕਿਸੇ ਦੇ ਕੰਮ ਆ ਕੇ ਪੁੰਨ ਕਰਦੈ।

ਧੁੰਨਾ : (ਮਖੌਲੀਆ ਅੰਦਾਜ਼ ਵਿੱਚ) ਨਾਲੇ ਪੁੰਨ ਨਾਲੇ ਫਲੀਆਂ। ਹੁਣ ਪਈ ਖਾਨੇ ਵਿੱਚ ਗੱਲ ਕਿ ਖਜਾਨ ਸਿੰਘ ਤਿੰਨ ਪਲਾਟ ਕਿਵੇਂ ਲੈ ਗਿਐ।

ਮਿੰਦਰੋ : ਤੇ ਤੇਰੇ ਢਿੱਡ 'ਚ ਪੀੜ ਹੁੰਦੀ ਹੋਣੀ ਏ ਇਹਦੇ ਪਲਾਟ ਵੇਖਿਆਂ। ਤੂੰ ਵੀ ਕਰ ਲੈ ਇਹਦੇ ਵਾਲਾ ਕੰਮ, ਮੰਜੇ 'ਤੇ ਬੈਠਾ-ਬੈਠਾ ਖੰਘੀ ਜਾਨੈਂ।

ਧੁੰਨਾ : ਨਾ ਨਾ ਰੱਬ ਇਹੋ ਜਿਹਾ ਕੰਮ ਨਾ ਕਰਾਏ, ਇਹੋ ਜਿਹਾ ਕੰਮ ਤਾਂ



ਖਜਾਨ ਸਿੰਘ ਵਰਗੇ ਧਰਮੀ ਬੰਦੇ ਈ ਕਰ ਸਕਦੇ ਨੇ!

ਖਜਾਨ ਸਿੰਘ : ਭਾਈਆ, ਕਰ ਲੈ ਟਿੱਚਰਾਂ। ਪਰ ਹਾਂ ਮੈਂ ਧਰਮੀ ਬੰਦਾ ਈ। ਰੋਜ਼ ਸਵੇਰੇ ਤਿੰਨ ਵਜੇ ਉਠਦਾ ਵਾਂ, ਨਹਾ ਧੋ ਕੇ ਘੰਟਾ ਪਾਠ ਕਰੀਦੈ, ਫਿਰ ਗੁਰਦੁਆਰੇ ਜਾ ਕੇ ਮੱਥਾ ਰਗੜੀਦਾ ਏ ਕਿ ਹੇ ਸੱਚੇ ਪਾਤਸ਼ਾਹ! ਭੁੱਲ ਚੁੱਕ ਮਾਫ਼ ਕਰੀਂ। ਫੇਰ ਜਾ ਕੇ ਦਿਨ ਦਾ ਕੰਮ ਸ਼ੁਰੂ ਕਰੀਦੈ। ਚੰਗਾ ਭੈਣ, ਮੈਂ ਚੱਲਦਾਂ।

ਮਿੰਦਰੋ : ਪਰਸ਼ਾਦਾ ਛਕ ਕੇ ਜਾਇਉ, ਪਕਾਉਣ ਈ ਲੱਗੀ ਆਂ।

ਖਜਾਨ ਸਿੰਘ : ਨਹੀਂ ਨਹੀਂ, ਮੈਂ ਇੱਕ ਹੋਰ ਲੋੜਵੰਦ ਦੀ ਲੋੜ ਪੂਰੀ ਕਰਨੀ ਏ। ਚੰਗਾ ਭਾਈਆ, ਤੂੰ ਵੀ ਪੈ ਜਾ ਕਿਸੇ ਨਾ ਕਿਸੇ ਕਾਰੋਬਾਰ 'ਚ।

(ਖਜਾਨ ਸਿੰਘ ਚਲਾ ਜਾਂਦਾ ਹੈ)

ਧੁੰਨਾ : ਬਗਲ 'ਚ ਛੁਰੀ ਤੇ ਮੂੰਹ ਵਿੱਚ ਰਾਮ ਰਾਮ।

ਮਿੰਦਰੋ : ਅਪਣਾ ਕੰਮ ਤਾਂ ਸਿਆਣਪ ਨਾਲ ਚਲਾਈ ਜਾਂਦੈ। ਉਹਦੇ ਨਿਆਣੇ ਸ਼ੁਰੂ ਤੋਂ ਹੀ ਚੰਗਾ ਖਾਂਦੇ ਪਾਂਦੇ ਰਹੇ ਤੇ ਐਧਰ ਸਾਡੇ ਨਿਆਣੇ ਵਿਚਾਰੇ ਲੀਰਾਂ ਲਟਕਾਈ ਜਵਾਨ ਹੋ ਚੱਲੇ ਨੇ। ਦਿਨ ਦਿਹਾਰ ਵੀ ਨਾ ਕਦੇ ਮਨਾਇਆ ਇਹਨਾਂ ਖ਼ੁਸ਼ੀ ਨਾਲ।

(ਧੁੰਨੇ ਦੇ ਘੁਰਾੜਿਆਂ ਦੀ ਆਵਾਜ਼ ਆਉਂਦੀ ਹੈ)

ਸੌਂ ਗਿਐ? ਚੰਗਾ ਹੋਇਐ।

(ਮਿੰਦਰੋ ਅੰਦਰ ਚਲੀ ਜਾਂਦੀ ਹੈ, ਧੁੰਨੇ ਨੂੰ ਸੁਫ਼ਨਾ ਆਉਣਾ ਸ਼ੁਰੂ ਹੋ ਜਾਂਦਾ ਹੈ)

ਧੁੰਨਾ : (ਅੱਕਿਆ ਹੋਇਆ) ਘੜੀ ਖੁੱਲੀ ਹਵਾ ਦੇ ਫੱਕੇ ਮਾਰ ਲਵਾਂ।

(ਸੁਫ਼ਨੇ ਵਿੱਚ ਦੋ ਯਮ ਆਉਂਦੇ ਹਨ, ਦੋਹਾਂ ਨੇ ਕਾਲੇ ਕੱਪੜੇ ਪਹਿਨੇ ਹੋਏ ਹਨ। ਉਹਨਾਂ ਦੇ ਚਿਹਰੇ ਵੀ ਡਰਾਉਣੇ ਜਿਹੇ ਹਨ, ਇਕ ਯਮ ਦੇ ਹੱਥ ਵਿੱਚ ਵਹੀ ਫੜੀ ਹੋਈ ਹੈ)

1 : ਚੱਲ ਧੁੰਨਿਆ, ਤੂੰ ਧੰਨ ਧੰਨ ਕਰਾਛੀ ਆਹ ਦਨੀਆਂ ਅੰਦਰ।

2 : ਕਰ ਲੈ ਤਿਆਰੀ.......

ਧੁੰਨਾ : ਕਿਧਰ ਦੀ?

2 : ਅਗਲੀ ਦੁਨੀਆਂ 'ਚ ਜਾਣ ਦੀ।

(ਦੋਵੇਂ ਯਮ ਹੱਸਦੇ ਹਨ ਤੇ ਧੁੰਨਾ ਡਰ ਜਾਂਦਾ ਹੈ)

ਧੁੰਨਾ : ਮੈਂ ਨਹੀਂ ਜਾਵਾਂਗਾ, ਮੈਂ ਨਹੀਂ ਜਾਵਾਂਗਾ।

1 : ਤੇਰਾ ਵਕਤ ਖ਼ਤਮ ਹੋ ਗਿਐ।

2 : ਹਾਂ, ਤੇਰੀ ਖੇਡ ਖ਼ਤਮ ਹੋ ਗਈ।

ਧੁੰਨਾ : ਪਰ ਮੈਂ ਤਾਂ ਕੁੱਝ ਵੇਖਿਆ ਈ ਨਹੀਂ ਚੱਜ ਦਾ ਇਸ ਦੁਨੀਆਂ 'ਚ ਅਜੇ ਤੱਕ।

1 : ਤਾਂਹਿਓਂ ਤੈਨੂੰ ਲੈ ਕੇ ਚੱਲੇ ਆਂ।

2 : ਸਵਰਗ ਵਿੱਚ.......

ਧੁੰਨਾ : ਨਹੀਂ ਨਹੀਂ, ਮੇਰਾ ਤਾਂ ਇਥੇ ਈ ਸਵਰਗ ਏ, ਕੁੱਲੀ ਯਾਰ ਦੀ ਸੁਰਗ ਦਾ ਝੂਟਾ ਅੱਗ ਲਾਉਣੈਂ ਮਹਿਲਾਂ ਨੂੰ।

1 : (ਹੱਸਦਾ ਹੋਇਆ) ਕਿੱਡੇ ਸੁਰਗਾਂ ਦੇ ਝੂਟੇ ਲੈ ਰਿਹਾ ਸੀ!

ਧੁੰਨਾ : ਮੇਰਾ ਮਖੌਲ ਨਾ ਉਡਾਉ ਮੇਰੇ ਯਾਰੋ!

1 : (ਹੈਰਾਨੀ ਵਿੱਚ) ਯਾਰੋ?

ਧੁੰਨਾ : ਆਹੋ ਤੁਸੀਂ ਮੇਰੇ ਯਾਰ ਨਹੀਂ?

2 : ਜੇ ਯਾਰ ਆਂ ਤਾਂ ਯਾਰੀ ਪੁਗਾ

1 : ਇਸ ਦੁਨੀਆਂ ਨੂੰ ਛੱਡ ਜਾ।

2 : ਅਗਲੀ ਦੁਨੀਆਂ 'ਚ ਮਜੇ ਉਡਾ।

ਧੁੰਨਾ : ਮੇਰੀ ਗੱਲ ਸਮਝੇ ਨਹੀਂ ਤੁਸੀਂ.....

1 : (ਨੰ: 2 ਨੂੰ) ਧੁੰਨੇ ਦੀ ਇੱਕ-ਇੱਕ ਬਾਂਹ ਫੜ ਕੇ ਇਹਨੂੰ ਉਡਾ ਕੇ ਲੈ ਚਲੀਏ?

2 : ਆਹੋ ਸਿੱਧੀ ਤਰ੍ਹਾਂ ਨਹੀਂ ਤੁਰਦਾ ਤਾਂ ਇਹਨੂੰ ਫੜ ਕੇ ਦੂਜੀ ਤਰ੍ਹਾਂ ਤੋਰ ਲੈਂਦੇ ਆਂ।

(ਦੋਵੇਂ ਯਮ ਧੁੰਨੇ ਨੂੰ ਬਾਹਵਾਂ ਤੋਂ ਫੜ ਕੇ ਤੋਰ ਲੈਂਦੇ ਹਨ ਪਰ ਉਸੇ ਵਕਤ ਗਿਆਨ ਸਿੰਘ ਆੜ੍ਹਤੀਆ ਆ ਜਾਂਦਾ ਹੈ, ਜਿਸ ਦੇ ਹੱਥ ਵਿੱਚ ਵਹੀ ਹੈ, ਉਹ ਯੱਮਾਂ ਦਾ ਰਾਹ ਰੋਕ ਕੇ ਖੜ੍ਹਾ ਹੋ ਜਾਂਦਾ ਹੈ)

ਗਿਆਨ ਸਿੰਘ : ਤੁਸੀਂ ਨਹੀਂ ਜਾ ਸਕਦੇ।

1 : ਕਿਉਂ? ਤੂੰ ਕੌਣ ਏਂ?

ਗਿਆਨ ਸਿੰਘ : ਮੈਂ ਗਿਆਨ ਸਿੰਘ ਆੜ੍ਹਤੀਆ ਹਾਂ, ਲੋਕ ਮੈਨੂੰ ਸ਼ਾਹ ਜੀ ਕਹਿ ਕੇ ਬੁਲਾਂਦੇ ਨੇ।

2 : ਪਰ ਸਾਡਾ ਰਾਹ ਕਿਉਂ ਰੋਕ ਕੇ ਖੜ੍ਹਾ ਹੋ ਗਿਐਂ?

ਗਿਆਨ ਸਿੰਘ : ਤੁਹਾਨੂੰ ਨਹੀਂ ਰੋਕਦਾ ਪਰ ਧੁੰਨੇ ਨੂੰ ਨਾਲ ਲਿਜਾਣ ਦਿਆਂਗਾ



ਜਦੋਂ ਤੱਕ.......(ਵਹੀ ਫੋਲਦਾ ਹੈ)

1 : ਕੀ ਜਦੋਂ ਤੱਕ?

ਗਿਆਨ ਸਿੰਘ : ਜਦੋਂ ਤੱਕ ਆਹ ਮੇਰਾ ਸਾਬ੍ਹ ਨਹੀਂ ਸਾਫ਼ ਕਰਦਾ। ਧੁੰਨੇ ਦਾ ਵਾਲ ਵਾਲ ਮੇਰਾ ਕਰਜ਼ਾਈ ਏ, ਇਹਦੇ ਉੱਪਰ ਮੇਰਾ ਹੱਕ ਏ।

1 : ਗਿਆਨ ਸ਼ਾਹ, ਤੇਰਾ ਗਿਆਨ ਕੱਚਾ ਏ, ਹੁਣ ਧੁੰਨਾ ਪੂਰੀ ਤਰ੍ਹਾਂ ਅਜ਼ਾਦ ਹੋ ਗਿਐ।

ਗਿਆਨ ਸਿੰਘ : ਨਹੀਂ, ਇਹ ਕਿਵੇਂ ਹੋ ਸਕਦੈ? ਮੇਰੀ ਵਹੀ...... ਆਹ ਵੇਖੋ। (ਵਹੀ ਦੇ ਪੰਨੇ ਪਲਟਦਾ ਹੈ)

ਇਹ ਚਲਾ ਗਿਆ ਤਾਂ ਸਾਬ੍ਹ ਇਹਦੇ ਪਿਓ ਨੇ ਸਾਫ਼ ਕਰਨੈਂ? ਮੈਂ ਘਾਟਾ ਨਹੀਂ ਖਾ ਸਕਦਾ।

(ਗਿਆਨ ਸਿੰਘ ਆਪਣੀਆਂ ਦੋਵੇਂ ਬਾਹਵਾਂ ਫੈਲਾ ਕੇ ਰ੍ਹਾਹ ਰੋਕਦਾ ਹੈ)

2 : ਤੇਰੀ ਵਹੀ ਝੂਠੀ ਏ।

ਗਿਆਨ ਸਿੰਘ : ਕੱਲੀ ਕੱਲੀ ਰਕਮ ਚਾੜ੍ਹੀ ਏ ਇਹਦੇ ਤੇ, ਦੁਨੀਆਂ ਝੂਠੀ ਹੋ ਸਕਦੀ ਏ ਪਰ ਮੇਰੀ ਵਹੀ 'ਚ ਸਾਬ੍ਹ ਕਿਤਾਬ ਅੱਜ ਦੀ ਤਰੀਕ ਤੱਕ ਪੂਰਾ ਕੀਤੈ। ਮੇਰਾ ਮੁਨੀਮ ਬੜਾ ਲੈਕ ਬੰਦਾ ਏ, ਜਰਾ ਵੀ ਕੁਤਾਹੀ ਨਹੀਂ ਕਰਦਾ।

(ਗਿਆਨ ਸਿੰਘ ਰੋਣਾ ਸ਼ੁਰੂ ਕਰ ਦਿੰਦਾ ਹੈ)

1 : ਤੂੰ ਕਿਉਂ ਰੋਂਦਾ ਏਂ, ਤੈਨੂੰ ਰੋਣਗੇ ਤੇਰੇ ਘਰ ਦੇ।

(ਯਮ ਭਿਆਨਕ ਜਿਹਾ ਹਾਸਾ ਹੱਸਦੇ ਹਨ)

ਗਿਆਨ ਸਿੰਘ : ਕਿਉਂ ਹੱਸਦੇ ਹੋ?

2 : ਤੇਰੀ ਅਕਲ 'ਤੇ!

ਗਿਆਨ ਸਿੰਘ : ਕੀ ਹੋਇਐ ਮੇਰੀ ਅਕਲ ਨੂੰ?

2 : (ਆਪਣੀ ਵਹੀ ਵਿਖਾ ਕੇ) ਆਹ ਵੇਖ ਅਪਣਾ ਖਾਤਾ, ਅਗਲੇ ਵੀਰਵਾਰ ਤੇਰਾ ਦਾਣਾ ਪਾਣੀ ਵੀ ਖ਼ਤਮ ਹੋ ਜਾਣੈਂ। ਤੈਨੂੰ ਅਸੀਂ ਲੈ ਜਾਵਾਂਗੇ ਤੇ ਤੇਰੀਆਂ ਕਰਤੂਤਾਂ ਦਾ ਸਾਬ੍ਹ ਕਿਤਾਬ ਹੋਵੇਗਾ। ਤੇਰੇ ਠਾਹ ਠਾਹ ਚਪੇੜਾਂ ਵੱਜਣਗੀਆਂ।

ਗਿਆਨ ਸਿੰਘ : ਵੇਖੀ ਜਾਏਗੀ।

1 : ਸਾਡਾ ਰਾਹ ਛੱਡ ਦੇ, ਸਾਡੇ ਪਾਸ ਹੋਰ ਵਕਤ ਨਹੀਂ।

ਧੁੰਨਾ : ਗਿਆਨ ਸਿੰਘ ਸ਼ਾਹ ਜੀ, ਮੈਨੂੰ ਛੁਡ੍ਹਾ.......ਪੱਲੇਦਾਰਾਂ ਨੂੰ ਵਾਜ ਮਾਰ।

ਗਿਆਨ ਸਿੰਘ : ਛੱਡ ਦਿਉ ਧੁੰਨੇ ਨੂੰ. ਮੈਂ ਘਾਟਾ ਨਹੀਂ ਖਾ ਸਕਦਾ।

1 : ਚੱਲ ਹਟ, ਮਾਇਆਧਾਰੀ ਅੰਨ੍ਹਾ ਬੋਲਾ।

(ਯਮ, ਗਿਆਨ ਸਿੰਘ ਨੂੰ ਜ਼ੋਰਦਾਰ ਧੱਕਾ ਮਾਰਦੇ ਹਨ, ਗਿਆਨ ਸਿੰਘ ਜ਼ਮੀਨ 'ਤੇ ਡਿੱਗ ਪੈਂਦਾ ਹੈ, ਗਿਆਨ ਸਿੰਘ ਧੁੰਨੇ ਦੀਆਂ ਲੱਤਾਂ ਫੜ ਲੈਂਦਾ ਹੈ)

2 : ਧੁੰਨੇ ਦੇ ਪੈਰ ਛੱਡ ਦੇ।

ਗਿਆਨ ਸਿੰਘ : ਕਿਉਂ ਛੱਡਾਂ? ਜਦ ਤੱਕ ਧੁੰਨਾ ਇਸ ਪਰਨੋਟ 'ਤੇ ਅੰਗੂਠਾ ਨਹੀਂ ਲਾਉਂਦਾ, ਮੈਂ ਨਹੀਂ ਛੱਡਾਂਗਾ।

1 : (ਨੰ: 2 ਨੂੰ) ਇੱਕ ਕੰਮ ਕਰੀਏ।

2 : ਉਹ ਕਿਹੜਾ?

1 : ਗਿਆਨ ਸਿੰਘ ਨੇ ਧੁੰਨੇ ਦੇ ਪੈਰ ਨਹੀਂ ਛੱਡਣੇ। ਕਿਤੇ ਗਿਆਨ ਸਿੰਘ ਸਵਰਗ ਲੋਕ ਨਾ ਪਹੁੰਚ ਜਾਏ।

2 : ਫਿਰ ਦਸ ਨੰਬਰ ਸੀਟ ਦਾ ਕੀ ਬਣੇਗਾ ਜਿਹੜੀ ਗਿਆਨ ਸਿੰਘ ਲਈ ਰੱਖੀ ਏ ਨਰਕਾਂ ਵਿੱਚ।

1 : ਧੁੰਨੇ ਕੋਲੋਂ ਪਰਨੋਟ 'ਤੇ ਅੰਗੂਠਾ ਜ਼ਰੂਰ ਲਵਾਉਣੈ ਗਿਆਨ ਸਿੰਘ?

ਗਿਆਨ ਸਿੰਘ : ਹਾਂ ਹਾਂ, ਖੱਬੇ ਹੱਥ ਦਾ ਅੰਗੂਠਾ।

1 : ਆਪਾਂ ਧੁੰਨੇ ਦੇ ਖੱਬੇ ਹੱਥ ਦਾ ਅੰਗੂਠਾ ਈ ਵੱਢ ਦੇਣੇ ਆਂ। ਨਾ ਹੋਵੇਗਾ ਬਾਂਸ ਤੇ ਨਾ ਵੱਜੇਗੀ ਬੰਸਰੀ।

ਗਿਆਨ ਸਿੰਘ : ਮੈਂ ਇੰਜ ਨਹੀਂ ਹੋਣ ਦਿਆਂਗਾ।

(ਗਿਆਨ, ਧੁੰਨੇ ਦੇ ਪੈਰ ਛੱਡ ਦਿੰਦਾ ਹੈ ਅਤੇ ਯਮ ਧੁੰਨੇ ਨੂੰ ਆਪਣੇ ਨਾਲ ਤੋਰ ਲੈਂਦੇ ਹਨ)

1 : (ਹੱਸਦਾ ਹੋਇਆ) ਗਿਆਨ ਸਿੰਘ, ਬਾਏ ਬਾਏ......

(ਧੁੰਨੇ ਨੂੰ ਜਾਗ ਆ ਜਾਂਦੀ ਹੈ)

ਧੁੰਨਾ : (ਘਬਰਾਹਟ ਵਿੱਚ ਆਪਣੇ ਆਪ ਨਾਲ ਗੱਲਾਂ ਕਰਦਾ ਹੋਇਆ) ਸ਼ੁਕਰ ਏ ਐਸੇ ਦੁਨੀਆਂ ਵਿੱਚ ਆਂ।

(ਬੰਤੂ ਝਿਊਰ ਆਉਂਦਾ ਹੈ, ਉਹਦੇ ਹੱਥ ਵਿੱਚ ਕੁੱਝ ਕਾਰਡ ਹਨ)

ਬੰਤੂ : ਵਧਾਈਆਂ ਹੋਣ, ਦੀਪੇ ਦੇ ਮੁੰਡੇ ਦਾ ਵਿਆਹ ਆ ਗਿਐ ਐਸ ਪੰਦਰਾਂ ਨੂੰ, ਆਹ ਫੜੋ ਵਿਆਹ ਦਾ ਕਾਰਡ। ਸੋਚਿਆ ਸਵੇਰੇ ਸਵੇਰੇ ਬੋਣੀ ਤੁਹਾਡੇ ਘਰੋਂ ਈ ਹੋ ਜਾਏ।



ਧੁੰਨਾ : ਕਾਰਡ ਦੀ ਕੀ ਲੋੜ ਸੀ? ਸਾਨੂੰ ਜ਼ਬਾਨੀ ਸੁਨੇਹਾ ਭੇਜ ਦਿੰਦਾ।

ਬੰਤੂ : ਕਿਉਂ ਸਰਦਾਰਾ? ਕਾਰਡ ਕਰਕੇ ਬੰਤੂ ਨੂੰ ਵੀਹ ਰੁਪਏ ਨਾ ਦੇਣੇ ਪੈ ਜਾਣ। ਕੱਲ੍ਹ ਕਈ ਵੰਨੀਆਂ ਦੇ ਬੰਦੇ ਵੇਖ ਕਾਰਡ ਵੰਡਦਿਆਂ। ਕਈ ਭਲੇ ਲੋਕ ਨਾਲੇ ਪਿਔਣ ਚਾਹ ਤੇ ਨਾਲ ਪੰਜਾਹ ਰੁਪਏ ਵੀ ਦੇਣ ਪਰ ਕਈ ਭੁੱਖ ਦੇ ਫੁੱਫੜ...... ਸਵੇਰੇ ਸਵੇਰੇ ਕੀ ਲੈਣੈਂ ਉਹਨਾਂ ਦਾ ਨਾਂ। ਤੁਸੀਂ ਮੈਨੂੰ ਤੋਰੋ ਜਲਦੀ ਜਲਦੀ।

ਧੁੰਨਾ : ਤੈਨੂੰ ਕੀ ਤੋਰੀਏ, ਤੂੰ ਆਪੇ ਤੁਰ ਜਾ।

ਬੰਤੂ : ਕੀ ਗੱਲ ਸਰਦਾਰਾ?

ਧੁੰਨਾ : ਕੀ ਦੱਸੀਏ? ਝੱਗਾ ਚੁਕਾਂਗੇ ਤੇ ਢਿੱਡ ਅਪਣਾ ਈ ਨੰਗਾ ਹੋਣੈਂ, ਜੇ ਘਰ ਨਾ ਹੋਣ ਵੀਹ ਰੁਪਏ ਤਾਂ ਕੀ ਕਰੀਏ।

ਬੰਤੂ : ਸਰਦਾਰਾਂ ਦੇ ਮੂੰਹੋਂ ਗੱਲ ਚੰਗੀ ਨਹੀਂ ਲੱਗਦੀ।

ਧੁੰਨਾ : ਕਾਹਦੇ ਸਰਦਾਰ ਆਂ? ਹੁਣ ਤਾਂ ਨਾਂ ਦੇ ਸਰਦਾਰ ਆਂ, ਸਾਡੇ ਤਾਂ ਬੱਸ ਵਾਜੇ ਵੱਜੇ ਪਏ ਨੇ।

ਬੰਤੂ : ਨਾ ਨਾ ਜ਼ਮੀਨ ਭਾਂਡੇ ਵਾਲੇ ਹੋ। ਅਸਾਂ ਤੁਹਾਡੇ ਤੋਂ ਖਾਣੈ, ਸਾਡੇ ਕਿਹੜੇ ਬਾਹਰ ਹੱਲ ਚਲਦੇ ਨੇ।

ਧੁੰਨਾ : ਤੇਰੇ ਬਾਹਰ ਹੱਲ ਵਗਦੇ ਹੁੰਦੇ ਤਾਂ ਤੂੰ ਸ਼ਹਿਨਸ਼ਾਹ ਅਕਬਰ ਹੁੰਦਾ! ਛੇ ਮਹੀਨੇ ਮੂੰਹ ਚੁੱਕ ਕੇ ਫਸਲ ਵੱਲ ਵੇਖਣਾ ਪੈਂਦੈ, ਪੱਲੇ ਸੁਆਹ ਹੀ ਪੈਂਦੀ ਏ ਤੇ ਆੜਤੀਏ ਦਾ ਕਰਜ਼ਾ ਹਨੂਮਾਨ ਦੀ ਪੂਛ ਵਾਂਗ ਵਧਦਾ ਈ ਜਾਂਦੈ। ਜ਼ਮੀਨਾਂ ਵੀ ਕੀ ਕਰਨਗੀਆਂ? ਸਾਨੂੰ ਚਾਰ ਭਰਾਵਾਂ ਨੂੰ ਆਏ ਚਾਰ-ਚਾਰ ਕਿਲੇ, ਅੱਗੋਂ ਮੇਰੇ ਦੋ ਮੁੰਡਿਆਂ ਨੂੰ ਦੋ-ਦੋ ਕਿਲੇ ਆਉਣੀ ਏ। ਏਦਾਂ ਵੰਡ ਚਲਦੀ ਰਹੀ ਤਾਂ ਇੱਕ ਦਿਨ ਐਸਾ ਆਵੇਗਾ ਕਿ ਕੱਲੇ ਕੱਲੇ ਦੇ ਹਿਸੇ ਮੰਜੀਆਂ ਡਾਹੁਣ ਜੋਗੀ ਥਾਂ ਹੀ ਰਹਿ ਜਾਵੇਗੀ।

ਬੰਤੂ : (ਮਖ਼ੌਲ ਕਰਦਾ ਹੋਇਆ) ਤੁਹਾਡੇ ਨਾਲੋਂ ਤਾਂ ਅਸੀਂ ਕੰਮੀ ਲੋਕ ਈ ਚੰਗੇ ਆਂ। ਕੱਲ੍ਹ ਤਿੰਨ ਸੌ ਰੁਪਿਆ ਹੋ ਗਿਐ ਕਾਰਡਾਂ ਦਾ ਹੀ।

ਧੁੰਨਾ : ਤੁਹਾਡੀਆਂ ਤਾਂ ਪੰਜੇ ਈ ਘਿਓ ਵਿੱਚ ਨੇ। ਕਿਸੇ ਦੇ ਵਿਆਹ ਹੋਵੇ ਜਾਂ ਅਖੰਡ ਪਾਠ, ਤੁਹਾਡੇ ਘਰ ਦੀ ਸਾਰੀ ਫ਼ੌਜ ਅਗਲੇ ਘਰ ਦੀ ਚੰਗੀ ਤਬਾਹੀ ਕਰਦੀ ਏ ਤਿੰਨ ਚਾਰ ਦਿਨ।

ਬੰਤੂ : ਨਾ ਹੋਰ ਫ਼ੌਜ ਨੂੰ ਬੀਕਾਨੇਰ ਭੇਜ ਦਿਆ ਕਰੀਏ? ਜੇ ਖਾਂਦੇ ਆਂ ਤਾਂ ਜੂਠ ਵੀ ਤਾਂ ਅਗਲਿਆਂ ਦੀ ਮਾਂਜਦੇ ਆਂ। ਤੁਸੀਂ ਖਾ ਕੇ

ਵਗਾਹ ਕੇ ਮਾਰਦੇ ਹੋ ਥਾਲੀ ਸਾਡੇ ਸਿਰ ਵਿੱਚ. ਬਾਕੀ ਸਾਰਾ ਖਿਲਾਰਾ ਸਾਨੂੰ ਈ ਸਾਂਭਣਾ ਪੈਂਦੈ।

ਧੂੰਨਾ : ਤੁਹਾਨੂੰ ਤਾਂ ਫੈਦਾ ਈ ਫੈਦਾ ਏ, ਪੱਲਿਓਂ ਤਾਂ ਨਹੀਂ ਲੱਗਦਾ ਕੁੱਝ।

ਬੰਤੂ : ਦੇ ਪੱਲਿਓਂ ਵੀਹ ਰੁਪਏ ਤੇ ਮੈਂ ਜਾਵਾਂ।

ਧੂੰਨਾ : ਬੰਤੂ, ਅੱਜ ਤਾਂ ਪੱਲੇ ਖੋਟੀ ਕੌਡੀ ਵੀ ਨਹੀਂ, ਸਹੁੰ ਚੁਕਾ ਲੈ ਭਾਵੇਂ।

ਬੰਤੂ : ਤੇਰੀ ਸਹੁੰ ਦਾ ਸਾਨੂੰ ਕੀ ਫੈਦਾ? ਕੰਮੀ ਨੂੰ ਇਵੇਂ ਵਾਪਸ ਕਰੋਗੇ ਤਾਂ ਮਿੱਟੀ ਤੁਹਾਡੀ ਪੁੱਟੀ ਜਾਵੇਗੀ।

ਧੂੰਨਾ : ਪੁੱਟ ਲੈ ਮਿੱਟੀ (ਕੁੱਝ ਸੋਚਣ ਬਾਅਦ) ਤੂੰ ਪਰਸੋਂ ਆ ਕੇ ਲੈ ਜਾਵੀਂ ਬੰਤੂ।

ਬੰਤੂ : ਮੈਂ ਵੀਹ ਰੁਪਏ ਪਿੱਛੇ ਗੇੜੇ ਮਾਰਦਾ ਫਿਰਾਂ?

ਧੂੰਨਾ : ਗੇੜੇ ਮਾਰਨ ਦਾ ਕਿਹੜਾ ਤੈਨੂੰ ਬਿੱਲ ਆਉਣੈਂ? ਪਰਸੋਂ ਆ ਜਾਈਂ ਯਾਰ.....

ਬੰਤੂ : (ਮਖੌਲ ਨਾਲ) ਪਰਸੋਂ ਕਿਹੜਾ ਤੈਨੂੰ ਡਰਾਫਟ ਮਿਲ ਜਾਣੈਂ ਸਰਕਾਰੀ?

ਧੂੰਨਾ : ਬੰਤੂ, ਤਬਾਰ ਵੀ ਕੋਈ ਚੀਜ ਹੁੰਦੈ, ਬੰਦੇ ਦੇ ਜਬਾਨ ਦੀ ਵੀ ਕੋਈ ਗੱਲ ਹੁੰਦੀ ਏ, ਤੇਰੇ ਵਾਸਤੇ ਕੋਈ ਹੀਲਾ ਵਸੀਲਾ ਤਾਂ ਕਰਾਂਗੇ ਹੀ।

ਬੰਤੂ : (ਚੋਭ ਲਾਉਂਦਾ ਹੋਇਆ) ਹੀਲਾ ਵਸੀਲਾ ਮੈਂ ਦਸਦਾਂ। ਆਹ ਫੜ ਖਾਂ ਮੇਰੇ ਤੋਂ ਅੱਠ ਦਸ ਕਾਰਡ ਤੇ ਫਿਰ ਜਾ ਚਾਰ ਪੰਜ ਘਰ।

ਧੂੰਨਾ : ਕਰ ਲੈ ਮਖੌਲ, ਅੱਜ ਦਾ ਦਿਨ ਤੇਰਾ ਦਿਨ ਏ।

ਬੰਤੂ : ਤੇਰੇ ਵਰਗੇ ਸਾਡਾ ਹੱਕ ਮਾਰੀ ਜਾਣ ਤਾਂ ਸਾਡੇ 'ਤੇ ਗੜੇ ਮਾਰ ਕਿਵੇਂ ਨਾ ਹੋਊ?

ਧੂੰਨਾ : ਤੇਰਾ ਕੰਮ ਕਾਰਡ ਵੰਡਣਾ ਏ ਪਰ ਤੇਰਾ ਹੱਕ ਨਹੀਂ ਪੈਸੇ ਮੰਗਣਾ। ਇਹ ਤਾਂ ਸਾਡੀ ਖੁਲ੍ਹਦਿਲੀ ਏ ਜੋ ਤੇਰੇ ਵਰਗਿਆਂ ਨੂੰ ਖ਼ੁਸ਼ ਕਰਕੇ ਭੇਜਦੇ ਰਹੇ ਆਂ।

ਬੰਤੂ : ਹੱਕ ਕਿਉਂ ਨਹੀਂ? ਕੰਮੀ ਦਾ ਹੱਕ ਹੁੰਦੈ।

ਧੂੰਨਾ : ਤੇਰਾ ਹੱਕ ਮਾਰਿਆ ਕਦੇ ਪਹਿਲਾਂ? ਯਾਦ ਕਰ ਉਹ ਵਕਤ ਜਦ ਤੇਰੇ ਘਰ ਆਟੇ ਦੀ ਇੱਕ ਮੁੱਠ ਨਹੀਂ ਸੀ ਹੁੰਦੀ, ਕਿੰਨੀ



ਵਾਰ ਮੇਰੇ ਘਰੋਂ ਤੂੰ ਆਟਾ ਲਿਜਾ ਕੇ ਚੁੱਲ੍ਹਾ ਬਾਲਦਾ ਰਿਹੈਂ।

ਬੰਤੂ : ਵਕਤ ਵਕਤ ਦੀ ਗੱਲ ਏ ਧੂੰਨਾ ਸਿੰਘ। ਤੂੰ ਆ ਜਾ ਮੇਰੇ ਨਾਲ ਭਾਂਡਾ ਫੜ ਕੇ ਮੇਰੇ ਘਰ, ਤੈਨੂੰ ਆਟਾ ਪਾ ਦਿਆਂਗੇ।

(ਮਿੰਦਰੋ ਆਉਂਦੀ ਹੈ, ਜਿਸ ਨੇ ਬੰਤੀ ਦੀ ਗੱਲ ਸੁਣ ਲਈ ਹੈ)

ਮਿੰਦਰੋ : ਤੈਨੂੰ ਸ਼ਰਮ ਨਾ ਆਈ ਇਵੇਂ ਬੋਲਦੇ? ਕਿੰਨੀ ਵਾਰੀ ਤੂੰ ਟਾਹਲੀਆਂ ਵਾਲੇ ਕਿਲੇ ਵਿੱਚੋਂ ਸਾਗ ਤੋੜ ਕੇ ਲਿਆਂਦਾ ਰਿਹਾ, ਅਸੀਂ ਨਾ ਤੈਨੂੰ ਡੱਕਿਆ। ਘਰ ਕੋਈ ਅਖੰਡ ਪਾਠ ਰੱਖਣਾ ਤਾਂ ਤੈਨੂੰ ਦੂਜਿਆਂ ਨਾਲੋਂ ਵੱਧ ਦੇ ਕੇ ਤੋਰਨਾ, ਤੂੰ ਸਭ ਕੁੱਝ ਭੁੱਲ ਗਿਐਂ?

ਬੰਤੂ : ਮੇਰੇ 'ਤੇ ਰੋਅਬ ਪਾਉਣ ਦੀ ਲੋੜ ਨਹੀਂ ਬਾਬੇ ਆਦਮ ਦੇ ਵੇਲੇ ਦੀਆਂ ਗੱਲਾਂ ਚੇਤੇ ਕਰਾ ਕੇ। ਕਰ ਕੇ ਲਿਜਾਂਦੇ ਰਹੇ ਆਂ, ਕੋਈ ਹੱਥ 'ਤੇ ਹੱਥ ਨਹੀਂ ਸੀ ਧਰ ਕੇ ਬੈਠੇ ਰਹਿੰਦੇ। ਤੁਸੀਂ ਕੱਢੋ ਵੀਹ ਰੁਪਏ ਤੇ ਮੈਂ ਕਿਸੇ ਹੋਰ ਘਰ ਵੱਲ ਮੂੰਹ ਕਰਾਂ।

ਧੂੰਨਾ : ਤੈਨੂੰ ਕਹਿ ਜੁ ਦਿੱਤੈ ਪਰਸੋਂ ਆ ਕੇ ਲੈ ਜਾਈਂ।

ਬੰਤੂ : ਮੈਂ ਨਹੀਂ ਆਉਂਦਾ ਪਰਸੋਂ।

ਧੂੰਨਾ : ਨਹੀਂ ਤਾਂ ਨਾ ਸਹੀ।

ਬੰਤੂ : ਸਾਰੀ ਬਰਾਦਰੀ 'ਚ ਆਖਾਂਗਾ ਧੂੰਨਾ ਸਿੰਘ ਦੇ ਘਰ ਭੁੱਖ ਨੱਚਦੀ ਪਈ ਏ।

ਮਿੰਦਰੋ : ਕਰ ਲਈਂ ਬਕਵਾਸ, ਸਾਨੂੰ ਨਹੀਂ ਪੈਂਦਾ ਫ਼ਰਕ।

ਬੰਤੂ : ਫਿਰ ਨਾ ਆਖਿਓ.....

ਧੂੰਨਾ : (ਟੋਕਦੇ ਹੋਏ) ਜੋ ਕਹਿਣਾ ਏ ਕਹਿ ਲਵੀਂ, ਮੇਰੀ ਕੋਈ ਫੀਤੀ ਨਹੀਂ ਲਹਿ ਚਲੀ। ਹੋਰ ਜ਼ਿਆਦਾ ਬੋਲਿਆ ਤਾਂ ਧੱਕੇ ਮਾਰ ਕੇ ਬਾਹਰ ਕੱਢਾਂਗਾ ਚੋਰ!

ਬੰਤੂ : ਮੈਨੂੰ ਚੋਰ ਕਿਹੈ? ਕਿਸ ਸਾਲੇ ਦੀ ਮੈਂ ਕੀਤੀ ਚੋਰੀ?

ਧੂੰਨਾ : ਭੁੱਲ ਗਿਐਂ ਉਹ ਵਕਤ ਜਦੋਂ ਗਿਆਨ ਆੜਤੀਏ ਦੇ ਮੁੰਡੇ ਦੇ ਵਿਆਹ 'ਤੇ ਘਿਓ ਦਾ ਟੀਨ ਖਿਸਕਾ ਕੇ ਲੈ ਆਇਆ ਸੀ, ਜਦ ਤੂੰ ਮੈਨੂੰ ਫਿਰਨੀ 'ਤੇ ਮਿਲਿਆ ਸੀ। ਉਦੋਂ ਤਰਲੇ ਕੱਢਦਾ ਸੀ ਗਿਆਨ ਸਿੰਘ ਆੜਤੀਏ ਨੂੰ ਨਾ ਦੱਸੀਂ। ਜੇ ਮੈਂ ਉਹਨੂੰ ਅੱਜ ਵੀ ਦੱਸ ਦੇਵਾਂ ਤਾਂ ਚੜ੍ਹ ਜਾਏਗਾ ਰਾਸ਼ਨ ਪਾਣੀ ਲੈ ਕੇ ਤੇਰੇ 'ਤੇ, ਨਾਲ ਹੀ ਭੂਤਨੀ ਭੁਲਾ ਦੇਵੇਗਾ ਤੇਰੀ।

ਬੰਤੂ : ਭੂਤਨੀ ਤਾਂ ਤੇਰੀ ਭੁਲਾਵੇਗਾ ਜਿਹਦੇ ਤੋਂ ਕਰਜ਼ਾ ਲੈ ਕੇ ਤੂੰ

ਕੁੜੀ ਦਾ ਵਿਆਹ ਕੀਤੈ। ਜਦ ਕਰਜ਼ਾ ਲਾਹੂੰਗਾ ਤਾਂ ਢਾਵਾਂ ਮਾਰ-ਮਾਰ ਰੋਵੇਂਗਾ। ਤੁਹਾਨੂੰ ਕੱਖਾਂ ਵਾਂਗੂੰ ਰੋਲ ਕੇ ਰੱਖ ਦੇਵੇਂਗਾ ਗਿਆਨ ਸਿੰਘ, ਤੁਸੀਂ ਭੁੱਖੇ ਨਾ ਮਰੇ ਤਾਂ ਮੈਨੂੰ ਪਿਓ ਦਾ ਪੁੱਤ ਨਾ ਆਖੀਂ, ਕਿਸੇ ਹੋਰ ਦਾ ਕਹਿ ਦੇਵੀਂ।

(ਬੋਲਦਾ ਬੋਲਦਾ ਬੌਂਦੂ ਭੁੱਲ ਜਾਂਦਾ ਹੈ)

ਮਿੰਦਰੋ : ਕੰਮੀਆਂ ਨੂੰ ਵੀ ਗੱਲਾਂ ਆਉਣ ਲੱਗ ਪਈਆਂ ਨੇ, ਕਿੱਡੀ ਹਵਾ ਉੱਚੀ ਹੋਈ ਪਈ ਏ ਸਿਰਨਾਂ ਲੋਕਾਂ ਦੀ।

ਧੁੰਨਾ : ਜਦ ਬੰਦੇ ਦੇ ਦਿਨ ਮਾੜੇ ਆਏ ਹੋਣ, ਉਹਨੂੰ ਹਰ ਕੋਈ ਟਿੱਚ ਸਮਝਦੈ। ਐਤਕਾਂ ਕਣਕ ਦੀ ਫ਼ਸਲ ਸਹੀ ਸਲਾਮਤ ਘਰੇ ਆ ਜਾਏ ਸਹੀ। ਫ਼ਸਲ ਚੰਗੀ ਹੋ ਜਾਏ, ਕਿਤੇ ਆੜ੍ਹਤੀਏ ਦੇ ਕਰਜ਼ੇ ਤੋਂ ਕੁੱਝ ਖੁਲਾਸੀ ਹੋ ਜਾਏ। ਰਾਤ ਕਿੰਨਾ ਮੀਂਹ ਪਿਐ, ਜਦ ਕੋਈ ਛਰਾਟਾ ਆਉਂਦਾ ਸੀ ਤਾਂ ਮੇਰਾ ਦਿਲ ਕੰਬਣ ਲੱਗ ਪੈਂਦਾ ਸੀ। ਰੱਬ ਵੀ ਸਾਲਾ ਤਰਸ ਨਹੀਂ ਕਰਦਾ ਮਾੜਿਆਂ 'ਤੇ।

ਮਿੰਦਰੋ : ਹੁਣ ਰੱਬ ਨਾਲ ਲੱਗਾ ਏਂ ਮੱਥਾ ਲਾਉਣ। ਕੀ ਵਿਗਾੜ ਲਵੇਂਗਾ ਰੱਬ ਦਾ?

ਧੁੰਨਾ : ਰੱਬ ਦੀ ਕਿਹੜਾ ਲੱਤ ਤੋੜ ਲੈਣੀ ਕਿਸੇ ਨੇ? ਵਰ੍ਹਾਈ ਜਾਵੇ ਮੀਂਹ ਸੋਨੇ ਵਰਗੀ ਫ਼ਸਲ 'ਤੇ।

ਮਿੰਦਰੋ : ਹੋਰ ਮਹੀਨੇ ਨੂੰ ਕਣਕ ਦੀ ਫ਼ਸਲ ਘਰੇ ਆਉਣੀ ਏ, ਹੁਣ ਤਾਂ ਮੀਂਹ ਤਾਂ ਕੀ, ਸੋਨੇ ਦੀ ਵੀ ਛਿੱਟ ਨਹੀਂ ਪੈਣੀ ਚਾਹੀਦੀ। (ਗੱਲ ਪਰਤਦੀ ਹੋਈ) ਪਿਛਲੇ ਤਿੰਨ ਚਾਰ ਦਿਨਾਂ ਤੋਂ ਤੂੰ ਸੁੱਤਾ ਈ ਗੱਲਾਂ ਕਰੀ ਜਾਂਦੈ। ਕਿਹਦੇ ਨਾਲ ਕਰਦੈਂ ਗੱਲਾਂ? ਸੁਫ਼ਨੇ ਵਿੱਚ ਟਾਹਲੀਆਂ ਟਾਹਲੀਆਂ ਬੋਲੀ ਜਾਂਦੈ।

ਧੁੰਨਾ : ਸੁਫ਼ਨੇ ਵਿੱਚ ਚੋਰਾਂ ਸਾਡੀਆਂ ਟਾਹਲੀਆਂ ਵੱਢ ਲਈਆਂ ਸੀ।

ਮਿੰਦਰੋ : ਆੜ੍ਹਤੀਏ ਨੂੰ ਲਿਖ ਕੇ ਦੇ ਜੂ ਦਿੱਤਾ ਟਾਹਲੀਆਂ ਦਾ। ਜੇ ਪੈਸੇ ਨਾ ਦੇ ਸਕੇ ਹਾੜੀ ਤੇ ਤਾਂ ਉਹ ਟਾਹਲੀਆਂ ਵੱਢ ਕੇ ਲੈ ਜਾਵੇਗਾ। ਤੈਨੂੰ ਕਿਹਨੇ ਕਿਹਾ ਸੀ ਹੱਥ ਵੱਢ ਕੇ ਦੇਣ ਦਾ?

ਧੁੰਨਾ : ਮਰਦਾ ਕੀ ਨਾ ਕਰਦਾ। ਕੁੜੀ ਦਾ ਵਿਆਹ ਤਾਂ ਕਰਨਾ ਈ ਪੈਣਾ ਸੀ, ਟਾਹਲੀਆਂ ਨਾ ਲਿਖਦਾ ਤਾਂ ਹੋਰ ਪੈਲੀ ਲਿਖ ਦੇਂਦਾ ਜਿਹੜੀ ਚਾਰ ਕਿਲੇ ਹੈਗੀ ਏ।

ਮਿੰਦਰੋ : ਤੇਰੀ ਟਾਹਲੀਆਂ ਜਾਣਗੀਆਂ ਭੰਗ ਦੇ ਭਾੜੇ। ਇੱਕ ਵਾਰ ਬੰਦਾ ਅੜਿੱਕੇ ਚੜ੍ਹ ਜਾਏ ਸੀ ਆੜ੍ਹਤੀਆਂ ਦੇ, ਫਿਰ ਵੇਖੀਂ ਕੀ ਭਾਅ ਵਿਕਦੀ ਏ?



ਧੁੰਨਾ : ਸਧਰਾਂ ਨਾਲ ਪਾਲੀਆਂ ਟਾਹਲੀਆਂ ਦੇ ਪੂਰੇ ਤੀਹ ਹਜ਼ਾਰ ਖੱਟਾਂਗਾ।

ਮਿੰਦਰੋ : ਬਟੂਆ ਲੈ ਆ ਨਵਾਂ ਬਜ਼ਾਰੋਂ!

ਧੁੰਨਾ : ਬਟੂਆ ਸਾਡੀ ਕਿਸਮਤ ਵਿੱਚ ਕਿਥੇ? ਕਰ ਲੈ ਹੁੱਜਤਾਂ, ਤੂੰ ਨਾ ਕਰੇਂਗੀ ਤਾਂ ਹੋਰ ਤੇਰੇ ਜੁਆਕ ਕਰਨਗੇ।

ਮਿੰਦਰੋ : ਜੁਆਕ ਤਾਂ ਤੇਰੀਆਂ ਸਿਫ਼ਤਾਂ ਦੇ ਪੁਲ ਬੰਨ੍ਹਣਗੇ, ਤਾਰ ਦਿੱਤਾ ਤੂੰ ਉਹਨਾਂ ਨੂੰ।

(ਧੁੰਨੇ ਦਾ ਪੁੱਤਰ ਚੰਨਾ ਆਉਂਦਾ ਹੈ, ਉਸ ਦੇ ਚਿਹਰੇ ਦਾ ਰੰਗ ਉੱਡਿਆ ਹੋਇਆ ਹੈ, ਚੁੱਪ ਕਰਕੇ ਮੰਜੇ 'ਤੇ ਬੈਠ ਜਾਂਦਾ ਹੈ)

ਧੁੰਨਾ : ਹੁਣ ਤਾਂ ਸਾਰੀਆਂ ਆਸਾਂ ਹੀ ਇਸ ਫ਼ਸਲ 'ਤੇ ਨੇ.....

ਚੰਨਾ : ਕਾਹਦੀ ਫ਼ਸਲ...... (ਰੋ ਪੈਂਦਾ ਹੈ)

ਧੁੰਨਾ : (ਘਬਰਾਈ ਆਵਾਜ਼ ਵਿੱਚ) ਕੀ ਹੋਇਆ ਫ਼ਸਲ ਨੂੰ?

ਚੰਨਾ : ਗੜਿਆਂ ਨੇ ਸਾਰੀ ਫ਼ਸਲ ਤਬਾਹ ਕਰਤੀ।

ਮਿੰਦਰੋ : ਹੁਣ ਕੀ ਕਰਾਂਗੇ? ਕੀ ਖਾਵਾਂਗੇ ਤੇ ਸ਼ਾਹ ਦਾ ਕਰਜ਼ਾ ਕਿਵੇਂ....

ਚੰਨਾ : ਸ਼ਾਹ ਸਿੱਧਾ ਟਾਹਲੀਆਂ ਨੂੰ ਪਵੇਗਾ, ਅਜੇ ਕਲ੍ਹ ਈ ਕਹਿੰਦਾ ਪਿਆ ਸੀ ਜੇ ਫ਼ਸਲ ਤੇ ਸਾਬ੍ਹ ਪੂਰਾ ਨਾ ਹੋਇਆ ਤਾਂ ਟਾਹਲੀਆਂ ਸਾਬ੍ਹ ਪੱਧਰਾ ਕਰਨਗੀਆਂ।

ਧੁੰਨਾ : ਸਾਲੇ ਨੂੰ ਦਿਨ ਰਾਤ ਮੇਰੀਆਂ ਟਾਹਲੀਆਂ ਦੇ ਹੀ ਸੁਫ਼ਨੇ ਆਉਂਦੇ ਨੇ।

(ਗਿਆਨ ਸਿੰਘ ਆਉਂਦਾ ਹੈ)

ਸ਼ਾਹ ਜੀ?

ਗਿਆਨ ਸਿੰਘ : ਧੁੰਨਾ ਸਿੰਘ, ਮੇਰੇ ਬੰਦੇ ਗਏ ਨੇ ਟਾਹਲੀਆਂ ਵੱਢਣ।

ਧੁੰਨਾ : (ਡਾਹਢਾ ਦੁਖੀ ਹੋਇਆ) ਟਾਹਲੀਆਂ?

ਗਿਆਨ ਸਿੰਘ : ਫ਼ਸਲ ਤਾਂ ਤੇਰੀ ਲੈ ਗਈ ਗੜੇ, ਹੁਣ ਤਾਂ ਹਿਸਾਬ ਕਿਤਾਬ ਟਾਹਲੀਆਂ ਹੀ ਪੱਧਰਾ ਕਰਨਗੀਆਂ।

ਚੰਨਾ : ਤਾਇਆ, ਤੈਨੂੰ ਟਾਹਲੀਆਂ ਦੀ ਪੈ ਗਈ ਏ, ਐਧਰ ਸਾਡੀ ਪਲੀ ਪਲਾਈ ਫ਼ਸਲ ਨਾਸ ਹੋ ਗਈ.....

ਗਿਆਨ ਸਿੰਘ : ਕਾਕਾ, ਹਮਦਰਦੀ ਤਾਂ ਮੈਨੂੰ ਵੀ ਏ। ਪਰ ਸਾਬ੍ਹ ਕਿਤਾਬ ਵਿੱਚ ਗੱਲ ਕੋਰੀ ਚਲਦੀ ਏ।

ਧੁੰਨਾ : ਸ਼ਾਹ ਜੀ ਕਰ ਲਉ ਰਾਂਝਾ ਰਾਜ਼ੀ, ਸਾਡੀ ਨਾ ਸੋਚਿਓ ਕਰਮਾਂ ਮਾਰਿਆਂ ਦੀ। ਲੈ ਜਾਓ ਟਾਹਲੀਆਂ ਤੇ ਪੈ ਜਾਏ ਤੁਹਾਡੇ ਕਾਲਜੇ ਠੰਡ।

ਗਿਆਨ ਸਿੰਘ : ਤੇਰੀ ਗੱਲ ਠੀਕ ਏ. ਇੱਕ ਵਾਰ ਸਾਬ੍ਹ ਕਿਤਾਬ ਲਮਕ ਜਾਵੇ ਤਾਂ ਫਿਰ ਨਹੀਂ ਹੁੰਦਾ ਸੂਤ। ਚੰਗਾ ਧੁੰਨਾ ਸਿਹਾਂ, ਰੱਬ ਰਾਖਾ।

ਧੁੰਨਾ : ਹੂੰ ਰੱਬ ਰਾਖਾ! ਕਿੱਡਾ ਸਾਲਾ ਰੱਬ ਦਾ ਭਗਤ ਸਮਝਦੈ। ਰੱਬ ਨੇ ਵੀ ਚੰਗੀ ਕੀਤੀ, ਸਾਰੀ ਫ਼ਸਲ ਦੇ ਆਹੂ ਲਾਹ ਕੇ ਰੱਖ ਦਿੱਤੇ ਤੇ ਰਹਿੰਦੀ ਕਸਰ ਕੱਢ ਤੀ ਇਸ ਸਾਲੇ ਆੜ੍ਹਤੀਏ ਨੇ।

ਚੰਨਾ : ਸ਼ਾਹ ਬੰਦਾ ਨਹੀਂ, ਇਹ ਠੂਹਾ ਏ ਠੂਹਾ। (ਚੰਨਾ ਅੰਦਰ ਚਲਾ ਜਾਂਦਾ ਹੈ)

ਮਿੰਦਰੋ : ਹੁਣ ਕੀ ਕਰਾਂਗੇ?

ਧੁੰਨਾ : (ਬਿਸਤਰੇ ਹੇਠੋਂ ਪਿਸਟਲ ਕੱਢਦਾ ਹੋਇਆ) ਹੁਣ ਆਹ ਪਿਸਟਲ ਈ ਸਾਡਾ ਸਾਥ ਦੇਵੇਗਾ। ਸਾਰੀ ਉਮਰ ਮੈਨੂੰ ਜਿਹੜੇ ਲੋਕ ਲੁੱਟਦੇ ਰਹੇ ਮੈਂ ਉਹਨਾਂ ਦਿਨ ਦੇ ਚੋਰਾਂ ਤੋਂ ਗਿਣ-ਗਿਣ ਕੇ ਬਦਲੇ ਲਵਾਂਗਾ ਤੇ ਉਹਨਾਂ ਦੀ ਰਾਤ ਦੀ ਨੀਂਦ ਹਰਾਮ ਕਰ ਦਿਆਂਗਾ।

(ਮਿੰਦਰੋ ਇਸ ਤਰ੍ਹਾਂ ਖੜ੍ਹੀ ਹੈ ਜਿਵੇਂ ਪੱਥਰ ਬਣ ਗਈ ਹੋਵੇ, ਧੁੰਨਾ ਸਿਰ 'ਤੇ ਪਰਨਾ ਬੰਨ੍ਹ ਕੇ ਇੱਕ ਕੱਪੜੇ ਨਾਲ ਚਿਹਰੇ ਦਾ ਜ਼ਿਆਦਾ ਹਿੱਸਾ ਢੱਕ ਲੈਂਦਾ ਹੈ। ਪਿਸਟਲ ਹੱਥ ਵਿੱਚ ਫੜ ਕੇ ਚੋਰਾਂ ਦੀ ਤਰ੍ਹਾਂ ਵਿਖਾਈ ਦਿੰਦਾ ਹੈ।)

ਓ ਚੋਰੋ! ਆ ਰਿਹੈ ਤੁਹਾਡਾ ਬਾਪ, ਸਾਬ੍ਹ ਕਿਤਾਬ ਹੁਣ ਹੋਏਗਾ ਪੱਧਰਾ।

(ਪਿੱਛੋਂ ਆਵਾਜ਼ ਆਉਂਦੀ ਹੈ)

ਚੋਰਾਂ ਦੀ ਦੁਨੀਆਂ ਅੰਦਰ
ਅੱਜ ਇੱਕ ਬਣਿਆ ਚੋਰ।
ਭੁੱਖ ਨੇ ਖ਼ੂਬ ਸਤਾਇਆ
ਹੁਣ ਚੋਰਾਂ ਨੂੰ ਪੈਣਗੇ ਮੋਰ।
ਚੋਰਾਂ ਦੀ ਦੁਨੀਆਂ.......

(ਹਨੇਰਾ ਹੋ ਜਾਂਦਾ ਹੈ)

—o—



# ਅਪਾਹਜ

ਭਿਖਾਰੀ : ਉਮਰ 40 ਸਾਲ

ਖੋਜੀ : ਉਮਰ 60 ਸਾਲ

ਲੜਕੀ : ਉਮਰ 25 ਸਾਲ

ਬਾਊ : ਇੱਕ ਕਲਰਕ, ਉਮਰ 35 ਸਾਲ

ਪ੍ਰਧਾਨ : ਨਗਰ ਪੰਚਾਇਤ ਦਾ ਮੁੱਖੀ, ਉਮਰ 60 ਸਾਲ

ਸੇਵਾਦਾਰ : ਸਾਧਾਰਣ ਆਦਮੀ, ਉਮਰ 50 ਸਾਲ

ਔਰਤ : ਫੈਸ਼ਨੇਬਲ ਔਰਤ, ਉਮਰ 40 ਸਾਲ



# ਅਪਾਹਜ

ਸਥਾਨ : ਇੱਕ ਨਗਰ ਦਾ ਬੱਸ ਸਟੈਂਡ

(ਬੱਸ ਦੀ ਇੰਤਜ਼ਾਰ ਵਿੱਚ ਇੱਕ ਲੜਕੀ ਸੜਕ 'ਤੇ ਖੜ੍ਹੀ ਹੈ, ਆਪਣੀ ਘੜੀ ਵੱਲ ਵੇਖਦੀ ਹੈ। ਲੜਕੀ ਨੇ ਅੱਖਾਂ ਉੱਪਰ ਐਨਕਾਂ ਲਗਾਈਆਂ ਹਨ, ਕੋਲ ਹੀ ਇੱਕ ਭਿਖਾਰੀ, ਜਿਸ ਦੀ ਇੱਕ ਲੱਤ ਕਮਜ਼ੋਰ ਹੈ, ਭੀਖ ਮੰਗ ਰਿਹਾ ਹੈ)

ਭਿਖਾਰੀ : (ਲੜਕੀ ਨੂੰ) ਮੇਮ ਸਾਹਬ, ਰੱਬ ਦੇ ਵਾਸਤੇ ਦੋ ਰੁਪਈਏ ਦੇ ਦਿਓ। ਨੀਲੀ ਛੱਤ ਵਾਲਾ ਤੁਹਾਡਾ ਭਲ਼ਾ ਕਰੇਗਾ, ਤੁਹਾਡੇ ਰੁੱਕੇ ਕੰਮ ਰੁੱਕ ਹੋ ਜਾਣਗੇ। ਤੁਹਾਡੀਆਂ ਖਾਹਸ਼ਾਂ ਪੂਰੀਆਂ ਹੋਣਗੀਆਂ। ਰੱਬ ਤੁਹਾਡੀ ਯਾਤਰਾ ਕਾਮਯਾਬ ਕਰੇਗਾ। ਇਸ ਅਪਾਹਜ ਨੂੰ ਅੰਤਾਂ ਦੀ ਭੁੱਖ ਲੱਗੀ ਏ, ਰੋਟੀ ਖਾਣੀ ਏ। ਪੁੰਨ ਕਰ ਲਉ ਸੁਬਹ ਸੁਬਹ, ਸੁਬਹ ਨਾਂ ਪਰਮੇਸ਼ਰ ਦਾ। ਮੇਮ ਸਾਹਬ, ਮੈਂ ਤੁਹਾਨੂੰ ਕਹਿ ਰਿਹਾਂ।

(ਲੜਕੀ ਆਪਣੇ ਆਪ ਵਿੱਚ ਗੁਆਚੀ ਜਿਹੀ ਪ੍ਰਤੀਤ ਹੁੰਦੀ ਹੈ)

ਮੇਮ ਸਾਹਬ, ਤੁਸੀਂ ਸੁਣਦੇ ਨਹੀਂ। (ਉੱਚੀ ਆਵਾਜ਼ ਵਿੱਚ) ਓ ਮੇਮ ਸਾਹਬ! ਮੇਰਾ ਸਾਰਾ ਜ਼ੋਰ ਲੱਗ ਗਿਐ ਪਰ ਇਹ ਕੁੜੀ ਸੁਣਦੀ ਨਹੀਂ.....

(ਅਚਾਨਕ ਖੋਜੀ ਆਉਂਦਾ ਹੈ)

ਖੋਜੀ : ਨਾ ਮਾਰ ਵਾਜਾਂ ਭਰਾਵਾ! ਇਹਦੇ ਕੰਨਾਂ 'ਤੇ ਜੂੰ ਨਹੀਂ ਸਰਕੇਗੀ।

(ਲੜਕੀ, ਖੋਜੀ ਵੱਲ ਗੁੱਸੇ ਨਾਲ ਵੇਖਦੀ ਹੈ)

ਭਿਖਾਰੀ : ਆਹ ਕੁੜੀ ਬੋਲੀ ਏ?

ਖੋਜੀ : ਇਹਨੂੰ ਬੋਲੀ ਹੀ ਸਮਝ।

ਭਿਖਾਰੀ : ਤੇਰੀ ਗੱਲ ਠੀਕ ਏ, ਮੇਰਾ ਸਿਰ ਦੁਖ਼ਣ ਲੱਗ ਪਿਐ ਇਹਨੂੰ ਵਾਜਾਂ ਮਾਰ ਮਾਰ ਕੇ ਪਰ ਇਹ ਤਾਂ ਪੱਥਰ ਬਣੀ ਰਹੀ।

ਖੋਜੀ : ਹੁਣ ਇਹ ਪੱਥਰ ਹੋ ਗਈ ਏ। ਤੂੰ ਬਿਲਕੁਲ ਠੀਕ ਕਹਿ ਰਿਹੈਂ।

ਭਿਖਾਰੀ : ਆਹੋ ਜੀ, ਭੁੱਖੇ ਢਿੱਡ ਵਿੱਚੋਂ ਸੱਚੀ ਵਾਜ ਹੀ ਬਾਹਰ ਨਿਕਲਦੀ ਏ, ਇਹ ਹੈ ਈ ਪੱਥਰ, ਪੱਥਰ, ਪੱਥਰ।

(ਲੜਕੀ ਗੁੱਸੇ ਨਾਲ ਭਿਖਾਰੀ ਵੱਲ ਵੇਖਦੀ ਹੈ)

ਖੋਜੀ : ਹਾਂ, ਇਹ ਬੁੱਤ ਬਣ ਗਈ ਏ, ਇਹਦੀ ਜ਼ਿੰਦਗੀ ਵਿੱਚ ਨਾ ਕੋਈ ਰੰਗ ਏ ਨਾ ਕੋਈ ਖ਼ੁਸ਼ਬੂ। ਇਹ ਜ਼ਿੰਦਗੀ ਤੋਂ ਅੱਕੀ ਪਈ ਏ।

ਭਿਖਾਰੀ : ਕਿਉਂ ਅੱਕੀ ਪਈ ਏ? ਅੱਕਣ ਸਾਡੇ ਵਰਗੇ ਅਪਾਹਜ, ਲਚਾਰ। ਜਿਹੜੇ ਨਾ ਚੰਗੀ ਤਰ੍ਹਾਂ ਤੁਰ ਸਕਦੇ ਨੇ, ਨਾ ਕਮਾ ਸਕਦੇ ਨੇ, ਨਾ ਪੇਟ ਭਰ ਕੇ ਖਾ ਸਕਦੇ ਨੇ। ਪਰ ਆਹ ਲੜਕੀ ਨੇ ਪੂਰੇ ਟਸ਼ਨੇ ਮਸ਼ਨੇ ਕੀਤੇ ਨੇ, ਵਧੀਆ ਸੂਟ ਪਾਇਐ, ਸੋਹਣਾ ਬੈਗ ਲਮਕਾਇਐ। ਖਾਂਦੀ ਪੀਂਦੀ ਟੀਟਣੇ ਕਿਉਂ ਮਾਰਦੀ ਏ?

(ਲੜਕੀ ਫਿਰ ਘੂਰਦੀ ਹੈ)

ਖੋਜੀ : ਸੂਟ ਬੂਟ ਦਾ ਹੀ ਸਾਰਾ ਪਰਤਾਪ ਏ, ਨਹੀਂ ਤਾਂ ਦਫ਼ਤਰ ਵਾਲਿਆਂ ਅੰਦਰ ਨਹੀਂ ਵੜਨ ਦੇਣਾਂ। ਦਫ਼ਤਰ ਵਾਲਿਆਂ ਨੂੰ ਇੱਕ ਹੋਰ ਮਾਰ ਏ.....

ਭਿਖਾਰੀ : ਕਿਹੜੀ ਮਾਰ?

ਖੋਜੀ : ਉਹਨਾਂ ਦਫ਼ਤਰਾਂ ਵਿੱਚ ਉਹੀ ਕੁੜੀਆਂ ਰਹਿ ਸਕਦੀਆਂ ਨੇ ਜੋ ਬਣ ਠਣ ਕੇ ਰੈਡੀਮੇਡ ਖਿਡੌਣਾ ਬਣ ਕੇ ਕੁਰਸੀ 'ਤੇ ਸੱਜ ਜਾਣ।

ਭਿਖਾਰੀ : ਰੈਡੀਮੇਡ ਖਿਡੌਣਾ?

ਖੋਜੀ : ਹਾਂ, ਇਹ ਕੁੜੀ ਵੀ ਦਫ਼ਤਰ ਦੇ ਬੌਸ ਦੇ ਹੱਥਾਂ ਵਿੱਚ ਖਿਡੌਣਾ ਹੀ ਏ। ਉਹ ਖਿਡੌਣੇ ਨੂੰ ਭਾਵੇਂ ਨਚਾਵੇ, ਭਾਵੇਂ ਹਵਾ 'ਚ ਲਹਿਰਾਵੇ, ਕੀਹਦੀ ਮਜ਼ਾਲ ਏ ਉਹਨੂੰ ਟੋਕਣ ਦੀ। ਇਹ ਲੜਕੀ ਪੱਤਝੜ ਬਣ ਗਈ ਏ ਜਿਹਦੇ ਵਿੱਚ ਕੋਈ ਰੰਗ ਨਹੀਂ। ਨਿਰੀ ਖੋਖਲੀ ਜ਼ਿੰਦਗੀ! ਇਹ ਆਪਣੇ ਰੋਜ਼-ਰੋਜ਼ ਦੇ ਇੱਕੋ ਕੰਮ ਤੋਂ ਤੰਗ ਆ ਗਈ ਏ, ਯਾਨੀ ਬੋਰ ਹੋ ਗਈ ਏ।

ਲੜਕੀ : (ਖਿੱਝ ਕੇ) ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਮੈਂ ਆਪਣੇ ਕੰਮ ਤੋਂ ਬੋਰ ਹੋ ਗਈ ਆਂ?

ਖੋਜੀ : (ਹੱਸਦਾ ਹੈ) ਤੇਰਾ ਚਿਹਰੇ ਬੋਲਦਾ ਪਿਐ, ਇਹਦੇ ਉੱਪਰ ਆਈ ਪਲਿੱਤਣ ਮੇਰੀ ਗੱਲ ਦੀ ਗਵਾਹ ਏ। ਤੇਰੇ ਹਰ ਬੋਲ ਵਿੱਚ ਖਿੱਝ



ਵੇ, ਇੱਕ ਸ਼ਕੈਤ ਹੈ। (ਅਪਾਹਜ ਨੂੰ) ਇਸ ਲੜਕੀ ਨੇ ਐਨਕਾਂ ਪਤਾ ਕਿਉਂ ਲਾਈਆਂ ਨੇ?

ਭਿਖਾਰੀ : ਹੂੰ! ਐਨਕਾਂ ਦਾ ਪਰਛਾਵਾਂ ਮੂੰਹ 'ਤੇ ਪੈਣ ਨਾਲ ਚਮੜੀ ਚਮਕ ਉੱਠੇ ਤੇ ਅੱਡਿਆਂ 'ਤੇ ਅਵਾਰਾ ਘੁੰਮਣ ਵਾਲੇ ਮੁੰਡੇ ਪਹਿਲੀ ਨਜ਼ਰੇ ਫੱਟੜ ਹੋ ਜਾਣ ਤੇ ਮੁੜ ਕੇ ਪਾਣੀ ਨਾ ਮੰਗਣ।

ਖੋਜੀ : ਅੰਸਲ ਗੱਲ ਕੁੱਝ ਹੋਰ ਏ, ਇਹਦੀ ਨਜ਼ਰ ਕਮਜ਼ੋਰ ਹੋ ਗਈ ਏ। ਫੈਸ਼ਨ ਵਾਲੀਆਂ ਐਨਕਾਂ ਵਿੱਚ ਫਿੱਟ ਕੀਤਾ ਆਹ ਲੈਨਜ। ਸਵੇਰ ਤੋਂ ਦੇਰ ਰਾਤ ਤੱਕ ਕੰਮ ਕਰਕੇ ਇਹਨੇ ਅਪਣੀ ਨਸ਼ੀਲੀਆਂ ਅੱਖਾਂ ਦੀ ਜੋਤ ਘਟਾ ਲਈ ਏ।

ਭਿਖਾਰੀ : ਪਰ ਮੈਨੂੰ ਕੀ ਲੱਗੇ ਇਹਦੇ ਨਾਲ? ਮੈਨੂੰ ਭੁੱਖ ਲੱਗੀ ਏ, ਮੈਂ ਭੀਖ ਮੰਗ ਰਿਹਾਂ ਮੇਮ ਸਾਹਬ!

ਖੋਜੀ : ਇਹ ਲੜਕੀ ਭੀਖ ਮੰਗਣ ਨੂੰ ਸਖ਼ਤ ਨਫ਼ਰਤ ਕਰਦੀ ਏ। ਇਹਦੇ ਤੋਂ ਭੀਖ ਨਾ ਹੀ ਮੰਗ।

ਭਿਖਾਰੀ : ਕਿਉਂ ਨਾ ਮੰਗਾਂ?

ਖੋਜੀ : ਇਹ ਲੜਕੀ ਵੀ ਇੱਕ ਵਾਰ ਭੀਖ ਮੰਗਣ ਗਈ ਸੀ.....

ਲੜਕੀ : (ਟੋਕਦੀ ਹੋਈ) ਗਲਤ, ਮੈਂ ਕਦੇ ਭੀਖ ਨਹੀਂ ਮੰਗੀ।

ਖੋਜੀ : ਭੁੱਲ ਗਈ ਜਦ ਘਰ ਦੀਆਂ ਤੰਗੀਆਂ ਤੁਰਸ਼ੀਆਂ ਤੋਂ ਲਚਾਰ ਹੋ ਕੇ ਆਪਣੇ ਦਫ਼ਤਰ ਵਿੱਚ ਪਹਿਲੀ ਵਾਰ ਪਹੁੰਚੀ ਸੀ......

ਲੜਕੀ : ਪਰ ਤੁਸੀਂ ਕਿਵੇਂ ਜਾਣਦੇ ਹੋ? ਤੁਸੀਂ ਕੋਈ ਸੀ. ਆਈ. ਡੀ. ਵਾਲੇ ਹੋ?

ਖੋਜੀ : ਮੈਂ ਇੱਕ ਖੋਜੀ ਹਾਂ। ਤੂੰ ਤਰਲਾ ਮਾਰਿਆ ਜਿਵੇਂ ਭੀਖ ਮੰਗ ਰਹੀ ਹੋਵੇਂ.....

ਭਿਖਾਰੀ : ਜਿਵੇਂ ਮੈਂ ਮੰਗ ਰਿਹਾਂ?

ਖੋਜੀ : ਹਾਂ, ਪਰ ਉਥੇ ਗੱਲ ਵੱਖਰੀ ਸੀ। ਬੌਸ ਨੇ ਪੈਸ ਕੀਤੀ ਤੇ ਤੈਨੂੰ ਸ਼ਾਮਾਂ ਨੂੰ ਕੱਲਿਆਂ ਮਿਲਣ ਲਈ ਕਿਹਾ ਤੇ ਫਿਰ ਉਹ ਸ਼ਰਾਬ ਤੇ ਸ਼ਬਾਬ ਵਿੱਚ ਡੁੱਬ ਗਿਆ ਤੇ ਤੂੰ ਉਸ ਦਿਨ ਤੋਂ ਵੀਰਾਨ ਧਰਤੀ ਬਣ ਗਈ।

ਲੜਕੀ : (ਕੰਬਦੀ ਆਵਾਜ਼ ਵਿੱਚ) ਮੈਨੂੰ ਇਸ ਤਰ੍ਹਾਂ ਨੌਕਰੀ ਨਹੀਂ ਸੀ ਮਿਲੀ। ਇੰਟਰਵਿਊ ਬੋਰਡ ਨੇ ਮੇਰੀ ਇੰਟਰਵਿਊ ਲੈ ਕੇ ਮੇਰੀ ਸਲੈਕਸ਼ਨ ਕੀਤੀ ਸੀ।

ਖੋਜੀ : ਤੇਰੇ ਚਿਹਰੇ ਉੱਪਰ ਫਿਰ ਸੱਚ ਉਕਰ ਆਇਐ, ਸੱਚ ਛੁਪਾਇਆਂ ਨਹੀਂ ਛੁਪਦਾ। ਤੂੰ ਇੰਟਰਵਿਊ ਬੋਰਡ ਸਾਹਮਣੇ ਹਾਜ਼ਰ ਹੋਈ ਸੀ ਤਾਂ ਕਿਸੇ ਨੇ ਤੇਰੇ ਸਰਟੀਫ਼ਿਕੇਟਾਂ ਵੱਲ ਨਜ਼ਰ ਵੀ ਨਾ ਮਾਰੀ। ਉਹਨਾਂ ਵਾਸਤੇ ਉਹ ਚਿੱਟ ਹੀ ਅਸਲ ਸਰਟੀਫ਼ਿਕੇਟ ਸੀ ਜੋ ਤੇਰੇ ਬੌਸ ਨੇ ਇੱਕ ਦਿਨ ਪਹਿਲਾਂ ਤੈਨੂੰ ਸ਼ਾਮਾਂ ਨੂੰ.....

ਲੜਕੀ : ਬੱਸ ਕਰੋ ਪਲੀਜ਼।

ਖੋਜੀ : ਪਰ ਕਿਉਂ? ਸੱਚੀ ਗੱਲ ਹਥੌੜੇ ਵਾਂਗ ਠਾਹ ਵੱਜਦੀ ਏ। ਉਹ ਵੀ ਸਮਾਂ ਸੀ ਜਦ ਤੇਰੀ ਵਾਜ ਕੋਇਲ ਵਰਗੀ ਸੀ। ਤੂੰ ਗਾਉਂਦੀ ਸੀ ਤਾਂ ਸਰੋਤਿਆਂ ਤੇ ਜਾਦੂ ਵਰਗਾ ਅਸਰ ਹੋ ਜਾਂਦਾ ਸੀ।

ਭਿਖਾਰੀ : (ਦਿਲਚਸਪੀ ਲੈਂਦਾ ਹੋਇਆ) ਕੋਇਲ ਬਾਗੀਂ ਆਏਗੀ ਮੇਰਾ ਗੀਤ ਗਾਏਗੀ।

(ਭਿਖਾਰੀ ਦੀ ਉਦਾਸ ਸੁਰ ਤੇ ਗਾਈਆਂ ਸਤਰਾਂ ਤੋਂ ਖੋਜੀ ਪ੍ਰਭਾਵਿਤ ਹੁੰਦਾ ਹੈ)

ਖੋਜੀ : ਪਰ ਹੁਣ ਇਸ ਲੜਕੀ ਦੀ ਵਾਜ ਵਿੱਚ ਨਾ ਕੋਈ ਮਿਠਾਸ ਏ, ਨਾ ਕੋਈ ਤਾਜ਼ਗੀ ਏ। ਸਾਰਾ ਦਿਨ ਟਾਈਪ ਕਰਦੀ ਏ, ਖ਼ੁਦ ਇੱਕ ਮਸ਼ੀਨ ਬਣ ਗਈ ਏ। ਇਹਦੀ ਵਾਜ ਅਪਾਹਜ ਹੋ ਗਈ ਏ, ਅਸਲ ਵਿੱਚ ਉਸ ਚੰਦਰੀ ਸ਼ਾਮ ਨੂੰ ਇਹ ਬੌਸ ਕੋਲ ਕੱਲੀ....

ਲੜਕੀ : (ਕੰਨਾਂ 'ਤੇ ਹੱਥ ਧਰ ਕੇ) ਤੁਹਾਨੂੰ ਕੀ ਹੱਕ ਏ ਕਿਸੇ ਦੀ ਜ਼ਿੰਦਗੀ ਦੇ ਪਰਦੇ ਚੁੱਕਣ ਦਾ?

ਖੋਜੀ : ਤੇ ਉਸ ਬੁੱਚੜ ਬੌਸ ਨੂੰ ਕੀ ਹੱਕ ਏ ਅਗਲੇ ਦੀ ਗ਼ਰੀਬੀ ਦਾ ਨਜੈਜ ਫ਼ਾਇਦਾ ਉਠਾ ਕੇ ਆਪਣੀਆਂ ਸ਼ਾਮਾਂ ਰੰਗੀਨ ਕਰਨ ਦਾ?

ਲੜਕੀ : ਮੈਨੂੰ ਨਹੀਂ ਪਤਾ।

(ਲੜਕੀ ਰੋਣਹਾਕੀ ਹੋ ਜਾਂਦੀ ਹੈ)

ਭਿਖਾਰੀ : ਮੈਨੂੰ ਪਤੈ ਆਪਣੀ ਲੋੜ ਦਾ, ਤੈਨੂੰ ਵੀ ਪਤੈ। ਮੈਂ ਭੀਖ ਮੰਗ ਰਿਹਾਂ, ਮੇਰਾ ਢਿੱਡ ਰੋਟੀ ਮੰਗਦਾ ਏ। ਹਾਏ ਰੋਟੀ! ਹਾਏ ਰੋਟੀ!

ਖੋਜੀ : (ਭਿਖਾਰੀ ਨੂੰ) ਤੂੰ ਤਾਂ ਸਰੀਰ ਵੱਲੋਂ ਅਪਾਹਜ ਏਂ ਪਰ (ਲੜਕੀ ਵੱਲ ਇਸ਼ਾਰਾ ਕਰਕੇ) ਆਹ ਲੋਕ ਸਰੀਰ ਵੱਲੋਂ ਤੰਦਰੁਸਤ ਹੁੰਦੇ ਹੋਏ ਵੀ ਅਪਾਹਜ ਬਣੇ ਬੈਠੇ ਨੇ।



ਲੜਕੀ : ਅਪਾਹਜ......... ਅਪਾਹਜ. ਪਲੀਜ਼ ਆਪਣੀ ਜ਼ਬਾਨ ਨੂੰ ਤਾਲਾ ਮਾਰੋ, ਮੇਰਾ ਸਿਰ ਚਕਰਾ ਰਿਹੈ। ਉਹੋ......... ਮੇਰੇ ਦਿਲ ਨੂੰ ਘਬਰਾਹਟ ਹੋ ਰਹੀ ਏ. ਮੈਂ ਖੜੀ ਖੜੀ ਡਿੱਗ ਪਵਾਂਗੀ।

(ਪਰਸ ਵਿੱਚੋਂ ਗੋਲੀ ਕੱਢ ਕੇ ਖਾਂਦੀ ਹੈ)

ਖੋਜੀ : (ਹੱਸਦਾ ਹੋਇਆ) ਵਾਹ! ਗੋਲੀਆਂ ਆਸਰੇ ਕਦ ਤੱਕ ਗੱਡੀ ਰਿੜਦੀ ਰਹੇਗੀ?

ਲੜਕੀ : ਤੁਸੀਂ ਮੇਰੇ ਜ਼ਖ਼ਮਾਂ 'ਤੇ ਲੂਣ ਛਿੜਕਦੇ ਪਏ ਹੋ, ਇੱਥੇ ਖੜੇ ਹੋ ਕੇ ਮੈਂ ਗਲਤੀ ਕੀਤੀ ਏ। ਮੈਨੂੰ ਚੱਲਣਾ ਚਾਹੀਦੈ।

ਭਿਖਾਰੀ : ਮੇਮ ਸਾਹਬ, ਜਾਂਦੇ ਜਾਂਦੇ ਮੈਨੂੰ ਦੋ ਰੁਪਏ ਜ਼ਰੂਰ ਦੇ ਜਾਉ, ਕੁੱਝ ਖਾ ਲਵਾਂ। ਭੁੱਖਾ ਢਿੱਡ ਹਾਏ.....।

ਲੜਕੀ : ਮਰ ਭੁੱਖਾ।

ਖੋਜੀ : ਸਾਰੇ ਭੁੱਖੇ ਨੇ, ਭੁੱਖ ਮਿਟਾਉਣ ਵਾਸਤੇ ਦੌੜੇ ਫਿਰਦੇ ਨੇ ਸਾਰੇ।

ਲੜਕੀ : ਤੁਸੀਂ ਫਿਰ ਅਪਣੀ ਕੈਸੇਟ ਪਲੇਅ ਕਰ ਦਿੱਤੀ ਏ, ਮੈਂ ਹੋਰ ਕੁੱਝ ਵੀ ਸੁਨਣਾ ਨਹੀਂ ਚਾਹੁੰਦੀ।

ਭਿਖਾਰੀ : ਪਰ ਮੈਂ ਸੁਨਣਾ ਚਾਹੁੰਦਾ ਵਾਂ।

ਲੜਕੀ : ਤੂੰ? ਕਾਹਦੇ ਲਈ?

ਭਿਖਾਰੀ : ਮੇਮ ਸਾਹਬ, ਐਸ ਬੰਦੇ ਦੀਆਂ ਗੱਲਾਂ ਸੁਣਿਆਂ ਮਨ ਹੋਰ ਪਾਸੇ ਲੱਗ ਜਾਂਦੈ ਤੇ ਅਪਣੀ ਭੁੱਖ ਦਾ ਖ਼ਿਆਲ ਭੁੱਲ ਜਾਂਦੈ।

ਲੜਕੀ : ਸੁਣੀ ਜਾ, ਬੇਸ਼ਰਮ ਕਿਸੇ ਥਾਂ ਦਾ।

ਭਿਖਾਰੀ : ਆਹੋ ਸਾਰੀ ਸ਼ਰਮ ਤੂੰ ਈ ਸਾਂਭ ਕੇ ਬੈਠੀ ਏਂ!

ਲੜਕੀ : ਤੂੰ ਵੀ ਚਾਲੂ ਹੋ ਗਿਐਂ? ਜੇ ਕੁੱਝ ਪੱਲੇ ਹੁੰਦਾ ਤਾਂ ਫਿਰ ਪਤਾ ਨਹੀਂ ਕੀ ਸਮਝਦਾ ਅਪਣੇ ਆਪ ਨੂੰ।

ਭਿਖਾਰੀ : (ਹੱਸ ਕੇ) ਅਪਾਹਜ!

ਲੜਕੀ : ਮੈਨੂੰ ਇਥੋਂ ਚਲਣਾ ਹੀ ਚਾਹੀਦੈ; ਸਵੇਰੇ ਸਵੇਰੇ ਮੂਡ ਅਪਸੈੱਟ ਕਰ ਦਿੱਤੈ।

(ਲੜਕੀ ਚਲੀ ਜਾਂਦੀ ਹੈ)

ਖੋਜੀ : ਵਿਚਾਰੀ ਅਪਾਹਜ!

ਭਿਖਾਰੀ : ਮੈਂ ਤਾਂ ਲੱਤ ਤੋਂ ਅਪਾਹਜ ਹਾਂ ਪਰ ਆਹ ਕੁੜੀ ਦਾ ਰੋਮ ਰੋਮ ਪੂਰੀ ਤਰ੍ਹਾਂ ਅਪਾਹਜ ਹੋ ਗਿਐ। ਰੱਬ ਭਲਾ ਕਰੇ ਇਹਦਾ!

ਖੋਜੀ : ਤੈਨੂੰ ਖੈਰ ਜੁ ਪਾ ਦਿੱਤੀ ਏ, ਭਲਾ ਤਾਂ ਮੰਗਗਾ ਹੀ।

ਭਿਖਾਰੀ : ਸਾਡੇ ਕਹਿਣ ਨਾਲ ਕਿਹੜਾ ਰੱਬ ਨੇ ਉਹਦਾ ਭਲਾ ਕਰ ਦੇਣੈਂ। ਇਹ ਤਾਂ ਜ਼ਿੰਦਗੀ ਦੇ ਰੰਗ ਨੇ, ਕਦੇ ਰੱਜ ਕੇ ਖਾਧਾ ਤੇ ਕਦੇ ਭੁੱਖਿ ਭਾਣੇ ਰਾਤ ਉਸਲਵੱਟ ਲੈਂਦਿਆਂ ਕੱਢ ਤੀ। ਭਲਿਆ ਲੋਕਾ! ਤੇਰੇ ਪਾਸ ਹੈ ਕੋਈ ਸਿੱਕਾ?

ਖੋਜੀ : ਸਾਡੇ ਪਾਸ ਮਾਇਆ ਨਹੀਂ ਆਉਂਦੀ ਤੇ ਨਾਲੇ ਮੈਨੂੰ ਮਾਇਆ ਨਾਲ ਜ਼ਿਆਦਾ ਮੋਹ ਵੀ ਨਹੀਂ।

ਭਿਖਾਰੀ : ਹੋਰ ਕਿਹਦੇ ਨਾਲ ਮੋਹ ਵੇ?

ਖੋਜੀ : ਆਪਣੀਆਂ ਖੋਜਾਂ ਨਾਲ। ਮੇਰਾ ਕੰਮ ਹੈ ਗੁੱਝੇ ਭੇਤਾਂ ਦੀ ਖੋਜ ਕਰਨਾ। ਮੈਂ ਇਹ ਲੱਭਣ ਦੀ ਕੋਸ਼ਿਸ਼ ਕਰ ਰਿਹਾਂ ਅੱਜ ਦੇ ਮਨੁੱਖ ਦੀ ਜ਼ਿੰਦਗੀ ਮਸ਼ੀਨ ਕਿਉਂ ਬਣ ਗਈ ਏ? ਉਸ ਦੀ ਜ਼ਿੰਦਗੀ ਵਿੱਚ ਪੱਤਝੜ ਕਿਉਂ ਰਹਿੰਦੀ ਏ? ਮਨੁੱਖ ਨੂੰ ਫੁੱਲਾਂ ਦੀ ਥਾਂ ਕੰਡੇ ਬੀਜਣ ਦਾ ਸ਼ੌਂਕ ਕਿਉਂ ਹੋ ਗਿਐ? ਸਭ ਤੋਂ ਵੱਡੀ ਗੱਲ ਮਨੁੱਖ ਦਾ ਵਿਅਕਤੀਤਵ ਅਪਾਹਜ ਕਿਉਂ ਹੋ ਗਿਐ?

ਭਿਖਾਰੀ : ਤੇਰੀਆਂ ਗੱਲਾਂ ਦੀ ਧੁੰਦਲੀ-ਧੁੰਦਲੀ ਸਮਝ ਆਉਣੀ ਸ਼ੁਰੂ ਹੋ ਗਈ ਏ, ਮੇਰਾ ਸੁਨਣ ਨੂੰ ਦਿਲ ਕਰਦੈ।

(ਇੱਕ ਨੌਜਵਾਨ ਆਉਂਦਾ ਹੈ)

ਖੋਜੀ ਭਰਾਵਾ, ਇੱਕ ਨੌਜਵਾਨ ਬਾਊ ਆਇਐ। ਮੈਨੂੰ ਭੁੱਖ ਨੇ ਬਹੁਤ ਸਤਾਇਐ, ਹੋ ਸਕਦੈ ਇਹ ਖੈਰ ਪਾ ਹੀ ਦੇਵੇ।

ਖੋਜੀ : ਵੇਖ ਲੈ ਹਿੰਮ੍ਤ ਕਰਕੇ, ਸ਼ੈਦ ਜਾਂਦੇ ਚੋਰ ਦੀ ਲੰਗੋਟੀ ਹੀ ਕਾਬੂ ਆ ਜਾਏ।

ਭਿਖਾਰੀ : ਇਹ ਚੋਰ ਜਾਪਦਾ ਏ?

ਖੋਜੀ : ਤੈਨੂੰ ਤਾਂ ਆਹ ਇਸ ਸਮੇਂ ਸਾਧ ਈ ਨਜ਼ਰ ਆਉਣਾ ਚਾਹੀਦੈ, ਭੁੱਖ ਜੁ ਤੈਨੂੰ ਸਤਾ ਰਹੀ ਏ।

ਭਿਖਾਰੀ : ਬਾਊ ਜੀ, ਜੀਂਦੇ ਰਹੋ, ਰੱਬ ਤਰੱਕੀਆਂ ਕਰੇ, ਖ਼ੁਸ਼ੀਆਂ ਮਾਣੋ, ਜਵਾਨੀਆਂ ਮਾਣੋ। (ਬਾਊ ਕੋਈ ਜਵਾਬ ਨਹੀਂ ਦਿੰਦਾ)

ਖੋਜੀ : ਜਵਾਨੀਆਂ ਤਾਂ ਜਵਾਨ ਮਾਣਦੇ ਨੇ, ਇਹ ਤਾਂ ਪਹਿਲਾਂ ਹੀ ਜਵਾਨੀ ਦੀ ਹੱਦ ਟੱਪ ਗਿਐ।

ਭਿਖਾਰੀ : ਮੈਨੂੰ ਤਾਂ ਨੌਜਵਾਨ ਈ ਜਾਪਦੈ, ਇਹਦੇ ਸਿਰ ਦੇ ਵਾਲ ਕਾਲੇ ਨੇ।



ਖੋਜੀ : ਕਾਲੇ ਨਹੀਂ, ਚਿੱਟਿਆਂ ਨੂੰ ਕਾਲੇ ਕੀਤਾ ਗਿਐ। ਸਿਰ ਵਿਚਕਾਰਲੀ ਗੰਜ ਕਰਕੇ ਜਵਾਨੀ ਚੜ੍ਹਿਆ ਜਾਪਦੈ।

ਭਿਖਾਰੀ : ਗੰਜੇ ਬੰਦੇ ਕੋਲ ਪੈਸੇ ਬਹੁਤ ਹੁੰਦੇ ਨੇ, ਮੈਨੂੰ ਵੀ ਦੋ ਰੁਪਏ ਦੇ ਦੇਵੇ ਤਾਂ ਕਿ ਮੈਂ ਭੁੱਖ ਮਿਟਾ ਸਕਾਂ।

ਖੋਜੀ : ਮਾਰ ਟਰਾਈ।

ਭਿਖਾਰੀ : ਬਾਊ ਜੀ, ਰੱਬ ਦੇ ਵਾਸਤੇ ਦੋ ਰੁਪਏ ਦੇ ਦਿਉ, ਭੁੱਖ ਲੱਗੀ ਏ....

ਬਾਊ : (ਖੁਸ਼ਕ ਲਹਿਜੇ ਵਿੱਚ) ਕਿਥੋਂ ਮੱਥੇ ਲੱਗ ਗਿਐ ਸਵੇਰੇ ਸਵੇਰੇ ਨਜ਼ਰ ਵੱਟੂ ਜਿਹਾ!

ਭਿਖਾਰੀ : ਜੀ ਮੈਂ ਅਪਾਹਜ ਹਾਂ।

ਬਾਊ : ਜੇ ਅਪਾਹਜ ਏਂ ਤਾਂ ਤੈਨੂੰ ਸਿਰ 'ਤੇ ਚੁੱਕ ਲਾਂ?

ਭਿਖਾਰੀ : ਨਾ ਜੀ ਮੈਨੂੰ ਥੱਲੇ ਈ ਰਹਿਣ ਦਿਓ, ਕੱਢੋ ਦੋ ਦਮੜੇ। ਤੁਹਾਡੇ ਘਰ ਰੰਗ ਲੱਗਾ ਰਹੇ ਖ਼ੁਸ਼ੀਆਂ ਦਾ, ਘਰ ਬਾਹਰ ਵਸਦਾ ਰਹੇ, ਬੱਚੇ ਅਫ਼ਸਰ ਬਨਣ, ਰੱਬ ਤੁਹਾਨੂੰ ਲੱਖਾਂ ਵਿੱਚ ਖਿਡਾਵੇ।

ਬਾਊ : ਰੋਜ਼ ਤੇਰੇ ਵਰਗੇ ਟਕਰਦੇ ਰਹਿਣ ਤਾਂ ਬਣ ਗਏ ਲੱਖਪਤੀ!

ਭਿਖਾਰੀ : ਮੇਰੀ ਅਸੀਸ ਤੁਹਾਨੂੰ ਜ਼ਰੂਰ ਲੱਗੇਗੀ। ਇੱਕ ਅਪਾਹਜ ਦੀ ਗੱਲ ਰੱਬ ਜ਼ਰੂਰ ਪੂਰੀ ਕਰਦਾ ਏ। ਬਾਊ ਜੀ, ਮੈਨੂੰ ਭੁੱਖ....

ਬਾਊ : ਭੁੱਖ ਲੱਗੀ ਏ ਤਾਂ ਮੈਂ ਲੰਗਰ ਲਾਵਾਂ ਤੇਰੇ ਲਈ? ਐਵੇਂ ਮੇਰਾ ਸਿਰ ਨਾ ਖਾ।

ਭਿਖਾਰੀ : ਨਹੀਂ ਖਾਂਦਾ ਸਿਰ, ਬਾਊ ਜੀ ਭੁੱਖੇ ਨੂੰ ਰਜਾਉਗੇ, ਸਦਾ ਸੁੱਖ ਪਾਉਗੇ।

ਬਾਊ : ਮੇਰੇ ਕੋਲ ਕੋਈ ਪੈਸਾ ਨਹੀਂ।

ਭਿਖਾਰੀ : ਨਾ ਜੀ ਇੰਜ ਨਾ ਕਹੋ, ਖਾਂਦੇ ਪੀਂਦੇ ਘਰ ਦੇ ਜਾਪਦੇ ਹੋ।

ਬਾਊ : ਆਹੋ ਖਾਂਦੇ ਪੀਂਦੇ ਘਰ ਦਾ ਹਾਂ ਤੇ ਤੈਨੂੰ ਤਕਲੀਫ਼ ਹੁੰਦੀ ਹੋਣੀ ਏ ਵੇਖ ਕੇ।

ਭਿਖਾਰੀ : ਨਾ ਬਾਊ ਜੀ, ਮੈਂ ਤਾਂ ਦੁਆ ਕਰ ਰਿਹਾਂ।

ਬਾਊ : ਸਾਰੇ ਮੰਗਤੇ ਦੁਆਵਾਂ ਈ ਦਿੰਦੇ ਨੇ।

ਭਿਖਾਰੀ : ਹੋਰ ਕੀ ਦੇਈਏ ਬਾਊ ਜੀ? ਸਾਡੇ ਕੋਲ ਹੋਰ ਹੈ ਕੀ?

ਬਾਊ : ਆਪਣੀਆਂ ਦੁਆਵਾਂ ਅਪਣੇ ਕੋਲ ਈ ਸਾਂਭ ਕੇ ਰੱਖ।

ਭਿਖਾਰੀ : ਨਾ ਜੀ ਦੁਆਵਾਂ ਲੱਗ ਜਾਣ ਤਾਂ ਬੰਦੇ ਦੀ ਕਿਸਮਤ ਬਦਲ ਜਾਂਦੀ ਏ।

ਬਾਊ : ਖੱਪ ਪਾਉਣੀ ਬੰਦ ਕਰ, ਸਵੇਰੇ-ਸਵੇਰੇ ਕਿਹੋ ਜਿਹੇ ਜਾਨਵਰਾਂ ਨਾਲ ਮੱਥਾ ਲੱਗ ਗਿਐ।

ਭਿਖਾਰੀ : ਬਾਊ ਜੀ, ਗਲਤ ਕਿਉਂ ਬੋਲਦੇ ਹੋ?

ਖੋਜੀ : (ਬਾਊ ਨੂੰ) ਹਾਂ ਬਈ, ਨਿਰਣੇ ਕਾਲਜੇ ਕਿਉਂ ਇਸ ਵਿਚਾਰੇ ਨੂੰ ਗਾਹਲਾਂ ਕੱਢਣ ਲੱਗ ਪਿਐਂ?

ਬਾਊ : ਤੂੰ ਮਾਮਾ ਲਗਣੈਂ ਇਹਦਾ? ਕੌਣ ਏਂ ਤੂੰ?

ਖੋਜੀ : ਇੱਕ ਇਨਸਾਨ, ਤੇਰੇ ਵਰਗਾ...... ਨਹੀਂ ਨਹੀਂ ਤੇਰੇ ਵਰਗਾ ਮੈਂ ਕਿਵੇਂ ਹੋ ਸਕਦਾਂ! (ਭਿਖਾਰੀ ਨੂੰ) ਨਾ ਸੰਘ ਪਾੜ ਭਰਾਵਾ! ਝੋਟੇ ਅੱਗੇ ਬੀਨ ਵਜਾਉਣ ਦਾ ਕੋਈ ਫ਼ਾਇਦਾ ਨਹੀਂ ਹੋਣਾ।

ਬਾਊ : ਮੈਨੂੰ ਝੋਟਾ ਕਿਹੈ?

ਖੋਜੀ : ਹਾਂ, ਕਿਉਂਕਿ ਸਮੇਂ ਦੇ ਉਲਟੇ ਗੇੜ ਵਿੱਚ ਪਦਾਰਥਵਾਦ ਨੇ ਤੈਨੂੰ ਨੱਥ ਪਾਈ ਹੋਈ ਏ।

ਭਿਖਾਰੀ : ਤਾਹਿਉਂ ਪਾਟੇ ਢੋਲ ਵਾਂਗੂੰ ਵੱਜਦਾ ਏ।

ਖੋਜੀ : ਹਾਂ ਹਾਂ, ਉਹ ਇਸੇ ਕਰਕੇ ਇਹਨੂੰ ਸਵੇਰੇ-ਸਵੇਰੇ ਦਫ਼ਤਰ ਜਾਣ ਤੋਂ ਪਹਿਲਾਂ ਘਰੋਂ ਰੋਟੀ ਨਹੀਂ ਮਿਲੀ। ਇਹ ਆਪੇ ਚਾਹ ਬਣਾ ਕੇ ਪੀ ਕੇ ਦੋ ਬਿਸਕੁਟ ਖਾ ਕੇ ਤੇ ਇਹ ਬੈਗ ਮੋਢੇ 'ਤੇ ਲਟਕਾ ਕੇ ਇਸ ਸੜਕ 'ਤੇ ਹਾਜ਼ਰ ਹੋ ਗਿਐ।

ਭਿਖਾਰੀ : ਤਾਹਿਉਂ ਖਾਲੀ ਭਾਂਡਾ ਕੁਛ ਜ਼ਿਆਦਾ ਈ ਖੜਕਦਾ ਏ।

ਬਾਊ : (ਗ਼ੁਸੇ ਨਾਲ) ਤੇਰਾ ਮਤਲਬ?

ਭਿਖਾਰੀ : ਜੀ ਮੇਰੇ ਕਹਿਣ ਦਾ ਮਤਲਬ ਏ ਘਰੋਂ ਰੋਟੀ ਖਾ ਕੇ ਰੱਜ ਕੇ ਆਉਂਦੇ ਤਾਂ ਮੈਨੂੰ ਵੱਢ ਖਾਣ ਨੂੰ ਨਾ ਪੈਂਦੇ।

ਬਾਊ : ਮੈਂ ਰੱਜ ਕੇ ਆਇਆਂ।

ਖੋਜੀ : ਦੋ ਬਿਸਕੁਟ ਖਾ ਕੇ ਰੱਜ ਗਿਐਂ! ਜੇ ਸਾਰੇ ਲੋਕ ਤੇਰੇ ਵਾਂਗ ਦੋ ਬਿਸਕੁਟ ਤੇ ਚਾਹ ਦਾ ਕੱਪ ਪੀ ਕੇ ਰੱਜ ਜਾਣ ਤਾਂ ਫਿਰ ਭਾਰਤ ਨੂੰ ਚਿੰਤਾ ਨਹੀਂ ਕਰਨੀ ਚਾਹੀਦੀ ਅਨਾਜ ਦੀ, ਜਿਥੇ ਜਨਸੰਖਿਆ ਦਿਨ ਦੁੱਗਣੀ ਰਾਤ ਦਸ ਗੁਣਾ ਉੱਨਤੀ ਕਰਦੇ



ਹੋਏ ਵਧਦੀ ਜਾ ਰਹੀ ਏ। ਪਰ ਇਸ ਬਊ ਨੂੰ ਘਰ ਵਾਲੀ ਨੇ ਰੋਟੀ ਪਕਾ ਕੇ ਦਿੱਤੀ ਨਹੀਂ ਤੇ ਕੱਢ ਦਿੱਤੈ ਘਰੋਂ ਬਰੰਗ ਲਿਫ਼ਾਫ਼ੇ ਵਾਂਗ। ਕਿਉਂ ਠੀਕ ਹੋਈ ਤੇਰੇ ਨਾਲ?

ਬਾਊ : (ਕੰਬਦੀ ਆਵਾਜ਼ ਵਿੱਚ) ਪਰ.......ਪਰ ਤੈਨੂੰ ਕਿਵੇਂ ਪਤਾ ਲੱਗੈ ਕਿ ਮੈਨੂੰ ਘਰੋਂ ਇਵੇਂ......

ਖੋਜੀ : ਮੈਂ ਤੇਰੀ ਰਗ ਰਗ ਪਛਾਣਦਾਂ, ਮੇਰੇ ਇਹ ਸਿਰ ਦੇ ਵਾਲ ਕਿਸੇ ਬਿਮਾਰੀ ਨਾਲ ਚਿੱਟੇ ਨਹੀਂ ਹੋਏ, ਖੋਜ ਕਰਦੇ ਕਰਦੇ ਚਿੱਟੇ ਹੋ ਗਏ ਨੇ।

ਭਿਖਾਰੀ : ਭਰਾਵਾ, ਇਸ ਬਊ ਦੀ ਵਹੁਟੀ.....

ਖੋਜੀ : ਸੋਹਣੀ, ਸੁਨੱਖੀ, ਪੰਜ ਕਲਿਆਣੀ। ਤੁਰਦੀ ਏ ਤਾਂ ਧਰਤੀ ਡੋਲਦੀ ਏ।

ਭਿਖਾਰੀ : ਮੈਂ ਵੀ ਕਹਾਂ ਇਹਦੇ ਤੇ ਭੂਚਾਲ ਕਿਉਂ ਆਇਐ? ਖਾਂਦੇ ਪੀਂਦੇ ਘਰਾਂ ਦੇ ਬੰਦੇ ਵੀ ਭੁੱਖੇ ਤੁਰੇ ਫਿਰਦੇ ਨੇ। ਪਰ ਇਸ ਬਾਊ ਦੀ ਵਹੁਟੀ ਨੇ ਰੋਟੀ ਕਿਉਂ ਨਹੀਂ ਪਕਾ ਕੇ ਦਿੱਤੀ?

ਖੋਜੀ : ਇਹ ਬਾਊ ਜਦੋਂ ਘਰੋਂ ਤੁਰਿਆ ਸੀ ਤਾਂ ਇਹਦੀ ਸ੍ਰੀਮਤੀ ਦੀ ਅੱਖ ਲੱਗੀ ਸੀ।

ਭਿਖਾਰੀ : ਇਹ ਅੱਖ ਕਦੋਂ ਖੁੱਲ੍ਹੇਗੀ?

ਖੋਜੀ : ਠੀਕ ਸਾਢੇ ਦਸ ਵਜੇ, ਅਜੇ ਤਾਂ ਉਹਨੂੰ ਨੀਂਦ ਦੀ ਘੁੱਕੀ ਚੜ੍ਹੀ ਪਈ ਏ।

ਭਿਖਾਰੀ : ਰਾਤ ਕਿਤੇ ਲੰਗਰ ਦੀ ਤਬਾਹੀ ਤਾਂ ਨਹੀਂ ਕਰ ਗਈ?

ਖੋਜੀ : ਨਹੀਂ ਰਾਤ, ਉਹ ਬਿਲਕੁਲ ਨਵੀਂ ਫ਼ਿਲਮ ਦੀ ਕੈਸੇਟ ਲਿਆ ਕੇ ਫ਼ਿਲਮ ਵੇਖਦੀ ਰਹੀ।

ਬਾਊ : ਹਾਂ ਵੇਖਦੀ ਰਹੀ ਏ ਕਮਬਖ਼ਤ.......ਪਰ ਤੈਨੂੰ ਕੀ?

ਖੋਜੀ : ਆਪਣੀ ਸ੍ਰੀਮਤੀ ਦੇ ਸਾਹਮਣੇ ਕਮਬਖ਼ਤ ਕਹੇਂ ਤਾਂ ਮਜਾ ਆ ਜਾਵੇ। ਤੇਰੀ ਤਕਦੀਰ ਬਦਲ ਜਾਵੇਗੀ।

ਬਾਊ : ਇਹ ਗੱਲ ਤੁਸੀਂ ਕਿਵੇਂ ਕਹਿ ਸਕਦੇ ਹੋ?

ਖੋਜੀ : ਮੇਰੇ ਆਹ ਚਿੱਟੇ ਵਾਲ ਦੱਸਦੇ ਪਏ ਨੇ।

ਭਿਖਾਰੀ : ਰਾਤ ਵਾਲੀ ਫ਼ਿਲਮ ਕੋਈ ਖ਼ਾਸ ਫ਼ਿਲਮ ਸੀ ਜਿਹਦੇ ਕਰਕੇ ਉਹ ਅੱਧੀ ਰਾਤ ਤੱਕ ਜਾਗਦੀ ਰਹੀ?

ਖੋਜੀ : ਹਾਂ, ਉਹ ਬੜੀ ਟਰੈਜਡੀ ਵਾਲੀ ਫ਼ਿਲਮ ਸੀ, ਕਿਆ ਸਸਪੈਂਸ

ਸੀ ਫ਼ਿਲਮ ਵਿੱਚ। ਟਰੈਜਡੀ ਵਾਲੀ ਫ਼ਿਲਮ ਇਸ ਬਾਊ ਤੇ ਟਰੈਜਡੀ ਲੈ ਆਈ।

ਭਿਖਾਰੀ : ਇਸ ਬਾਊ ਨੂੰ ਕੀ, ਇਹ ਤਾਂ ਅਰਾਮ ਨਾਲ ਸੁੱਤਾ ਹੋਵੇਗਾ?

ਖੋਜੀ : ਸਾਰੀ ਰਾਤ ਬਿਸਤਰੇ 'ਤੇ ਉਸਲਵੱਟੇ ਲੈਂਦਾ ਰਿਹੈ....

ਭਿਖਾਰੀ : ਪਰ ਉਹ ਕਿਉਂ?

ਖੋਜੀ : ਇਹ ਭਲਾਮਾਣਸ ਆਪਣੀ ਦੁਨੀਆਂ ਵਿੱਚ ਤੜਫਦਾ ਰਿਹੈ। ਕਲ੍ਹ ਇਹਦੀ ਕਿਸੇ ਡਾਹਢੇ ਨਾਲ ਤੂੰ ਤੂੰ ਮੈਂ ਮੈਂ ਹੋ ਗਈ। ਇਹ ਉਹਦੀ ਫਾਈਲ ਅਗਾਂਹ ਤੋਰਨ ਬਦਲੇ ਉਹਦੀ ਜੇਬ ਦਾ ਭਾਰ ਘੱਟ ਕਰਨਾ ਚਾਹੁੰਦਾ ਸੀ।

ਭਿਖਾਰੀ : ਤੇ ਅਪਣੀ ਜੇਬ ਭਾਰੀ ਕਰਨਾ ਚਾਹੁੰਦਾ ਸੀ ਨਾ?

ਖੋਜੀ : ਹਾਂ, ਪਰ ਉਹ ਬੰਦਾ ਕਹੇ ਪੈਸਾ ਇੱਕ ਨਹੀਂ ਦੇਣਾ ਤੇ ਕੰਮ ਵੀ ਜੁੱਤੀ ਦੇ ਜ਼ੋਰ ਨਾਲ ਕਰਵਾਉਣਾ ਏ। ਪਰ ਇਹ ਬਾਊ ਲੋਕ ਪਤਾ ਨਹੀਂ ਕਿਹੜੀ ਚੱਕੀ ਦਾ ਆਟਾ ਖਾਂਦੇ ਨੇ, ਅਗਲੇ ਨੂੰ ਕਿਸੇ ਨਾ ਕਿਸੇ ਘੁੰਡੀ ਵਿੱਚ ਫਸਾ ਹੀ ਲੈਂਦੇ ਨੇ। ਇਸ ਬਾਊ ਨੇ ਉਸ ਬੰਦੇ ਦੀ ਫਾਈਲ ਹੀ ਲੁਕੋ ਦਿੱਤੀ।

ਭਿਖਾਰੀ : ਮਤਲਬ ਸਾਰਾ ਸਿਆਪਾ ਹੀ ਖ਼ਤਮ ਕਰ ਦਿੱਤਾ। ਬਾਊ ਜੀ, ਉਸ ਵਿਚਾਰੇ ਦਾ ਕੰਮ ਕਰ ਦੇਣਾ ਸੀ।

ਖੋਜੀ : ਇਹਨਾਂ ਬਾਊਆਂ ਨੇ ਫਾਈਲ ਨਾਲ ਕੁੰਡੀ ਲਾਈ ਹੁੰਦੀ ਏ, ਮੱਛੀ ਕਿਧਰ ਜਾਵੇਗੀ? ਬਾਊ ਲੋਕ ਮੁਫ਼ਤ ਕੰਮ ਕਰਨ ਤਾਂ ਭੁੱਖੇ ਨਾ ਮਰ ਜਾਣ।

ਭਿਖਾਰੀ : ਇਸ ਬਾਊ ਨੂੰ ਤਨਖ਼ਾਹ ਨਹੀਂ ਮਿਲਦੀ?

ਖੋਜੀ : ਮਹੀਨੇ ਬਾਅਦ ਮਿਲਣ ਵਾਲੀ ਤਨਖ਼ਾਹ ਨਾਲ ਢਿੱਡ ਨਹੀਂ ਭਰਦਾ ਇਹਨਾਂ ਦਾ। ਇਹ ਸ਼ਾਮ ਨੂੰ ਹਿਸਾਬ ਕਰਦੇ ਨੇ ਦਿਹਾੜੀ ਕਿੰਨੀ ਪਈ। ਇਹੋ ਤਾਂ ਇਹਨਾਂ ਦੀ ਧਰਮ ਕਰਮ ਦੀ ਕਮਾਈ ਹੁੰਦੀ ਏ! ਕਿਉਂ ਬਾਊ ਜੀ ਠੀਕ ਏ ਨਾ?

ਬਾਊ : ਸੁਆਹ ਠੀਕ ਏ, ਮੈਂ ਕਦੇ ਗਲਤ ਕੰਮ ਨਹੀਂ ਕੀਤਾ। ਤੁਸੀਂ ਇਹ ਦੱਸੋ ਕਿਸ ਬੰਦੇ ਤੋਂ ਮੈਂ ਰਿਸ਼ਵਤ ਲਈ?

ਖੋਜੀ : ਛੱਡਿਆ ਕਿਹਨੂੰ ਵੇ? ਜਿਹਦੀ ਜੇਬ ਨੂੰ ਹੱਥ ਪੈ ਜਾਏ ਸਹੀ ਤੁਹਾਡਾ, ਅਗਲੇ ਨੂੰ ਧਰਨ ਪੈਣੀ ਹੀ ਪੈਣੀ ਏ। ਕਲ੍ਹ ਦਾ ਘਾਟਾ ਅਜੇ ਤੱਕ ਰੜਕਦਾ ਪਿਆ ਏ ਨਾ?



ਬਾਊ : ਕਿਹੜਾ ਘਾਟਾ?

ਖੋਜੀ : ਫਾਈਲ ਤਾਂ ਲੁਕੋ ਲਈ, ਪਰ ਇੱਕ ਖੋਟੀ ਕੌਡੀ ਵੀ ਹੱਥ ਨਾ ਲੱਗੀ। ਪਰ ਤੇਰੇ ਬੌਸ ਨੇ ਤਾਂ ਫਾਈਲਾਂ ਗਿਣ ਕੇ ਅਪਣਾ ਹਿੱਸਾ ਪੂਰਾ ਸੁਟਵਾ ਈ ਲੈਣੈਂ। ਇਹੋ ਸੋਚਦੇ ਸੋਚਦੇ ਇਹਨੂੰ ਨੀਂਦ ਨਹੀਂ ਆਈ। ਦਫ਼ਤਰ ਚੱਲਿਆ ਏਂ ਨਾ?

ਬਾਊ : ਆਹੋ ਚੱਲਿਆਂ।

ਖੋਜੀ : ਸਿੰਗਾਂ ਨੂੰ ਤੇਲ ਲਾ ਕੇ ਆਉਣਾ ਸੀ, ਉਸ ਡਾਹਢੇ ਆਦਮੀ ਨੇ ਤੇਰੀ ਸ਼ਕਾਇਤ ਉੱਪਰ ਕਰ ਦਿੱਤੀ ਏ।

ਬਾਊ : ਹੈਂ, ਸ਼ਕਾਇਤ ਕਰ ਦਿੱਤੀ ਉਸ ਜੂਠ ਨੇ?

ਖੋਜੀ : ਹਾਂ ਉਹ ਜੂਠ ਏ, ਤੇਰਾ ਵਰਗਾ ਸ਼ਰੀਫ ਨਹੀਂ ਨਾ!

ਭਿਖਾਰੀ : ਉਸ ਬੰਦੇ ਨੇ ਸ਼ਕਾਇਤ ਕਰਕੇ ਚੰਗਾ ਕੀਤਾ ਕਿ.....?

ਖੋਜੀ : ਸ਼ਕਾਇਤ ਨਾ ਕਰਦਾ ਤਾਂ ਹੋਰ ਇਸ ਬਾਊ ਦੀ ਇਮਾਨਦਾਰੀ ਦਾ ਹੋਕਾ ਦਿੰਦਾ ਸਾਰੇ ਨਗਰ ਵਿੱਚ।

ਬਾਊ : ਹੁਣ ਕੀ ਬਣੇਗਾ?

ਖੋਜੀ : ਤੇਰੀ ਫੋਟੋ ਅਖ਼ਬਾਰ 'ਚ ਛਪੇਗੀ, ਸਾਰੀ ਦੁਨੀਆਂ ਵੇਖੇਗੀ ਤੇ ਤੇਰੀ ਮਸ਼ਹੂਰੀ ਦੂਰ-ਦੂਰ ਤੱਕ ਹੋ ਜਾਵੇਗੀ। ਨੌਕਰੀ ਤਾਂ ਤੇਰੀ ਗਈ ਸਮਝ, ਤੂੰ ਜੇਲ ਜਾਣ ਦੀ ਤਿਆਰੀ ਕਰ।

ਬਾਊ : ਜੇਲ੍ਹ?

ਖੋਜੀ : ਬੜੀ ਮੌਜ ਹੋਵੇਗੀ ਉਥੇ, ਮੁਫ਼ਤ ਰੋਟੀ, ਮੁਫ਼ਤ ਵਰਦੀ। ਨਾ ਕੋਈ ਫ਼ਿਕਰ ਨਾਂ ਕੋਈ ਫਾਕਾ।

ਭਿਖਾਰੀ : ਬਾਊ ਜੀ ਮੈਨੂੰ ਵੀ ਨਾਲ ਈ ਲੈ ਚਲਿਓ, ਰੱਜ ਕੇ ਰੋਟੀ ਖਾਵਾਂਗਾ। ਹਥਕੜੀਆਂ, ਲਾਉਣ ਵਾਲੇ ਕਦੋਂ ਆ ਰਹੇ ਨੇ?

ਖੋਜੀ : ਬਾਊ ਜੀ, ਤੁਹਾਡੀ ਦੁਨੀਆਂ ਬਦਲਣ ਵਾਲੀ ਏ।

ਭਿਖਾਰੀ : ਹਾਂ ਬਾਊ ਜੀ, ਜੇਲ ਅੰਦਰ ਜਾਉਗੇ ਤਾਂ ਬੰਦੇ ਬਣ ਕੇ ਬਾਹਰ ਆਉਗੇ। ਦੁਬਾਰਾ ਨੌਕਰੀ ਦੀ ਆਸ ਨਾ ਕਰਿਓ, ਤੁਸੀਂ ਮੇਰੇ ਕੋਲ ਆ ਜਾਇਓ, ਆਪਾਂ ਦੋਵੇਂ ਰਲ ਕੇ ਭੀਖ ਮੰਗਾਂਗੇ।

ਖੋਜੀ : ਬਾਊ ਜੀ, ਪਸੰਦ ਆਈ ਸਲਾਹ ਇਸ ਭਿਖਾਰੀ ਦੀ?

ਬਾਊ : ਉਫ਼! ਮੇਰੇ ਬੱਚੇ ਭੁੱਖੇ ਮਰ ਜਾਣਗੇ।

ਖਜੀ : ਤਾਂ ਕੀ ਹੋਇਆ ਕੋਈ ਘਾਟਾ ਨਹੀਂ ਪੈਣ ਵਾਲਾ। ਕਿੰਨੇ ਬੱਚੇ

ਭੁੱਖਮਰੀ ਦਾ ਸ਼ਿਕਾਰ ਹੋ ਰਹੇ ਨੇ, ਤੇਰੇ ਵੀ ਦੋ ਰਲ ਜਾਣਗੇ ਤਾਂ ਕਿਹੜਾ ਅਸਮਾਨ ਡਿੱਗ ਪੈਣ ਲੱਗੈ।

ਬਾਊ : ਬੱਚਿਆਂ ਦੀ ਖ਼ਾਤਰ ਤਾਂ ਦੌੜੇ ਫਿਰਦੇ ਆਂ.......

ਖੋਜੀ : ਤੇਰੇ ਮਾਂ ਪਿਉ ਵੀ ਤੇਰੀ ਖ਼ਾਤਰ ਸਾਰੀ ਉਮਰ ਦੌੜਦੇ ਰਹੇ, ਧੱਕੇ ਖਾਂਦੇ ਰਹੇ। ਤੂੰ ਉਹਨਾਂ ਨੂੰ ਘਰੋਂ ਬਾਹਰ ਕੱਢ ਤਾ। ਤੈਨੂੰ ਜਰਾ ਵੀ ਤਰਸ ਨਾ ਆਇਆ। ਤੂੰ ਆਪਣੀ ਸ੍ਰੀਮਤੀ ਦੇ ਹੱਥਾਂ ਵਿੱਚ ਇੰਜ ਨੱਚਦਾ ਰਿਹਾ ਜਿਵੇਂ ਮਦਾਰੀ ਦੇ ਹੱਥਾਂ ਵਿੱਚ ਬਾਂਦਰ ਨੱਚਦਾ ਏ।

ਬਾਊ : (ਧੁਰ ਤੱਕ ਕੰਬਣ ਵਾਲੀ ਸਥਿਤੀ ਵਿੱਚ) ਮੇਰੇ ਮਾਂ ਪਿਉ ਬਾਰੇ ਤੁਹਾਨੂੰ ਜਾਣਕਾਰੀ ਕਿਵੇਂ ਹੋਈ? ਤੂੰ ਜ਼ਰੂਰ ਕੋਈ ਸੀ.ਆਈ.ਡੀ. ਇੰਸਪੈਕਟਰ ਵਗ਼ੈਰਾ ਹੋਵੇਂਗਾ।

ਖੋਜੀ : ਇੰਸਪੈਕਟਰ ਤਾਂ ਬਣਦੇ ਨੇ ਤੇਰੇ ਵਰਗੇ! ਜਾਣਕਾਰੀ ਮੇਰੇ ਚਿੱਟੇ ਵਾਲ ਦੱਸਦੇ ਪਏ ਨੇ। ਤੇਰੇ ਮਾਂ ਬਾਪ ਜਿਥੇ ਵੀ ਹੈਨ ਨੇ, ਤੈਨੂੰ ਅਸੀਸਾਂ ਦਿੰਦੇ ਪਏ ਨੇ! ਕਹਿੰਦੇ ਨੇ ਕਿਸੇ ਘਰ ਇਹੋ ਜਿਹਾ ਸਰਵਣ ਪੁੱਤਰ ਭੁਲੇਖੇ ਨਾਲ ਵੀ ਪੈਂਦਾ ਨਾ ਹੋਵੇ। ਵਾਹ! ਕਿਹੋ ਜਿਹਾ ਵਕਤ ਆ ਗਿਐ, ਖ਼ੂਨ ਈ ਸਫੈਦ ਹੋ ਗਿਐ।

ਬਾਊ : ਪਰ........ ਪਰ ਕਿਤੇ ਮੇਰੀ ਨੌਕਰੀ? ਮੈਨੂੰ ਜ਼ਰੂਰ ਮੌਕਾ ਸੰਭਾਲ ਲੈਣਾ ਚਾਹੀਦੈ।

ਖੋਜੀ : ਹੁਣ ਦੇਰ ਹੋ ਗਈ ਏ। ਤੇਰੀ ਸ਼ਕਾਇਤ ਉਸ ਅਫ਼ਸਰ ਕੋਲ ਪਹੁੰਚ ਗਈ ਏ, ਜਿਹਦੀ ਪਰਮੋਸ਼ਨ ਤਾਂ ਹੋਵੇਗੀ ਜੇ ਉਹ ਤੇਰੇ ਵਰਗੇ ਚਾਰ ਪੰਜ ਇਮਾਨਦਾਰ ਮੁਲਾਜ਼ਮ ਫੜ ਕੇ ਜੇਲ ਭੇਜੇਗਾ। ਪਰ ਇੱਕ ਫ਼ਾਇਦਾ ਜ਼ਰੂਰ ਹੋਵੇਗਾ.....

ਭਿਖਾਰੀ : ਫਾਇਦਾ?

ਖੋਜੀ : ਇਹ ਚਾਹ ਘੱਟ ਪੀਆ ਕਰੇਗਾ, ਇਹਦਾ ਅੰਦਰ ਸੜ ਗਿਐ ਚਾਹ ਪੀ ਪੀ ਕੇ।

ਭਿਖਾਰੀ : ਇਹਨਾਂ ਬਾਊਆਂ ਦਾ ਪੈੱਨ ਚਾਹ ਪੀਣ ਤੋਂ ਬਾਅਦ ਈ ਸਟਾਰਟ ਹੁੰਦੈ।

ਖੋਜੀ : ਪਿੱਛੇ ਜਿਹੇ ਅਖ਼ਬਾਰ ਵਿੱਚ ਕਲਰਕਾਂ ਦੀਆਂ ਅਸਾਮੀਆਂ ਲਈ ਅਰਜ਼ੀਆਂ ਮੰਗੀਆਂ ਸੀ, ਜਿਹੜੀਆਂ ਸ਼ਰਤਾਂ ਰੱਖੀਆਂ ਸਨ ਅਰਜ਼ੀ ਭੇਜਣ ਲਈ, ਇੱਕ ਸ਼ਰਤ ਹੀ ਭੁੱਲ ਗਏ ਮਹਿਕਮੇ ਵਾਲੇ....



ਭਿਖਾਰੀ : ਉਹ ਕਿਹੜੀ?

ਖੋਜੀ : ਸ਼ਰਤ ਇਹ ਲਿਖਣੀ ਚਾਹੀਦੀ ਸੀ ਅਰਜ਼ੀ ਭੇਜਣ ਵਾਲੇ ਚਾਹਵਾਨ ਦਿਨ ਵਿੱਚ ਵੀਹ ਕੱਪ ਚਾਹ ਪੀਣ ਦੀ ਸਮਰੱਥਾ ਰੱਖਦੇ ਹੋਣ।

ਭਿਖਾਰੀ : ਵੀਹ ਕੱਪ? ਮੈਨੂੰ ਤਾਂ ਇੱਕ ਨਹੀਂ ਮਿਲਦਾ ਪਿਆ।

ਖੋਜੀ : ਅਸਲ ਵਿੱਚ ਚਾਹ ਪੀਣ ਵਾਲੇ ਟੇਬਲ 'ਤੇ ਹੀ ਇਹਨਾਂ ਦੀ ਸੰਦੇਬਾਜ਼ੀ ਸਿਰੇ ਚੜ੍ਹ ਜਾਂਦੀ ਏ, ਸੌਦੇਬਾਜ਼ੀ ਕਰਦੇ-ਕਰਦੇ ਇਹ ਲੋਕ ਵੀਹ ਕੱਪ ਚਾਹ ਪੀ ਜਾਂਦੇ ਨੇ।

ਬਾਊ : ਤੇਰੇ ਨਾਲ ਇਹ ਭਿਖਾਰੀ ਨੂੰ ਵੀ ਖੰਭ ਲੱਗ ਗਏ ਨੇ।

ਭਿਖਾਰੀ : ਬਾਊ ਜੀ ਸੋਚ ਕੇ ਬੋਲਿਓ! ਤੂੰ ਵੀ ਭਿਖਾਰੀ ਏਂ, ਤੂੰ ਵੱਡਾ ਭਿਖਾਰੀ ਏਂ ਤੇ ਮੈਂ ਬਿਲਕੁਲ ਛੋਟਾ ਭਿਖਾਰੀ।

ਬਾਊ : ਮੈਨੂੰ ਭਿਖਾਰੀ ਕਹਿਣੈਂ? ਬੰਦਿਆਂ ਵਾਂਗ ਗੱਲ ਕਰ, ਨਹੀਂ ਤਾਂ ਬੱਤੀ ਦੇ ਬੱਤੀ ਦੰਦ ਬਾਹਰ ਕੱਢ ਦਿਆਂਗਾ।

ਖੋਜੀ : ਬਾਊ ਜੀ, ਕਿਉਂ ਤੱਤੇ ਹੁੰਦੇ ਹੋ? ਇਹ ਵਿਚਾਰਾ ਠੀਕ ਈ ਕਹਿ ਰਿਹੈ। ਜਦ ਤਾਈਂ ਤੁਹਾਡੀ ਮੁੱਠੀ ਗਰਮ ਨਹੀਂ ਹੁੰਦੀ, ਉਦੋਂ ਤੱਕ ਤੁਹਾਡਾ ਪੈੱਨ ਅਪਾਹਜ ਹੀ ਰਹਿੰਦਾ ਏ।

ਭਿਖਾਰੀ : (ਹੱਸਦਾ ਹੋਇਆ) ਵਿਚਾਰਾ ਅਪਾਹਜ!

ਬਾਊ : ਅੱਜ ਤੱਕ ਮੇਰੀ ਇੰਨੀ ਨਹੀਂ ਲੱਥੀ, ਅੱਜ ਦਾ ਦਿਨ ਮਾੜਾ ਈ ਰਹੇਗਾ। ਮੈਨੂੰ ਹੀਲਾ ਵਸੀਲਾ ਕਰਨਾ ਹੀ ਪਵੇਗਾ, ਕਿਤੇ ਉਹ ਪਤੰਦਰ ਮੇਰੀਆਂ ਜੜ੍ਹਾਂ ਵਿੱਚ ਈ ਨਾ ਬਹਿ ਜਾਣ।

ਭਿਖਾਰੀ : ਜਾਣ ਤੋਂ ਪਹਿਲਾਂ ਦੋ ਰੁਪਏ ਦੇ ਦਿਓ ਬਾਊ ਜੀ, ਹੋ ਸਕਦੈ ਸ਼ਨੀ ਦਾ ਗ੍ਰਹਿ ਟਲ ਜਾਵੇ।

ਬਾਊ : ਸ਼ਨੀ ਦਾ ਗ੍ਰਹਿ ਤਾਂ ਤੂੰ ਏਂ ਜਿਹੜਾ ਸਵੇਰੇ ਸਵੇਰੇ....... ਬੁੱਚੜ ਜਿਹਾ।

(ਬਾਊ ਜਾਂਦਾ ਹੈ)

ਭਿਖਾਰੀ : (ਜਾ ਰਹੇ ਬਾਊ ਨੂੰ ਗੁੱਸੇ ਵਿੱਚ) ਬੁੱਚੜ ਤੂੰ, ਅਪਾਹਜ ਤੂੰ, ਕੰਜਰ ਕਿਸੇ ਥਾਂ ਦਾ।

ਖੋਜੀ : ਛੱਡ ਭਲਿਆ ਲੋਕਾ! ਉਹ ਵੇਖ ਸੱਠ ਕੁ ਸਾਲ ਦਾ ਸਿਆਣਾ ਬਿਆਣਾ ਆਦਮੀ ਆ ਰਿਹੈ। ਸੂਟ ਵੇਖ, ਤੇ ਮੁੱਛ ਵੇਖ। ਲਗਦੈ ਕਿ ਨਹੀਂ ਰਾਜਾ?

(ਨਗਰ ਪੰਚਾਇਤ ਦਾ ਪ੍ਰਧਾਨ ਬੜੇ ਟੌਹਰ ਨਾਲ ਆਉਂਦਾ ਹੈ ਅਤੇ ਨਾਲ ਇੱਕ ਸੇਵਾਦਾਰ ਹੈ)

ਭਿਖਾਰੀ : ਇਹ ਤਾਂ ਸੱਚੀਂ ਕਿਸੇ ਰਿਆਸਤ ਦਾ ਮਹਾਰਾਜਾ ਜਾਪਦੈ। ਸ਼ੈਦ ਮੈਨੂੰ ਖੈਰ ਪਾ ਹੀ ਦੇਵੇ......

ਖੋਜੀ : ਜਰਾ ਰੁੱਕ ਜਾ, ਢੋਲ ਦਾ ਪੋਲ ਖੁੱਲ੍ਹ ਲੈਣ ਦੇ। ਜਰਾ ਇਹਨਾਂ ਨੂੰ ਸੁਣ ਲੈ।

ਭਿਖਾਰੀ : ਸਵੇਰ ਦਾ ਬੋਲਦਾ ਪਿਆਂ, ਹੋਰ ਕਿੰਨਾ ਕੁ ਬੋਲ ਸਕਦਾਂ।

ਪ੍ਰਧਾਨ : ਨਗਰ ਦੀ ਰਿਪੋਰਟ ਮੈਨੂੰ ਨਾਲੋ-ਨਾਲ ਈ ਦੱਸੀ ਜਾਇਆ ਕਰ। ਤੈਨੂੰ ਕਿਤੇ ਕਸਰ ਨਹੀਂ ਲੱਗਣ ਦਿੰਦਾ।

ਸੇਵਾਦਾਰ : (ਹੱਥ ਜੋੜਦਾ ਹੋਇਆ) ਤੁਹਾਡੀਆਂ ਮੇਹਰਾਂ ਨੇ। ਬਾਕੀ ਨਗਰ ਦਾ ਬੱਚਾ ਬੱਚਾ ਤੁਹਾਡੀ ਮਹਿਮਾ ਗਾਉਂਦਾ ਫਿਰਦੈ। ਪਿਛਲੇ ਚਾਰਾਂ ਸਾਲਾਂ ਵਿੱਚ ਐਨਾ ਕੰਮ ਹੋ ਗਿਐ ਨਗਰ ਦਾ, ਪਿਛਲੇ ਪੰਜਾਹ ਸਾਲਾਂ 'ਚ ਨਹੀਂ ਕੋਈ ਕਰਵਾ ਸਕਿਆ। ਨਗਰ ਦੇ ਤਾਂ ਭਾਗ ਖੁੱਲ੍ਹ ਗਏ।

ਪ੍ਰਧਾਨ : ਅਸੀਂ ਰਹਿੰਦੇ ਪੰਜਵੇਂ ਸਾਲ਼ ਵਿੱਚ ਨਗਰ ਦੀ ਨੁਹਾਰ ਬਦਲ ਕੇ ਰੱਖ ਦਿਆਂਗੇ। ਪਰ ਕਈ ਲੋਕ ਅਜੇ ਵੀ ਵੱਖੀ 'ਚੋਂ ਬੋਲਦੇ ਪਏ ਨੇ।

ਸੇਵਾਦਾਰ : ਸਾਹਬ, ਦਾਲ ਵਿੱਚ ਕੋੜਕੂ ਤਾਂ ਹੁੰਦਾ ਈ ਆ ਕੋਈ ਨਾ ਕੋਈ। ਉਹ ਕੀ ਵਿਗਾੜ ਸਕਦੈ? ਰਹੀ ਗੱਲ ਲੋਕਾਂ ਦੀ, ਰੱਬ ਵੀ ਉਹਨਾਂ ਨੂੰ ਖ਼ੁਸ਼ ਨਹੀਂ ਕਰ ਸਕਦਾ।

ਪ੍ਰਧਾਨ : ਪਰ ਮੈਂ ਕੋੜਕੂ ਰਹਿਣ ਨਹੀਂ ਦੇਣਾ ਕੋਈ, ਭਾਵੇਂ ਉਹਨਾਂ ਦਾ ਮੂੰਹ ਬੰਦ ਕਰਨ ਵਾਸਤੇ ਨੋਟਾਂ ਦੀਆਂ ਦੱਥੀਆਂ ਨਾ ਸੁੱਟਣੀਆਂ ਪੈਣ। ਮੈਂ ਟੋਏ ਟਿੱਬੇ ਪਸੰਦ ਨਹੀਂ ਕਰਦਾ।

ਸੇਵਾਦਾਰ : ਪ੍ਰਧਾਨ ਜੀ, ਪਿੰਡ ਵਿੱਚ ਟੋਇਆ ਟਿੱਬਾ ਤਾਂ ਤੁਸੀਂ ਰਹਿਣ ਈ ਨਹੀਂ ਦਿੱਤਾ, ਹਰ ਗਲੀ ਹਰ ਥਾਂ ਪੱਧਰਾ ਕਰ ਦਿੱਤੈ।

ਪ੍ਰਧਾਨ : ਤੂੰ ਮੇਰੀ ਗੱਲ ਸਮਝਿਆ ਨਹੀਂ। (ਸੋਚਦਾ ਹੋਇਆ) ਤੂੰ ਜੋ ਸਮਝਿਐ, ਦਰੁੱਸਤ ਸਮਝਿਐ, ਜੋ ਮੈਂ ਕਿਹਾ ਏ, ਉਹ ਆਪਣੇ ਹਿਸਾਬ ਨਾਲ ਠੀਕ ਕਿਹਾ ਏ।

ਸੇਵਾਦਾਰ : ਪਰਵਾਹ ਨਾ ਕਰੋ ਪ੍ਰਧਾਨ ਜੀ, ਤੁਸੀਂ ਆਟੇ ਵਿਚਲੇ ਲੂਣ ਦੀ ਬਾਹਲੀ ਪਰਵਾਹ ਨਾ ਕਰਿਓ, ਹਾਅ ਕੀ ਕਰ ਲੈਣਗੇ?



ਪ੍ਰਧਾਨ : ਅਪਣੇ ਵਾਰਡ ਵਿੱਚ ਕੰਮ ਤੇ ਕੰਮ ਇਸੇ ਕਰਕੇ ਚੱਕੀ ਜਾ ਰਿਹਾਂ ਕਿ ਅਗਲੀ ਇਲੈਕਸ਼ਨ ਵੀ ਇੱਥੋਂ ਹੀ ਲੜਣੀ ਏ ਤੇ ਇਲੈਕਸ਼ਨ ਜਿੱਤਣੀ ਵੀ ਹਰ ਹਾਲਤ ਵਿੱਚ, ਨਾਲ ਜਿੱਤਣੀ ਵੀ ਘੱਟੋ ਘੱਟ ਦੋ ਸੌ ਵੋਟਾਂ ਦੇ ਫ਼ਰਕ ਨਾਲ।

ਸੇਵਾਦਾਰ : ਤੁਹਾਡੇ ਮੁਕਾਬਲੇ ਕਿਹੜਾ ਖੜ੍ਹਾ ਹੋਊ ਮਾਂ ਦਾ ਲਾਲ? ਪ੍ਰਧਾਨ ਜੀ, ਲੈਕਸ਼ਨ ਲੜੋ ਖ਼ੁਸ਼ੀ ਨਾਲ, ਨੋਟਾਂ ਦੇ ਹਾਰ ਤੁਹਾਡੇ ਗਲ ਵਿੱਚ ਪੈਣੇ ਈ ਪੈਣੇ ਨੇ। ਢੋਲ ਵੱਜਣਗੇ, ਭੰਗੜੇ ਪੈਣਗੇ ਤੇ ਤੁਹਾਡੀ ਜੈ ਜੈ ਕਾਰ ਹੋਵੇਗੀ। ਲੋਕ ਨੱਚ ਨੱਚ ਪਾਗ਼ਲ......

(ਪ੍ਰਧਾਨ ਦੇ ਮੋਬਾਇਲ ਫ਼ੂਨ ਦੀ ਘੰਟੀ ਖੜਕਦੀ ਹੈ, ਜਿਸ ਨੂੰ ਸੁਣ ਕੇ ਸੇਵਾਦਾਰ ਚੁੱਪ ਹੋ ਜਾਂਦਾ ਹੈ।)

ਪ੍ਰਧਾਨ : ਹਾਂ ਜੀ, ਨੇਤਾ ਜੀ ਨਮਸਕਾਰ। ਨਗਰ ਠੀਕ ਏ....... ਕੰਮ ਵਧੀਆ ਚੱਲ ਰਹੇ ਨੇ ਟੋਪੋ ਟੋਪ....... ਗਰਾਂਟ ਦੀ ਥੁੜ ਤੁਹਾਡੇ ਹੁੰਦਿਆਂ ਕਿਵੇਂ ਆਊ..........ਮੈਨੂੰ ਯਾਦ ਏ ਸਭ.........ਜਿੰਨਾ ਹੁਕਮ ਕਰੋਗੇ ਪਹੁੰਚ ਜਾਏਗਾ ਤੁਹਾਡੇ ਪੱਪੂ ਕੋਲ.......... ਪੱਪੂ ਹੀ ਕਹਿਣਾ ਠੀਕ ਏ..........ਹਾ... ਹਾ...ਹਾ ਤੁਹਾਡੀ ਕਿਰਪਾ ਹੋਈ ਤਾਂ ਅਗਲੇ ਪੰਜ ਸਾਲ ਬਹਿਜਾ ਬਹਿਜਾ ਕਰਵਾ ਦਿਆਂਗੇ .......... ਚਿੰਤਾ ਨਾ ਕਰਿਓ ਨੇਤਾ ਜੀ।

ਸੇਵਾਦਾਰ : ਤੁਹਾਨੂੰ ਟੈਲੀਫ਼ੋਨ ਕਰਨ ਬਿਨਾਂ ਨੇਤਾ ਜੀ ਸੌਂ ਸਕਦੇ ਭਲਾ? ਨਾ ਬਈ ਨਾ, ਨੇਤਾ ਮਾਰਦੇ ਹੋਣੈਂ ਹੁਣ ਘੁਰਾੜੇ ਤੇ ਘੁਰਾੜਾ।

ਪ੍ਰਧਾਨ : ਤੂੰ ਥੋੜ੍ਹੀ ਬਿੜਕ ਰੱਖਿਆ ਕਰ, ਕੋਈ ਬੰਦਾ ਸਾਡੇ ਉਲਟ ਚਲਦਾ ਹੋਵੇ ਤਾਂ ਉਸੇ ਟਾਈਮ ਖ਼ਬਰ ਕਰੀਂ। ਮਿੰਟੋ ਮਿੰਟੀ ਸਿੱਧਾ ਕਰ ਦਿਆਂਗਾ। ਵੋਟਾਂ ਦੀ ਸਾਰੀ ਗੱਲ ਏ ਅਗਲੀ ਇਲੈਕਸ਼ਨ 'ਚ।

ਭਿਖਾਰੀ : ਸਰਦਾਰ ਜੀ, ਮੇਰੀ ਵੋਟ ਪੱਕੀ ਸਮਝੋ। ਭਾਵੇਂ ਕੋਰੇ ਕਾਗਜ਼ 'ਤੇ ਹੁਣੇ ਅੰਗੂਠਾ ਲਵਾ ਲਉ।

ਸੇਵਾਦਾਰ : ਲਉ ਪ੍ਰਧਾਨ ਜੀ, ਹਾਅ ਇੱਕ ਵੋਟ ਹੁਣੇ ਬਣ ਗਈ।

ਪ੍ਰਧਾਨ : (ਭਿਖਾਰੀ ਵੱਲ ਵੇਖ ਕੇ) ਆਹ ਕੁੱਝ ਚਾਹੁੰਦਾ ਜਾਪਦੈ।

ਸੇਵਾਦਾਰ : ਦੱਸ ਗੱਲ ਕੀ ਆ? ਦਾਰੂ ਪੀਣੀ ਆ?

ਭਿਖਾਰੀ : ਨਾ ਜੀ ਰੋਟੀ ਖਾਣੀ ਏ।

ਸੇਵਾਦਾਰ : ਹਾਅ ਕਿਹੜੀ ਗੱਲ ਆ। (ਪ੍ਰਧਾਨ ਨੂੰ) ਹਾਅ ਤਾਂ ਥੋੜੇ ਪਾਣੀ

ਦੀ ਮੱਛੀ ਨਿਕਲੀ ਆ। ਢਿੱਡ ਵਿੱਚ ਚੂਹੇ ਪਏ ਨੱਚਦੇ ਹੋਣੇ ਆ। ਕਿਉਂ ਬਈ ਹਾਅ ਗੱਲ ਆ ਨਾ?

ਭਿਖਾਰੀ : ਹਾਂ ਜੀ, ਬੱਸ ਰੋਟੀ ਖਵਾਂ ਦਿਉ।

ਸੇਵਾਦਾਰ : ਅਸਾਂ ਤੇਰੇ ਮੂੰਹ 'ਚ ਤਾਂ ਨਹੀਂ ਪਾਉਣੀ ਚੂਰੀ ਕਰਕੇ। ਦਸ ਰੁਪਏ ਦਵਾ ਦਿਆਂ ਜਵਾਨ?

ਭਿਖਾਰੀ : ਜੀ ਬੜ੍ਹੇ ਨੇ। (ਭਿਖਾਰੀ ਖ਼ੁਸ਼ ਹੋ ਜਾਂਦਾ ਹੈ)

ਪ੍ਰਧਾਨ : (ਭਿਖਾਰੀ ਨੂੰ ਸੁਣਨ ਬਾਅਦ) ਹੁਣੇ ਲੈ ਵੀਹ, ਦਸ ਕੀ ਹੋਏ? ਅਸਾਂ ਕਦੇ ਵੀਹ ਤੋਂ ਘੱਟ ਕਿਸੇ ਨੂੰ ਦਿੱਤੇ ਈ ਨਹੀਂ।

ਭਿਖਾਰੀ : ਬਾਦਸ਼ਾਹ ਲੋਕ ਹੋ।

(ਪ੍ਰਧਾਨ ਬਟੂਆ ਬਾਹਰ ਕੱਢਦਾ ਹੈ, ਪੰਜ-ਪੰਜ ਸੌ ਦੇ ਨੋਟਾਂ ਨੂੰ ਬਾਹਰ ਕੱਢਦਾ ਹੈ, ਇੱਕ ਪਾਸਿਉਂ ਵੀਹ ਦਾ ਨੋਟ ਕੱਢਦਾ ਹੈ)

ਪ੍ਰਧਾਨ : ਬੜੀ ਮੁਸ਼ਕਲ ਲੱਭਿਐ ਵੀਹ ਦਾ ਨੋਟ। (ਭਿਖਾਰੀ ਵੱਲ ਕਰਨ ਲੱਗਦਾ ਹੈ ਫਿਰ ਕੁੱਝ ਸੋਚ ਕੇ ਰੁੱਕ ਜਾਂਦਾ ਹੈ)
ਤੇਰੀ ਵੋਟ ਕਿਹੜੇ ਵਾਰਡ ਵਿੱਚ ਏ?

ਭਿਖਾਰੀ : ਤੁਹਾਡੇ ਵਾਰਡ ਵਿੱਚ......

ਪ੍ਰਧਾਨ : ਮੈਂ ਵਾਰਡ ਦਾ ਨੰਬਰ ਪੁੱਛ ਰਿਹਾਂ?

ਭਿਖਾਰੀ : ਵਾਰਡ ਦਾ ਨੰਬਰ ਨਹੀਂ ਪਤਾ...... ਪਰ ਹੈ ਤੁਹਾਡੇ ਵਾਲਾ ਵਾਰਡ।

(ਭਿਖਾਰੀ ਦੀ ਜ਼ਬਾਨ ਥਰਥਰਾਂਦੀ ਹੈ, ਜਿਸ ਕਰਕੇ ਪ੍ਰਧਾਨ ਨੂੰ ਉਸ ਦੇ ਕਹੇ 'ਤੇ ਸ਼ੱਕ ਹੋ ਜਾਂਦਾ ਹੈ)

ਪ੍ਰਧਾਨ : ਸੱਚ ਬੋਲ ਦੇ ਜੇ ਵੀਹ ਰੁਪਏ ਚਾਹੀਦੇ ਨੇ.....

ਭਿਖਾਰੀ : ਸੱਚੀ ਗੱਲ ਇਹੋ ਵੇ ਹਰ ਵਾਰ ਮੇਰੀ ਵੋਟ ਬਣਾਉਣ ਆਉਂਦੇ ਨੇ, ਬਾਅਦ ਵਿੱਚ ਵੋਟ ਕੱਟੀ ਜਾਂਦੀ ਏ।

ਪ੍ਰਧਾਨ : (ਸੇਵਾਦਾਰ ਨੂੰ) ਵੇਖ, ਆਹ ਬੰਦਾ ਸਾਨੂੰ ਬੁੱਧੂ ਬਣਾ ਰਿਹਾ ਸੀ, ਤੂੰ ਵੀ ਇਹਨੂੰ ਪਛਾਣ ਨਾ ਸਕਿਆ?

ਸੇਵਾਦਾਰ : ਮੈਂ ਤਾਂ ਇਹਦੀ ਭੈੜੀ ਜਿਹੀ ਥੂਥੀ 'ਤੇ ਤਰਸ ਖਾ ਬੈਠਾ ਪ੍ਰਧਾਨ ਜੀ, ਨਹੀਂ ਤਾਂ ਮੈਂ ਤਾਂ ਇੱਕੋ ਨਜ਼ਰੇ ਬੰਦੇ ਦੀ ਪੂਰੀ ਪੱਤਰੀ ਕੱਢ ਲਿਆਵਾਂ।



ਭਿਖਾਰੀ ਨੂੰ) ਓ ਸਾਲਿਆ, ਤੂੰ ਸਾਡੀਆਂ ਅੱਖਾਂ 'ਚ ਘੱਟਾ ਲੱਗਾ ਸੀ ਪੌਣ।

ਪ੍ਰਧਾਨ : ਕਰ ਦੇ ਫਾਂਡਾ ਥੋੜ੍ਹਾ ਜਿਹਾ।

ਸੇਵਾਦਾਰ : (ਭਿਖਾਰੀ ਦੇ ਮੂੰਹ ਤੇ ਥੱਪੜ ਮਾਰਦਾ ਹੈ) ਕਿਉਂ ਆਇਐ ਸਵਾਦ?

ਭਿਖਾਰੀ : (ਰੋਂਦਾ ਹੋਇਆ) ਕਿਸੇ ਦਿਨ ਤੈਨੂੰ ਵੀ ਇਵੇਂ ਦਾ ਸਵਾਦ ਆਏਗਾ ਤੇ ਫਿਰ ਮੇਰਾ ਚਿਹਰਾ ਤੈਨੂੰ ਯਾਦ ਆਏਗਾ।

ਸੇਵਾਦਾਰ : ਚੁੱਪ ਕਰ ਜਾ ਨਹੀਂ ਤਾਂ..... (ਧੱਕਾ ਮਾਰ ਕੇ ਜ਼ਮੀਨ 'ਤੇ ਸੁੱਟ ਦਿੰਦਾ ਹੈ)

ਖੋਜੀ : ਨਹੀਂ ਤਾਂ ਕੁੱਤਾ ਆਪਣੇ ਮਾਲਕ ਦੇ ਹੁਕਮ ਨੂੰ ਖਿੜੇ ਮੱਥੇ ਮੰਨੇਗਾ ਤੇ ਲੋਕਾਂ ਨੂੰ ਵੱਢਣ ਵਾਸਤੇ ਦੌੜੇਗਾ, ਮਗਰੋਂ ਭਾਵੇਂ ਆਪ ਈ ਕਿਸੇ ਦਾ ਪੱਥਰ ਵੱਜਣ ਨਾਲ ਅਗਲੀ ਦੁਨੀਆਂ ਵਿੱਚ ਕੂਚ ਕਰ ਜਾਵੇ।

ਪ੍ਰਧਾਨ : ਤੂੰ ਕੌਣ ਏਂ?

ਖੋਜੀ : ਇੱਕ ਇਨਸਾਨ।

ਪ੍ਰਧਾਨ : ਸਾਡੀ ਗੱਲ ਵਿੱਚ ਤੇਰਾ ਕੀ ਕੰਮ?

ਖੋਜੀ : ਇਨਸਾਨੀਅਤ ਦੇ ਨਾਤੇ ਬੋਲ ਰਿਹਾਂ ਇਸ ਭਲੇ ਲੋਕ ਨੇ ਤੇਰਾ ਕੀ ਵਿਗਾੜਿਐ ਜੋ ਤੂੰ ਇਹਦੇ ਮੂੰਹ 'ਤੇ ਚਪੇੜਾਂ ਲਵਾ ਦਿੱਤੀਆਂ ਨੇ?

ਪ੍ਰਧਾਨ : ਇਹ ਧੋਖੇ ਨਾਲ ਸਾਨੂੰ ਲੁੱਟਣਾ ਚਾਹੁੰਦਾ ਸੀ।

ਖੋਜੀ : ਇਹ ਲੁੱਟਣਾ ਚਾਹੁੰਦਾ ਸੀ ਇੱਕ ਟਾਈਮ ਦੀ ਰੋਟੀ। ਭੁੱਖ ਨਾਲ ਮਰਦਾ ਨਾ ਹੁੰਦਾ ਤਾਂ ਇਹ ਵੀ ਨਾ ਹੱਥ ਅੱਡਦਾ ਰੋਟੀ ਲਈ।

ਪ੍ਰਧਾਨ : ਪਰ ਝੂਠ ਕਿਉਂ ਬੋਲਿਆ ਇਸ?

ਖੋਜੀ : ਤੂੰ ਤਾਂ ਸੱਚ ਦਾ ਪੁਜਾਰੀ ਏਂ? ਨਗਰ ਦਾ ਪ੍ਰਧਾਨ ਏਂ, ਨਗਰ ਦੀਆਂ ਗਰਾਂਟਾਂ ਵਿੱਚੋਂ ਸਮਾਨ ਖ਼ਰੀਦਦੇ ਸਮੇਂ ਕਿੰਨੇ ਪਰਸੈਂਟ ਤੇਰਾ ਹੁੰਦਾ ਏ? ਮੈਨੂੰ ਸਭ ਪਤੈ। ਜੇ ਅੱਜ ਮੈਂ ਤੇਰੇ ਪੋਤੜੇ ਫਰੋਲ ਦਿਆਂ ਤਾਂ ਤੂੰ ਅਰਸ਼ ਤੋਂ ਫਰਸ਼ 'ਤੇ ਆ ਪਵੇਂਗਾ। ਨੇਤਾ ਜ਼ੀ ਨੂੰ ਕਿੰਨੇ ਪਰਸੈਂਟ ਪਹੁੰਚਾਉਂਦਾ ਏਂ ਪੱਪੂ ਰਾਹੀਂ?

ਪ੍ਰਧਾਨ : (ਪੀਲੇ ਪਏ ਚਿਹਰੇ ਅਤੇ ਥਿੜਕਦੀ ਆਵਾਜ਼ ਨਾਲ) ਪੱਪੂ?

ਖੋਜੀ : ਤੇਰੀ ਪਿਛਲੇ ਚਾਰ ਸਾਲ ਦੀ ਡਾਇਰੀ ਮੇਰੇ ਕੋਲ ਏ। ਤੂੰ ਨਗਰ ਦੀਆਂ ਜਿਹੜੀਆਂ ਗਲੀਆਂ ਬਣਵਾਈਆਂ, ਅੱਧੀਆਂ ਕਿਉਂ ਮਿੱਟੀ ਹੋ ਗਈਆਂ? ਪੰਜ ਪੁਲੀਆਂ ਬਣਵਾਈਆਂ, ਚਾਰ ਕਿਉਂ ਬਹਿ ਗਈਆਂ? ਨਗਰ ਦਾ ਨਾਲਾ ਜਿੰਨਾ ਕੁ ਪੱਕਾ ਕਰਵਾਇਐ, ਉਹ ਕਿਉਂ ਟੁੱਟਣਾ ਸ਼ੁਰੂ ਹੋ ਗਿਐ? ਬਜ਼ਾਰ ਵਾਲੀ ਸੜਕ 'ਤੇ ਲੁੱਕ ਤੇ ਬਜਰੀ ਪਵਾਈ, ਉਸ ਸੜਕ ਨੂੰ ਕਿਉਂ ਖੁਰਕ ਪੈ ਗਈ ਏ?

ਪ੍ਰਧਾਨ : ਤੁਸੀਂ ਤਾਂ ਅਪਣੇ ਬੰਦੇ ਹੋ।

ਖੋਜੀ : ਚਾਰ ਖਰੀਆਂ ਸੁਣਾਈਆਂ ਤਾਂ ਅਸੀਂ ਤੁਹਾਡੇ ਆਪਣੇ ਹੋ ਗਏ ਆਂ! ਮੈਂ ਤਾਂ ਇਸ ਵਿਚਾਰੇ ਦਾ ਅਪਣਾ ਵਾਂ। ਚੱਲ ਤੇਰੇ ਮੱਥੇ 'ਤੇ ਪੱਟੀ ਕਰਵਾ ਦੇਵਾਂ।

ਭਿਖਾਰੀ : ਖ਼ੂਨ ਤਾਂ ਨਿਕਲਿਆ ਨਹੀਂ।

ਖੋਜੀ : ਖ਼ੂਨ ਰਿਹੈ ਕਿਥੇ? ਪੀ ਲਿਆ ਇਹਨਾਂ ਜੋਕਾਂ ਨੇ। ਮੇਰੇ ਨਾਲ ਚੱਲ, ਥੋੜ੍ਹਾ ਜਿਹਾ ਉਹਲੇ ਹੋ ਜਾਈਏ।

(ਭਿਖਾਰੀ ਅਤੇ ਖੋਜੀ ਚਲੇ ਜਾਂਦੇ ਹਨ)

ਪ੍ਰਧਾਨ : ਸ਼ੁਕਰ ਏ ਮਰਿਆ ਸੱਪ ਲੱਗਾ ਸੀ ਗਲ ਪੈਣ। ਉਹ ਬੰਦਾ ਕੋਈ ਸੀ. ਆਈ. ਡੀ. ਦਾ ਲੱਗਦਾ ਏ, ਤਾਂ ਹੀ ਨਹੀਂ ਮੈਂ ਆਕੜਿਆ। ਨਹੀਂ ਤਾਂ ਦਸ ਟੋਟੇ ਕਰ ਦਿੰਦਾ ਉਹਦੇ। ਗੱਲ ਸੁਣ, ਕੂੜੇ ਦੀ ਠੇਕੇਦਾਰ ਆਈ ਨਹੀਂ?

ਸੇਵਾਦਾਰ : ਆਉਣ ਈ ਵਾਲੀ ਏ, ਟਾਈਮ ਦੀ ਬੜੀ ਪੱਕੀ ਏ। ਮੈਂ ਉਹਨੂੰ ਸ਼ਹਿਰ ਮਿਲ ਕੇ ਟਾਈਮ ਪੱਕਾ ਕਰ ਕੇ ਆਇਆ ਸੀ।

(ਫੈਸ਼ਨ ਨਾਲ ਸ਼ਿੰਗਾਰੀ ਹੋਈ ਇੱਕ ਅਧਖੜ ਜਿਹੀ ਉਮਰ ਦੀ ਔਰਤ ਆਉਂਦੀ ਹੈ)

(ਔਰਤ ਨੂੰ) ਮੇਮ ਸਾਹਬ, ਆਹ ਮਿਲਿਓ ਪ੍ਰਧਾਨ ਜੀ ਨੂੰ।

ਔਰਤ : (ਚੁਸਤੀ ਨਾਲ) ਪ੍ਰਧਾਨ ਜੀ, ਸਤਿ ਸ੍ਰੀ ਅਕਾਲ।

ਪ੍ਰਧਾਨ : ਸਾਸਰੀ ਕਾਲ ਮੈਡਮ ਜੀ, ਮਿਲ ਤਾਂ ਆਪਾਂ ਨਗਰ ਪੰਚੈਤ ਦੇ ਦਫ਼ਤਰ ਵੀ ਸਕਦੇ ਸਾਂ ਪਰ ਮੈਂ ਸੋਚਿਆ ਉਥੇ........

ਅਰਤ : ਉਥੇ ਬਾਕੀ ਮੈਂਬਰ ਪੰਚਾਇਤ ਵੀ ਹੋਣਗੇ, ਸਾਰੇ ਈ ਕੁਛ ਨਾ ਕੁਛ ਭਾਲਣਗੇ ਤੇ ਸੌਦੇ ਦਾ ਮਜ਼ਾ ਕਿਰਕਿਰਾ ਹੋ ਜਾਵੇਗਾ।



ਪ੍ਰਧਾਨ : ਤੁਹਾਡੇ ਨਾਲ ਗੱਲ ਈ ਘਰ ਵਾਲੀ ਏ, ਸਾਡਾ ਜਰਾ ਕੁ......

ਔਰਤ : ਖ਼ਿਆਲ ਰੱਖਾਂਗੇ। ਹਿਸਾਬ ਕਿਤਾਬ ਵੀ ਪੂਰਾ ਟਿੱਚ ਰੱਖਾਂਗੇ ਤੇ ਦੋਸਤੀ ਵੀ ਰੱਖਾਂਗੇ। ਠੀਕ ਏ ਨਾ?

ਪ੍ਰਧਾਨ : ਬਿਲਕੁਲ ਠੀਕ ਏ। ਤੁਹਾਨੂੰ ਇਸ ਨਗਰ ਵਿੱਚ ਕਿਸੇ ਕਿਸਮ ਦੀ ਸ਼ਕਾਇਤ ਨਹੀਂ ਆਉਣ ਦੇਵਾਂਗੇ। ਮੈਡਮ, ਬਰੇਕਫਾਸਟ ਯਾਨੀ ਸਵੇਰ ਦੀ ਰੋਟੀ......

ਔਰਤ : ਤੁਹਾਡੇ ਵੱਲ ਖਾਵਾਂਗੀ, ਫਿਰ ਤੁਹਾਡੀ ਪਾਰਟੀ ਵੀ ਕਰਾਂਗੀ। ਸਭ ਕੁੱਝ ਚਲਦਾ ਈ ਰਹੇਗਾ, ਇਹਨੂੰ ਕਹਿੰਦੇ ਨੇ ਹੈਪੀ ਲਾਈਫ਼।

ਸੇਵਾਦਾਰ : (ਔਰਤ ਨੂੰ) ਸਾਡੇ ਪ੍ਰਧਾਨ ਜੀ, ਦਰਿਆ ਦਿਲ ਨੇ। ਜਰਾ ਰੰਗੀਨ ਸੁਭਾ ਦੇ ਜ਼ਰੂਰ ਨੇ, ਪਰ ਕੂੜੇ ਦੇ ਠੇਕੇ ਤੋਂ ਤੁਸੀਂ ਸਭ ਕੁੱਝ ਸਮਝ ਜਾਓਗੇ।

ਔਰਤ : ਮਰਦ ਹੋਣ ਤਾਂ ਇਵੇਂ ਦੇ। ਕਈ ਮਰਦ ਤਾਂ ਜ਼ਨਾਨੀਆਂ ਤੋਂ ਵੀ ਗਏ ਗੁਜਰੇ ਹੁੰਦੇ ਨੇ।

ਪ੍ਰਧਾਨ : ਵਾਹ! ਔਰਤ ਹੋਵੇ ਤਾਂ ਤੁਹਾਡੇ ਜਿਹੀ। ਇਹੋ ਜਿਹੀਆਂ ਗੱਲਾਂ ਤਾਂ ਜ਼ਿੰਦਗੀ ਨੂੰ ਧੱਕੇ ਨਾਲ ਦਸ ਵੀਹ ਸਾਲ ਵਧਾ ਦਿੰਦੀਆਂ ਨੇ।

ਸੇਵਾਦਾਰ : ਜੀ ਤੁਹਾਡੀ ਦੋਵਾਂ ਦੀ ਉਮਰ ਦਸ-ਦਸ ਸਾਲ ਤਾਂ ਪੱਕੀ ਵਧੂ, ਹਾਅ ਮੇਰੀ ਗੱਲ ਯਾਦ ਰੱਖਿਓ।

ਪ੍ਰਧਾਨ : ਆਓ ਮੈਡਮ, ਆਪਾਂ ਨਾਸ਼ਤਾ ਪੈਲੇਸ ਵਿੱਚ ਹੀ ਕਰਦੇ ਆਂ।

ਔਰਤ : ਜੋ ਹੁਕਮ ਏ ਜਨਾਬ ਦਾ।

ਪ੍ਰਧਾਨ : ਹੁਕਮ ਨਹੀਂ, ਬੇਨਤੀ ਏ।

ਔਰਤ : ਚਲੋ ਇਵੇਂ ਸਹੀ।

(ਪ੍ਰਧਾਨ ਅਤੇ ਔਰਤ ਜਾਣ ਲੱਗਦੇ ਹਨ, ਭਿਖਾਰੀ ਹੱਥਾਂ ਵਿੱਚ ਕੱਚ ਦੇ ਟੁਕੜੇ ਫੜੀ ਪਿਛਲੇ ਪਾਸਿਉਂ ਉਹਨਾਂ ਦੀ ਇੱਕ-ਇੱਕ ਲੱਤ ਫੜ ਲੈਂਦਾ ਹੈ ਅਤੇ ਕੱਚ ਖੋਭ ਦਿੰਦਾ ਹੈ)

ਭਿਖਾਰੀ : ਮੈਨੂੰ ਵੀ ਲੈ ਕੇ ਚੱਲੋ ਪੈਲੇਸ।

ਪ੍ਰਧਾਨ : (ਦਰਦ ਨਾਲ) ਮਰ ਗਏ...... (ਇੱਕ ਪਾਸੇ ਡਿੱਗ ਪੈਂਦਾ ਹੈ)

ਔਰਤ : ਆਹ ਕੀ........ (ਡਿੱਗ ਪੈਂਦੀ ਹੈ)

ਭਿਖਾਰੀ : ਮੈਂ........ ਅਪਾਹਜ (ਹੱਥਾਂ ਵਿੱਚ ਕੱਚ ਖੁੱਭ ਜਾਂਦਾ ਹੈ, ਬੇਸੁੱਧ ਹੋਇਆ ਧਰਤੀ 'ਤੇ ਲੇਟ ਜਾਂਦਾ ਹੈ, ਖੋਜੀ ਆਉਂਦਾ ਹੈ)

ਖੋਜੀ : ਜੇ ਇਥੋਂ ਦੇ ਲੋਕ ਅਪਾਹਜ ਹੋਣਗੇ ਤਾਂ ਸਾਰਾ ਢਾਂਚਾ ਹੀ ਅਪਾਹਜ ਹੋ ਜਾਵੇਗਾ। ਅਪਣੇ-ਅਪਣੇ ਅੰਦਰ ਝਾਤੀ ਮਾਰੋ ਅਤੇ ਹਨੇਰੇ ਵਿਚਲੀ ਟਾਂਵੀ-ਟਾਂਵੀ ਰੋਸ਼ਨੀ ਦੀ ਕਿਰਨ ਨੂੰ ਲੱਭੋ ਅਤੇ ਉਸ ਨੂੰ ਸਿਜਦਾ ਕਰੋ। ਫਿਰ ਬਹੋਰ, ਹਾਸਾ ਤੇ ਤਾਜ਼ਗੀ ਰਾਜ ਕਰਨਗੇ, ਕੋਈ ਅਪਾਹਜ ਨਜ਼ਰ ਨਹੀਂ ਆਵੇਗਾ।

(ਹਨੇਰਾ ਹੋ ਜਾਂਦਾ ਹੈ)

—o—



# ਨਾਟਕ ਹੀ ਨਾਟਕ

| | | |
|---|---|---|
| ਸਨਮ | : | ਨਾਟਕਕਾਰ ਹੈ, ਜੋ ਸਕੂਲ ਕਰਮਚਾਰੀ ਵੀ ਹੈ। |
| ਸਿੰਮੀ | : | ਸਨਮ ਦੀ ਪਤਨੀ |
| ਸੋਨੂੰ | : | ਸਨਮ ਦਾ ਪੁੱਤਰ |
| ਮਹਿੰਦਰ | : | ਸਨਮ ਦਾ ਦੋਸਤ, ਇੱਕ ਸਕੂਲ ਅਧਿਆਪਕ। |
| ਰੋਜ਼ੀ | : | ਇੱਕ ਕਲਾਕਾਰ |
| ਵੀਰੋ ਲੜਾਕੀ | : | ਰੋਜ਼ੀ ਦੀ ਮਾਂ |
| ਬਿੱਟੂ, ਦੀਪਕ | : | ਦੋ ਕਲਾਕਾਰ |
| ਧੀਰਾ | : | ਬਰਖ਼ਾਸਤ ਹੋਇਆ ਕਰਮਚਾਰੀ, ਸਵੈ ਸਥਾਪਤ ਸਭਾ ਦਾ ਪ੍ਰਧਾਨ। |
| ਪਰਦੇਸੀ | : | ਸਾਊਂਡ ਵਾਲਾ |
| ਪ੍ਰਧਾਨ, ਸੈਕਟਰੀ | : | ਸ਼ਹੀਦ ਭਵਨ ਉੱਪਰ ਕਾਬਜ਼ ਵਿਅਕਤੀ |



# ਨਾਟਕ ਹੀ ਨਾਟਕ

## ਦ੍ਰਿਸ਼ ਪਹਿਲਾ

ਸਥਾਨ : ਸਨਮ ਦੇ ਘਰ ਦਾ ਵਰਾਂਡਾ।

(ਵਰਾਂਡੇ ਵਿੱਚ ਚਾਰ ਪੰਜ ਕੁਰਸੀਆਂ ਪਈਆਂ ਹਨ, ਕੋਲ ਇੱਕ ਮੇਜ਼ ਵੀ ਹੈ, ਜਿਸ ਉੱਪਰ ਟੈਲੀਫ਼ੂਨ ਸੈੱਟ ਰੱਖਿਆ ਹੋਇਆ ਹੈ। ਇੱਕ ਪਾਸੇ ਇੱਕ ਬੈੱਡ ਲੱਗਾ ਹੋਇਆ ਹੈ, ਜਿਸ ਉੱਪਰ ਸਨਮ ਦੀ ਪਤਨੀ ਸਿੰਮੀ ਅਤੇ ਲੜਕਾ ਸੋਨੂੰ ਬੈਠੇ ਹਨ। ਦੋਵੇਂ ਕੁੱਝ ਉਦਾਸ ਜਿਹੇ ਨਜ਼ਰ ਆਉਂਦੇ ਹਨ)

ਸਿੰਮੀ : ਫਾਹ ਈ ਪਾ ਲਿਐ ਤੇਰੇ ਡੈਡੀ ਨੇ ਨਾਟਕਾਂ ਨੂਟਕਾਂ ਦਾ। ਬਥੇਰਾ ਰੌਲਾ ਪਾਉਂਦੀ ਰਹੀ ਆਂ ਕੋਈ ਘਰ ਦਾ ਕੰਮ ਵੀ ਕਰ ਲਿਆ ਕਰੋ। ਮੁੰਡਾ ਜਵਾਨ ਹੋ ਗਿਐ, ਕੋਈ ਇਹਦਾ ਨਹੀਂ ਸੋਚਣਾ? ............ਪਰ ਇਹ ਪਤਾ ਨਹੀਂ ਕਿਹੜੀ ਮਿੱਟੀ ਦੇ ਬਣੇ ਹੋਏ ਨੇ, ਬਸ ਇੱਕੋ ਗੱਲ ਕਲ੍ਹ ਫਲਾਣੀ ਥਾਂ 'ਤੇ ਨਾਟਕ ਖੇਡਣਾ ਏ, ਅਗਲੇ ਹਫ਼ਤੇ ਦਰਿਆਉਂ ਪਾਰ ਖੇਡਣੈ.......... ਨਾਟਕਾਂ ਦਾ ਐਸਾ ਭੂਤ ਸਵਾਰ ਹੋਇਐ ਕਿ ਬਾਕੀ ਕੁੱਝ ਨਜ਼ਰ ਈ ਆਉਣੋਂ ਹਟ ਗਿਐ। ਗੜ੍ਹੀ ਵਾਲੇ ਸੰਤਾਂ ਤੋਂ ਭਬੂਤਾ ਲਿਆ ਕੇ ਦੁੱਧ ਵਿੱਚ ਪਿਆਇਆ ਕਿ ਨਾਟਕ ਮਗਰੋਂ ਲਹਿ ਜਾਣ। ਪਰ ਇਹਨਾਂ 'ਤੇ ਜ਼ਰਾ ਅਸਰ ਨਾ ਹੋਇਆ, ਸਗੋਂ ਪਹਿਲਾਂ ਤੋਂ ਵੀ ਵੱਧ ਨਾਟਕ ਖੇਡਣ ਲੱਗ ਪਏ.........

ਸੋਨੂੰ : ਮੰਮੀ, ਤੇਰੀ ਵੀ ਮੱਤ ਅਪਣੀ ਏ। ਭਲਾ ਭਬੂਤੇ ਵੀ ਕਦੇ ਨਾਟਕ ਬੰਦ ਕਰਵਾ ਸਕਦੇ ਨੇ?

ਸਿੰਮੀ : ਹੁਣ ਲੱਗੇਗਾ ਪਤਾ ਨਾਟਕ ਖੇਡਣ ਦਾ......... ਮੇਰਾ ਦਿਲ ਧਕ ਧਕ ਵੱਜ ਰਿਹੈ। ਟੈਲੀਫ਼ੂਨ ਤੇ ਟੈਲੀਫ਼ੂਨ ਖੜਕ ਰਹੇ ਨੇ।

ਸੋਨੂੰ : ਮੰਮੀ ਤੂੰ ਐਵੇਂ ਘਬਰਾ ਜਾਂਦੀ ਏਂ, ਟੈਲੀਫ਼ੂਨਾਂ ਤੇ ਕਈ ਕੁੱਝ ਚਲਦਾ ਹੁੰਦੈ। ਕਈਆਂ ਦਾ ਕੰਮ ਈ ਅਗਲੇ ਨੂੰ ਡਰਾਉਣਾ ਹੁੰਦੈ।

(ਬਾਹਰ ਦਰਵਾਜ਼ੇ ਕੋਲ ਲੱਗੀ ਘੰਟੀ ਖੜਕਦੀ ਹੈ, ਸਿੰਮੀ ਹੋਰ ਵੀ ਘਬਰਾ ਜਾਂਦੀ ਹੈ)

ਸਿੰਮੀ : ਵੇਖੀਂ ਜਰਾ ਬਾਹਰ, ਕੌਣ ਆਇਐ?

(ਸੋਨੂੰ ਉੱਠਦਾ ਹੈ ਪਰ ਸਿੰਮੀ ਵੀ ਨਾਲ ਹੀ ਉੱਠ ਪੈਂਦੀ ਹੈ)

ਤੂੰ ਬੈਠਾ ਰਹਿ। ਮੈਂ ਜਾਨੀ ਆਂ ਬਾਹਰ ਵੇਖਣ, ਜਿਹੜੀ ਗੋਲੀ ਲੱਗਣੀ ਏ ਮੇਰੇ ਲੱਗ ਲੈਣ ਦੇ।

(ਮਹਿੰਦਰ ਹੱਸਦਾ ਹੋਇਆ ਅੰਦਰ ਆਉਂਦਾ ਹੈ)

ਮਹਿੰਦਰ : ਬਾਹਰ ਤਾਂ ਗੋਲੀ ਮਾਰਨ ਵਾਲਾ ਕੋਈ ਨਹੀਂ, ਤੁਹਾਡੇ ਕਿੱਥੋਂ ਗੋਲੀ ਵੱਜ ਜਾਵੇਗੀ। ਭਰਜਾਈ, ਤੁਸੀਂ ਅਪਸੈੱਟ ਲੱਗਦੇ ਹੋ?

ਸਿੰਮੀ : ਅਪਸੈੱਟ ਨਾ ਹੋਵਾਂ ਤਾਂ ਹੋਰ ਖ਼ੁਸ਼ ਹੋਵਾਂ......ਸੋਨੂੰ ਦੇ ਡੈਡੀ ਦੇ ਨਾਟਕਾਂ ਨੇ ਚੰਨ ਚਾੜ੍ਹ ਈ ਦਿੱਤੈ।

ਮਹਿੰਦਰ : ਉਹਨਾਂ ਦੇ ਨਾਟਕ ਤਾਂ ਲੋਕ ਬੀੜ ਰੀਝ ਨਾਲ ਵੇਖਦੇ ਨੇ, ਵਿਦ ਗਰੇਟ ਜ਼ੁਆਇ। ਦਰਸ਼ਕਾਂ ਨੂੰ ਬੰਨ੍ਹ ਕੇ ਬਿਠਾ ਦਿੰਦੇ ਨੇ।

ਸਿੰਮੀ : ਸਾਨੂੰ ਵੀ ਤਾਂ ਬੰਨ੍ਹ ਕੇ ਬਿਠਾ ਦਿੱਤੈ ਖਸਮਾਂ ਨੂੰ ਖਾਣਿਆਂ ਨਾਟਕਾਂ ਨੇ।

ਸੋਨੂੰ : ਮੰਮੀ ਕੀ ਕਰੀ ਜਾਂਦੀ ਏ ਸਵੇਰ ਦੀ, ਨਾ ਰੋਟੀ ਪਕਾਈ ਤੇ ਨਾ ਚਾਹ ਬਣਾਈ।

ਸਿੰਮੀ : ਨਾ ਤੈਨੂੰ ਰੋਟੀ ਸੁਝਦੀ ਪਈ ਏ? ਪੇਟੂ ਕਿਸੇ ਥਾਂ ਦਾ।

ਮਹਿੰਦਰ : ਆਖਰ ਹੋਇਆ ਕੀ? ਵਟ ਹੈਪਨਡ?

ਸਿੰਮੀ : ਕੀ ਨਹੀਂ ਹੋਇਆ।

ਸੋਨੂੰ : ਕੋਈ ਗੋਲਾ ਤਾਂ ਨਹੀਂ ਡਿੱਗਣ ਲੱਗਾ।

ਮਹਿੰਦਰ : (ਝਿੜਕਦੇ ਹੋਏ) ਕਾਕੇ ਬੀ ਸਾਈਲੈਂਟ, ਤੂੰ ਨਹੀਂ ਬੋਲਣਾ। ਹਾਂ ਹਾਂ ਦੱਸਿ ਗੱਲ ਕੀ ਏ?

ਸਿੰਮੀ : ਸਵੇਰ ਦਾ ਕੋਈ ਬੰਦਾ ਡਰਾਉਣੀ ਜਿਹੀ ਵਾਜ ਵਿੱਚ ਫ਼ੂਨ ਕਰ ਰਿਹੈ—ਮੈਂ ਨਾਟਕ ਕਰਵਾਉਣੈਂ ਸਨਮ ਦੀ ਡਰਾਮਾ ਪਾਰਟੀ ਤੋਂ...... (ਰੋ ਪੈਂਦੀ ਹੈ)

ਮਹਿੰਦਰ : ਆਪਣਾ ਨਾਂ ਜਾਂ ਥਹੁ ਪਤਾ ਯਾਨੀ ਅਡਰੈੱਸ ਵਗੈਰਾ ਦਸਦੈ?

ਸਿੰਮੀ : ਕਹਿੰਦੈ ਗੁਰਦਾਸਪੁਰੋਂ ਬੋਲ ਰਿਹਾਂ।

ਮਹਿੰਦਰ : ਗੁਰਦਾਸਪੁਰ? ਉਧਰ ਤਾਂ ਕਦੇ ਖੇਡਣ ਨਹੀਂ ਗਏ ਸਨਮ ਹੋਰੀਂ



ਨਾਟਕ। ਪਰ ਚਿੰਤਾ ਵਾਲੀ ਕਿਹੜੀ ਗੱਲ ਏ। ਨੋ ਨੀਡ ਟੂ ਵਰੀ ਐਟ ਆਲ।

ਸਿੰਮੀ : ਉਹ ਬੰਦਾ ਕਹਿੰਦੈ ਡਰਾਮਿਆਂ ਦਾ ਵੱਡਾ ਜਿਹਾ ਸ਼ੋਅ ਕਰਾਉਣੈਂ।

ਮਹਿੰਦਰ : ਯੈੱਸ?

ਸਿੰਮੀ : ਕਹਿੰਦਾ ਸੀ ਗਲ ਵਿੱਚ ਨੋਟਾਂ ਦੇ ਹਾਰ ਪਾਵਾਂਗੇ, ਫਿਰ ਡਰਾਉਣਾ ਜਿਹਾ ਹਾਸਾ ਹੱਸਣ ਲੱਗ ਪੈਂਦਾ, ਜਿਵੇਂ ਰਾਮ ਲੀਲਾ ਵਿੱਚ ਮਰ ਜਾਣਾ ਰਾਵਣ ਹਾਸਾ ਹੱਸਦਾ ਹੁੰਦੈ।

ਮਹਿੰਦਰ : ਕੋਈ ਸ਼ਰਾਰਤ ਕਰ ਰਿਹੈ, ਆ ਜਾਏਗਾ ਕਾਬੂ।

ਸਿੰਮੀ : ਜਦ ਮੈਂ ਦੂਸਰੀ ਵਾਰ ਰਸੀਵਰ ਚੁੱਕਿਆ ਤਾਂ ਉਹ ਕਿਸੇ ਲੜਕੀ ਨੂੰ ਕਹਿ ਰਿਹਾ ਸੀ—"ਤੂੰ ਦਰਵਾਜ਼ਾ ਬੰਦ ਕਰ ਦੇ, ਵੇਖ ਮੈਂ ਕਿਵੇਂ ਭਜਾਉਂਦਾ ਐਸ ਨਾਟਕਕਾਰ ਨੂੰ। ਲੜਕੀ ਦੀ ਵੀ ਮਾੜੀ ਮੋਟੀ ਵਾਜ ਸੁਣੀ ਸੀ ਮੈਂ, ਕੰਜਰੀ ਦੰਦੀਆਂ ਕੱਢਦੀ ਪਈ ਸੀ।

ਮਹਿੰਦਰ : ਹੁਣ ਸਮਝ ਪਈ ਏ ਉਹ ਫ਼ੂਨ ਕਿਥੋਂ ਆਇਆ ਸੀ।

ਸਿੰਮੀ : (ਕਾਹਲੀ ਨਾਲ) ਕਿਥੋਂ ਆਇਆ ਸੀ? ਕੀਹਦਾ ਸੀ ਫ਼ੂਨ?

ਮਹਿੰਦਰ : ਰੋਜ਼ੀ ਦਾ।

ਸਿੰਮੀ : ਜਿਹਨੂੰ ਸੋਨੂੰ ਦੇ ਡੈਡੀ ਨੇ ਡਰਾਮਾ ਪਾਰਟੀ ਵਿੱਚੋਂ ਕੱਢ ਦਿੱਤੈ।

ਮਹਿੰਦਰ : ਉਹ ਕੁੜੀ ਪੁਰਾਣੇ ਬਜ਼ਾਰ ਵਿੱਚ ਕਾਲੇ ਸ਼ੀਸ਼ਿਆਂ ਵਾਲੀ ਦੁਕਾਨ 'ਤੇ ਕੰਮ ਕਰਦੀ ਏ, ਦੁਕਾਨ ਵਿੱਚ ਐਸ. ਟੀ. ਡੀ. ਲੱਗੀ ਏ ਤੇ ਨਾਲੇ ਬਾਹਰਲੀ ਕਰੰਸੀ ਚੇਂਜ ਹੁੰਦੀ ਏ।

ਸਿੰਮੀ : (ਡਰ ਵਿੱਚ) ਕਾਲੇ ਸ਼ੀਸ਼ਿਆਂ ਵਾਲੀ ਦੁਕਾਨ?

ਮਹਿੰਦਰ : ਹਾਂ, ਕਾਲੇ ਸ਼ੀਸ਼ਿਆਂ ਵਾਲੀ ਦੁਕਾਨ 'ਤੇ ਕੰਮ ਵੀ ਕਾਲੇ ਚਲਦੇ ਨੇ।

ਸਿੰਮੀ : ਉਸ ਦੁਕਾਨ ਦਾ ਮਾਲਕ ਕੌਣ ਏ?

ਮਹਿੰਦਰ : ਪਾਲੇ ਦੀ ਵਿਧਵਾ ਨੂਰੀ।

ਸਿੰਮੀ : ਉਹ ਤਾਂ ਬੜੀ ਖ਼ਤਰਨਾਕ ਔਰਤ ਏ....... ਬਜ਼ਾਰ ਵਿੱਚ ਕਦੇ ਕਿਸੇ ਬੰਦੇ ਕੋਲ, ਕਦੇ ਕਿਸੇ ਕੋਲ ਖੜ੍ਹੀ ਦੰਦ ਕੱਢਦੀ ਹੁੰਦੀ ਏ। ਵੇਖਦੀ ਏ ਮਾਰਨ ਵਾਲੀ ਮੱਝ ਵਾਂਗ।

ਮਹਿੰਦਰ : (ਗੰਭੀਰ ਹੁੰਦਾ ਹੋਇਆ) ਉਥੇ ਤਾਂ ਨੰਬਰ ਦੋ ਦੇ ਧੰਦੇ ਚਲਦੇ

ਨੇ। ਬਾਹਰਲੇ ਦੇਸ਼ਾਂ ਤੋਂ ਛੁੱਟੀ 'ਤੇ ਆਏ ਮੁੰਡੇ ਡਾਲਰ, ਯੂਰੋ ਦੇ ਕੇ ਇੰਡੀਅਨ ਕਰੰਸੀ ਲੈਂਦੇ ਨੇ। ਨਾਲੇ ਪੈੱਗ ਲਾ ਕੇ ਮਸਤੀ ਵਿੱਚ ਝੂਮਦੇ ਜਾਂਦੇ ਨੇ, ਉਹ ਔਰਤ ਇੱਕ ਹੋਰ ਧੰਦਾ ਵੀ ਕਰਦੀ ਏ.........

ਸਿੰਮੀ : (ਘਬਰਾਹਟ ਵਿੱਚ) ਉਹ ਕਿਹੜਾ?

ਮਹਿੰਦਰ : ਉਹ ਦਿੱਲੀ ਤੱਕ ਕੁੜੀਆਂ ਸਪਲਾਈ ਕਰਦੀ ਏ। ਵੱਡੇ-ਵੱਡੇ ਸੇਠਾਂ ਨੂੰ, ਸੱਠ-ਸੱਠ ਸਾਲ ਦੇ ਬੁੱਢਿਆਂ ਨੂੰ ਵੀਹ-ਵੀਹ ਸਾਲ ਦੀਆਂ ਕੁੜੀਆਂ। ਜਲੰਧਰ ਦੀਆਂ ਕੁੜੀਆਂ ਨੂੰ ਆਪਣੇ ਏਰੀਏ ਵਿੱਚ ਲਿਆ ਕੇ....... ਕੀ ਦੱਸਾਂ?

ਸਿੰਮੀ : ਕਿਹੜੇ ਯੁੱਗ ਭਲਾ ਹੋਵੇਗਾ ਰੰਡੀ ਦਾ?

ਮਹਿੰਦਰ : ਐਸ ਯੁੱਗ ਵਿੱਚ ਤਾਂ ਹੋਈ ਰਿਹੈ ਉਸ 'ਸਦਾ ਸੁਹਾਗਣ' ਦਾ। ਉਹ ਪੈੱਗ ਪੀ ਕੇ ਸਾਫ਼ ਕਹਿ ਦੇਂਦੀ ਏ—"ਪਾਲਾ ਈ ਮਰ ਗਿਐ, ਬਾਕੀ ਦੁਨੀਆਂ ਤਾਂ ਨਹੀਂ ਮਰ ਗਈ।"

ਸਿੰਮੀ : ਸ਼ਰਮ ਈ ਲਾਹ ਲਈ ਏ ਕੁੱਤੀ ਨੇ। ਸਿਆਣੇ ਕਹਿੰਦੇ ਨੇ ਰੱਬ ਦਾ ਖ਼ੌਫ਼ ਖਾਓ ਪਰ ਕਲਯੁੱਗ ਦਾ ਪਹਿਰਾ ਏ, ਤਾਂ ਹੀ ਇਵੇਂ ਹੋ ਰਿਹੈ।

ਮਹਿੰਦਰ : ਕਲਯੁਗ ਕਿਧਰੋਂ ਲੈਣ ਜਾਣੈਂ? ਸ਼ਾਮਾਂ ਨੂੰ ਵੇਖਿਉ ਕਾਲੇ ਸ਼ੀਸ਼ਿਆਂ ਵਾਲੀ ਦੁਕਾਨ ਦੇ ਆਸ-ਪਾਸ ਕਿੰਨੇ ਕਲਯੁਗ ਤੁਰੇ ਫਿਰਦੇ ਨੇ।

ਸਿੰਮੀ : ਜਿਵੇਂ ਦੀ ਆਪ ਏ ਨੂਰੀ, ਉਵੇਂ ਦੀ ਬੇਸ਼ਰਮ ਕੁੜੀ ਰੱਖ ਲਈ ਏ ਦੁਕਾਨ 'ਤੇ।

ਮਹਿੰਦਰ : ਦੋਹਾਂ ਦੀ ਰਾਸ਼ੀ ਇੱਕੋ ਵੇ। ਰੋਜ਼ੀ ਜਿਸ ਦਿਨ ਦੀ ਦੁਕਾਨ 'ਤੇ ਲੱਗੀ ਏ, ਉਹਦੇ ਖੰਭ ਉੱਗ ਪਏ ਨੇ, ਉਹਦਾ ਤਾਂ ਲੂੰ ਲੂੰ ਟੱਪਦਾ ਪਿਐ। ਹਰਾਮਜਾਦੀ ਸਟੂਪਿਡ, ਪੜ੍ਹਾਈ ਵਿੱਚ ਤਾਂ ਇੱਕ ਨੰਬਰ ਦੀ ਡੱਲ ਸੀ, ਤਿੰਨ ਵਾਰ ਦਸਵੀਂ ਵਿੱਚੋਂ ਫੇਲ੍ਹ ਹੋ ਗਈ ਤੇ ਹੁਣ............ ਦੁਕਾਨ 'ਤੇ ਘੁੰਮਣ ਵਾਲੀ ਕੁਰਸੀ 'ਤੇ ਬਹਿ ਕੇ ਸਾਰੀ ਦੁਨੀਆਂ ਨੂੰ ਘੁੰਮਾਈ ਜਾਂਦੀ ਏ। ਫ਼ੂਨ ਫੜ ਕੇ ਬੋਲਦੀ ਏ ਹੈਲੋ....... ਥੈਂਕ ਯੂ....... ਬਾਏ.......ਓ. ਕੇ.। ਗੱਲਾਂ ਈ ਸਤਵੇਂ ਅਸਮਾਨ ਨੂੰ ਛੂਹਣ ਵਾਲੀਆਂ ਕਰਦੀ ਏ।

ਸਿੰਮੀ : ਰੱਬ ਬਚਾਵੇ ਇਵੇਂ ਦੀਆਂ ਕੁਲੱਛਣੀਆਂ ਤੋਂ।

ਮਹਿੰਦਰ : ਹੁਣ ਰੱਬ ਕਿਹਦੇ ਕਿਹਦੇ ਤੋਂ ਬਚਾਵੇ। ਦਿਨ ਬਦਿਨ ਪੁੱਠਾ



ਗੇੜ ਤੇਜ਼ ਹੋਈ ਜਾ ਰਿਹੈ। ਨੂਰੀ ਤਾਂ ਰੱਬ ਨੂੰ ਟਿੱਚ ਸਮਝਦੀ ਏ, ਕਦੇ ਕਿਸੇ ਦੇ ਸਕੂਟਰ 'ਤੇ ਬੈਠੀ ਹੁੰਦੀ ਏ। ਇੱਕ ਦਿਨ ਕਿਸੇ ਦੀ ਕਾਰ 'ਚ ਬੈਠੀ ਮੂਰਖਾਂ ਵਾਂਗੂ ਹੱਸਦੀ ਪਈ ਸੀ। ਕਾਲੇ ਸ਼ੀਸ਼ੇ ਸੀ ਉਸ ਕਾਰ ਦੇ........ ਮੈਨੂੰ ਵੇਖਿਆ ਤਾਂ ਥੱਲੇ ਕਰ ਲਏ।

ਸਿੰਮੀ : ਕਾਲੇ ਸ਼ੀਸ਼ੇ.......... ਮੈਨੂੰ ਡਰ ਲੱਗ ਰਿਹੈ। ਲੋਕਾਂ ਦੀ ਵੀ ਮੱਤ ਮਾਰੀ ਗਈ ਏ ਕੁੜੀਆਂ ਨੂੰ ਦੁਕਾਨਾਂ 'ਤੇ ਬਿਠਾ ਕੇ ਉਹਨਾਂ ਦੀ ਖੱਟੀ ਖਾਂਦੇ ਨੇ।

ਮਹਿੰਦਰ : ਕੁੜੀਆਂ ਵੀ ਚਿੱਟੀ ਚਮੜੀ ਵਾਲੀਆਂ ਰੱਖਦੇ ਨੇ ਛੋਟੇ ਮੋਟੇ ਦਫ਼ਤਰਾਂ ਵਾਲੇ। ਕਾਲੇ ਰੰਗ ਦੀ ਕੁੜੀ ਨੂੰ ਤਾਂ ਉਹ ਨੇੜੇ ਨਹੀਂ ਫਟਕਣ ਦਿੰਦੇ। ਇਹ ਬਿਜਨਸ ਏ, ਬਿਜਨਸਮੈਨ ਨੇ ਇਹ ਵੇਖਣਾ ਹੁੰਦੈ ਉਹਨੇ ਗਾਹਕ ਕਿਵੇਂ ਖਿੱਚਣਾ ਏ। ਇਹਨਾਂ ਦੀਆਂ ਦੁਕਾਨਾਂ ਤੇ ਗਾਹਕਾਂ ਨੂੰ ਵੈਲਕਮ ਕਰੇ ਟਿਪ ਟਾਪ ਲੜਕੀ ਤੇ ਮੱਛੀ ਜਾਲ ਵਿੱਚ ਆਪੇ ਆ ਜਾਂਦੀ ਏ।

ਸਿੰਮੀ : ਦੁਨੀਆਂ ਇੰਨੀ ਉੱਪਰ ਪਹੁੰਚ ਗਈ ਏ? ਸੁਣ-ਸੁਣ ਕੇ ਮੇਰਾ ਤਾਂ ਸਿਰ ਚੱਕਰ ਖਾਣ ਲੱਗ ਪਿਐ।

ਮਹਿੰਦਰ : ਪਰ ਉਹਨਾਂ ਦਾ ਸਿਰ ਇਵੇਂ ਈ ਚਲਦੈ। ਮੈਂ ਤਾਂ ਆਪ ਹੈਰਾਨ ਹਾਂ, ਮੇਰੇ ਕੋਲ ਜਿੰਨੀਆਂ ਨਲੈਕ ਕੁੜੀਆਂ ਪੜ੍ਹਦੀਆਂ ਸੀ, ਬਹੁਤੀਆਂ ਉਹੀ ਦੁਕਾਨਾਂ ਚਲਾ ਰਹੀਆਂ ਨੇ। ਕਿਸੇ ਨੇ ਬਿਊਟੀ ਪਾਰਲਰ ਖੋਹਲ ਕੇ ਜ਼ਨਾਨੀਆਂ ਦੀ ਮੇਕ ਅਪ ਕਰਨ 'ਚ ਛੱਡੀ ਨਹੀਂ ਕਸਰ, ਕੋਈ ਟੁੱਟੇ ਜਿਹੇ ਡਾਕਟਰ ਦੀ ਨਰਸ ਬਣ ਕੇ ਲੋਕਾਂ ਦਾ ਬੁਖਾਰ ਲਾਹ ਰਹੀ ਏ, ਕੋਈ ਸਿਲਾਈ ਸਿੱਖ ਕੇ ਨਵੇਂ-ਨਵੇਂ ਫੈਸ਼ਨ ਚਲਾ ਕੇ ਲੋਕਾਂ ਨੂੰ ਭੁਲੇਖਿਆਂ ਵਿੱਚ ਪਾ ਰਹੀ ਏ, ਪੰਜਾਬੀ ਸੂਟ ਸੀਣ ਵਾਲੀ ਠਾਕਰੋ ਵਿਹਲੀ ਤੁਰੀ ਫਿਰਦੀ ਏ।

ਸਿੰਮੀ : ਮਾਂ ਧਿਓ ਵੀ ਬੇਸ਼ਰਮ ਹੋ ਗਏ ਨੇ ਜਿਹਨਾਂ ਨੂੰ ਆਪਣੇ ਖਾਨਦਾਨ ਦੀ ਇੱਜ਼ਤ ਦੀ ਰਤਾ ਪਰਵਾਹ ਨਹੀਂ।

ਮਹਿੰਦਰ ਕੀ ਫ਼ਰਕ ਪੈਂਦੈ ਉਹਨਾਂ ਨੂੰ, ਘਰ ਬੈਠਿਆਂ ਨੂੰ ਚੰਗਾ ਚੋਖਾ ਖਾਣ ਨੂੰ ਮਿਲਦੈ।

ਸਿੰਮੀ : ਡੁੱਬ ਕੇ ਮਰ ਜਾਣ ਜਿਹੜੇ ਧੀਆਂ ਦੀ ਕਮਾਈ ਖਾ ਕੇ ਅਪਣਾ ਢਿੱਡ ਭਰਦੇ ਨੇ। ਇਹਨਾਂ ਦੇ ਢਿੱਡ ਵਿੱਚ ਪੈਣ ਕੀੜੇ।

ਮਹਿੰਦਰ : ਲੋਕਾਂ ਦੀ ਸੋਚ ਈ ਬਦਲ ਗਈ ਏ, ਹੁਣ ਤਾਂ ਜੋ ਕੁੱਝ ਹੁੰਦਾ ਪਿਐ, ਇੰਜ ਲੱਗਦੈ ਕੋਈ ਨਾਟਕ ਖੇਡ ਰਹੇ ਨੇ ਇਹ ਲੋਕ।

ਸਿੰਮੀ : (ਘਬਰਾਈ ਆਵਾਜ਼ ਵਿੱਚ) ਨਾਟਕ ?

ਮਹਿੰਦਰ : ਹੋਰ ਕੀ, ਅਪਣਾ ਗੁਆਂਢੀ ਏ ਨਾ ਤਾਰਾ ਸਬਜ਼ੀ ਵਾਲਾ।

ਸਿੰਮੀ : ਉਹਨੂੰ ਕੀ ਹੋਇਐ?

ਮਹਿੰਦਰ : ਪੂਰਾ ਬਿਜਨਸਮੈਨ ਹੋ ਗਿਐ। ਜਦੋਂ ਆਪ ਦੁਕਾਨ 'ਤੇ ਬੈਠਾ ਹੁੰਦਾ ਸੀ, ਮੈਂ ਨਹੀਂ ਸੀ ਕਦੇ ਵੇਖਿਆ ਗਾਹਕ ਉਹਦੀ ਦੁਕਾਨ 'ਤੇ। ਗਾਹਕ ਤਾਂ ਉਹਦੀ ਸ਼ਕਲ ਵੇਖ ਕੇ ਦੂਰੋਂ ਈ ਤਿਤਰ ਹੋ ਜਾਂਦਾ ਸੀ। ਹੁਣ ਵੇਖ ਲੈ ਉਹਦੀ ਘਰ ਵਾਲੀ ਨੇ ਦੁਕਾਨਦਾਰੀ ਸੰਭਾਲ ਕੇ ਤਾਰੇ ਦੇ ਦਿਨ ਫੇਰ ਦਿੱਤੇ ਨੇ। ਮੂੰਹ ਨੂੰ ਕਰੀਮ ਨਾਲ ਪੇਂਟ ਕਰਕੇ ਤੇ ਚਿੱਟੇ ਵਾਲਾਂ ਨੂੰ ਕਾਲੀ ਮਹਿੰਦੀ ਲਾ ਕੇ ਸੋਲ੍ਹਾਂ ਵਰ੍ਹਿਆਂ ਦੀ ਮੁਟਿਆਰ ਬਣ ਕੇ ਬਹਿ ਜਾਂਦੀ ਏ ਦੁਕਾਨ 'ਤੇ ਬਣ ਠਣ ਕੇ। ਪੂਰਾ ਟੈਂਪੂ ਸਬਜ਼ੀ ਦਾ ਲੱਗ ਜਾਂਦੈ ਰੋਜ਼।

(ਫੂਨ ਦੀ ਘੰਟੀ ਫਿਰ ਖੜਕਦੀ ਹੈ, ਸਿੰਮੀ ਦਾ ਚਿਹਰਾ ਡਰ ਨਾਲ ਹੋਰ ਵੀ ਪੀਲਾ ਹੋ ਜਾਂਦਾ ਹੈ)

ਸਿੰਮੀ : ਫਿਰ ਆ ਗਿਆ ਫੂਨ..........

ਮਹਿੰਦਰ : ਮੈਂ ਆਪੇ ਚੁੱਕਣਾਂ।

ਸਿੰਮੀ : ਰਿਸੀਵਰ ਨਾ ਈ ਚੁੱਕੋ ਭਾ ਜੀ।

ਮਹਿੰਦਰ : ਭਰਜਾਈ, ਬੰਦਾ ਇੰਨਾ ਕੀ ਪਜ਼ਲ ਹੋਵੇ।

(ਰਸੀਵਰ ਚੁੱਕ ਕੇ ਗੱਲ ਕਰਦਾ ਹੈ)

ਹੈਲੋ, ਕੌਣ?

ਫੂਨ ਤੋਂ ਆਵਾਜ਼ : ਤੁਸੀਂ ਮਿਸਟਰ ਸਨਮ ਹੋ?

ਮਹਿੰਦਰ : ਉਹ ਘਰ ਨਹੀਂ, ਤੁਸੀਂ ਕੰਮ ਦੱਸੋ।

ਫੂਨ ਤੋਂ ਆਵਾਜ਼ : ਬੰਦਿਆਂ ਦੀ ਗੱਲ ਬੰਦਿਆਂ ਨੂੰ ਹੀ ਦੱਸਾਂਗੇ।

ਮਹਿੰਦਰ : ਮੈਂ ਭਲਾ ਬੰਦਾ ਨਹੀਂ? ਤੁਸੀਂ ਕੌਣ ਹੋ? ਬੋਲਦੇ ਨਹੀਂ........ ਹੈਲੋ...... ਹੈਲੋ। ਕੱਟ ਦਿੱਤੈ ਆਪੇ ਈ।

ਸਿੰਮੀ : ਮੇਰਾ ਦਿਲ ਉਡਦਾ ਜਾ ਰਿਹੈ। ਕਿਤੇ ਅਟੈਕ ਈ ਨਾ ਹੋ ਜਾਏ ਸੋਚ ਸੋਚ ਕੇ।

ਮਹਿੰਦਰ : ਭਰਜਾਈ, ਅਟੈਕ ਹੋਏ ਤੁਹਾਡੇ ਦੁਸ਼ਮਣਾਂ ਨੂੰ। ਜੇ ਹੁਣ ਫੂਨ ਆਇਆ ਤਾਂ ਗੱਲ ਕਰਿਓ ਈ ਨਾ।



ਸੋਨੂੰ : ਮੈਂ ਆਪੇ ਗੱਲ ਕਰ ਲਵਾਂਗਾ।

ਸਿੰਮੀ : ਤੂੰ ਕਿਉਂ ਕਰੇਂਗਾ ਗੱਲ? ਤੈਨੂੰ ਨਹੀਂ ਮੈਂ ਅਗਾਂਹ ਕਰਦੀ ਖ਼ਤਰਿਆਂ ਦੇ ਖੂਹ ਵਿੱਚ।

(ਘਰ ਦੀ ਘੰਟੀ ਖੜਕਦੀ ਹੈ, ਤਿੰਨੇ ਜਣੇ ਬਾਹਰ ਵੱਲ ਵੇਖਦੇ ਹਨ, ਸਨਮ ਆਉਂਦਾ ਹੈ। ਮਹਿੰਦਰ ਅਤੇ ਸਿੰਮੀ ਨੂੰ ਘਬਰਾਹਟ ਵਿੱਚ ਵੇਖ ਕੇ ਹੈਰਾਨ ਹੋ ਜਾਂਦਾ ਹੈ)

ਸਨਮ : ਬੜੇ ਚੁੱਪਚਾਪ ਬੈਠੇ ਹੋ?

ਸਿੰਮੀ : (ਰੋਹ ਨਾਲ) ਹੋਰ ਕੋਠੇ ਚੜ੍ਹ ਕੇ ਢੋਲ ਵਜਾਈਏ ਤੇ ਲੋਕਾਂ ਨੂੰ ਦੱਸੀਏ ਸਾਨੂੰ ਕਿਹੜੀ ਗੋਲੀ ਵੱਜੀ ਏ।

ਸਨਮ : (ਮਹਿੰਦਰ ਨੂੰ) ਯਾਰ ਤੂੰ ਈ ਦੱਸ........

ਮਹਿੰਦਰ : ਇੱਕ ਛੋਟੀ ਜਿਹੀ ਪਰਾਬਲਮ ਆ ਗਈ ਏ.....

ਸਿੰਮੀ : ਛੋਟੀ ਜਿਹੀ ਏ!

ਸਨਮ : ਕਿਹੜੀ ਪਰਾਬਲਮ ?

ਸਿੰਮੀ : ਹੋਰ ਖਿਡਾ ਨਾਟਕ, ਹੋਰ ਲਿਖ ਨਾਟਕ। ਕਹਿੰਦੇ ਸੀ ਮੈਂ ਤਾਂ ਲੋਕਾਂ ਦੀ ਗੱਲ ਕਰਨਾਂ ਵਾਂ ਨਾਟਕਾਂ ਵਿੱਚ।

ਸਨਮ : ਹੋਰ ਕੀਹਦੀ ਕਰਾਂ? ਜਿਧਰ ਲੋਕ ਜਾ ਰਹੇ ਹੁੰਦੇ ਨੇ, ਨਾਟਕ ਨੂੰ ਉਧਰ ਤੁਰਨਾ ਈ ਪਵੇਗਾ। ਮੈਂ ਤਾਂ ਤੇਰੀ ਵੀ ਗੱਲ ਕਰਨਾਂ ਨਾਟਕਾਂ ਵਿੱਚ।

ਸਿੰਮੀ : ਤੂੰ ਤਾਂ ਮੇਰੇ ਪਿੱਛੇ ਈ ਪਿਆ ਰਹਿੰਦੈਂ ਹੱਥ ਧੋ ਕੇ।

(ਸਿੰਮੀ ਰੋ ਪੈਂਦੀ ਹੈ)

ਸਨਮ : ਸੁੱਖੀਂ ਸਾਂਦੀਂ ਕਿਉਂ ਰੋਈ ਜਾਂਦੀ ਏਂ?

ਸਿੰਮੀ : ਕੌਣ ਕੰਜਰ ਰੌਂਦੈ ਸੁਖੀ ਸਾਂਦੀਂ? ਕਿਹਦਾ ਦਿਲ ਕਰਦੈ ਰੋਣ ਤੇ।

ਸਨਮ : ਮੇਰੇ ਪੱਲੇ ਪਾ, ਕਿਹੜੀ ਗੋਲੀ ਵੱਜ ਗਈ ਏ?

ਸਿੰਮੀ : ਗੋਲੀ ਛੱਡ ਕੇ ਗੋਲਾ ਵੱਜ ਗਿਐ। ਮੈਂ ਕਹਿੰਦੀ ਸੀ ਨਾਟਕ ਛੱਡ ਦੇ, ਕਿਹੜੇ ਕਲਾਕਾਰ ਦੀ ਮੈਂ ਜੂਠ ਨਹੀਂ ਧੋਤੀ। ਨਾਲੇ ਕਲਾਕਾਰਾਂ ਨੂੰ ਚਾਹ ਪਿਆਓ, ਰਿਹਰਸਲਾਂ ਕਰਵਾਉ ਤੇ

ਖੱਟਿਆ ਕੀ? ਸਿਆਣੇ ਦੇ ਕਹੇ ਦਾ ਤੇ ਔਲੇ ਦੇ ਖਾਧੇ ਦਾ ਪਤਾ ਮਗਰੋਂ ਲੱਗਦੈ।

ਸਨਮ : ਤੇਰੇ ਸਿਰ 'ਤੇ ਸਿਆਣਪ ਦੇ ਸਿੰਗ ਕਦੋਂ ਦੇ ਉਗ ਪਏ ਨੇ? ਬੁਝਾਰਤਾਂ ਈ ਪਾਈ ਜਾਣੀ ਏਂ, ਕੁੱਝ ਦੱਸੇਂਗੀ ਕਿ ਨਹੀਂ?

ਸਿੰਮੀ : ਆਪੇ ਲੱਗ ਜਾਏਗਾ ਪਤਾ ਜਦੋਂ ਹੁਣ ਫ਼ੂਨ ਖੜਕਿਆ ਤਾਂ।

ਮਹਿੰਦਰ : ਯਾਰ, ਗੱਲ ਥੋੜ੍ਹੀ ਸੀਰੀਅਸ ਏ......

ਸਨਮ : ਹੂੰ......

ਮਹਿੰਦਰ : ਸਵੇਰ ਦਾ ਦੋ ਤਿੰਨ ਵਾਰ ਕੋਈ ਬੰਦਾ ਫ਼ੂਨ ਲਾ ਚੁੱਕੈ, ਵਾਜ ਕੁੱਝ ਡਰਾਉਣੀ ਜਿਹੀ ਏ ਉਹਦੀ। ਤੁਹਾਡੇ ਨਾਲ ਗੱਲ ਕਰਨਾ ਚਾਹੁੰਦੈ।

ਸਨਮ : ਕਰ ਲਏ ਗੱਲ, ਇਹਦੇ ਵਿੱਚ ਡਰਨ ਵਾਲੀ ਕਿਹੜੀ ਗੱਲ ਏ?

ਮਹਿੰਦਰ : ਫ਼ੂਨ ਵਾਲੀ ਵਾਜ ਨਾਰਮਲ ਨਹੀਂ ਸੀ ਲੱਗਦੀ। ਦਾਲ 'ਚ ਕੁੱਝ ਕੁੱਝ ਕਾਲਾ ਜ਼ਰੂਰ ਜਾਪਦੈ।

ਸਿੰਮੀ : ਉਹ ਕੰਜਰੀ ਰੋਜ਼ੀ ਫ਼ੂਨ ਤੇ ਫ਼ੂਨ ਕਰਾਉਂਦੀ ਪਈ ਏ ਜਿਹਨੂੰ ਡਰਾਮਾ ਪਾਰਟੀ ਵਿੱਚੋਂ ਕੱਢਿਆ ਸੀ ਸੋਨੂੰ ਦੇ ਡੈਡੀ ਨੇ।

ਮਹਿੰਦਰ : ਇੱਕ ਦਿਨ ਰੋਜ਼ੀ ਕੁੱਝ ਬੰਦਿਆਂ ਨਾਲ ਅੱਡੇ ਦੇ ਨੇੜੇ ਖੜ੍ਹੀ ਸੀ, ਧੀਰਾ ਵੀ ਉਥੇ ਸੀ, ਹੱਸ ਤੇ ਹੱਥ ਮਾਰ ਕੇ ਅੱਡੀਆਂ ਚੁੱਕ ਚੁੱਕ ਗੱਲਾਂ ਕਰਦਾ ਪਿਆ ਸੀ।

ਸਨਮ : ਉਹ ਜ਼ਰੂਰ ਮੇਰੇ ਨਾਟਕ ਪ੍ਰੋਗਰਾਮਾਂ ਅੱਗੇ ਕੰਡੇ ਖਿਲਾਰਦੇ ਹੋਣਗੇ।

ਸਿੰਮੀ : ਉਹ ਕੋਈ ਨਾ ਕੋਈ ਚਾਲ ਜ਼ਰੂਰ ਚੱਲਣਗੇ। ਤੁਹਾਨੂੰ ਫਸਾਣਗੇ ਕਿਸੇ ਨਾ ਕਿਸੇ ਝੂਠੇ ਕੇਸ ਵਿੱਚ।

ਮਹਿੰਦਰ : ਨਾਲੇ ਧੀਰੇ ਦਾ ਕੰਮ ਕੀ ਏ—ਤੀਲੀ ਲਾਉਣੀ। ਆਪ ਸਾਰੇ ਸਾਲ ਵਿੱਚ ਇੱਕ ਪ੍ਰੋਗਰਾਮ ਕਰਵਾਉਂਦੈ, ਨੱਚਦਾ ਪੰਜਾਬ। ਛੇ ਮਹੀਨੇ ਲੋਕਾਂ ਤੋਂ ਮੋਟੀ ਉਗਰਾਹੀ ਕਰਦੈ, ਹਰਾਮੀ ਏ ਪਹਿਲੇ ਨੰਬਰ ਦਾ। ਪਰਚਾਰ ਕਰਦੈ ਮੈਂ ਗਰੀਬਾਂ, ਲੋੜਵੰਦਾਂ ਨੂੰ ਕੰਬਲ ਵੰਡ ਰਿਹਾਂ। ਸਭਾ ਬਣਾਈ ਏ ਤਿੰਨ ਬੰਦਿਆਂ ਦੀ ਤੇ ਗੱਲ ਆਪਣੀ ਚਲਾਉਂਦੈ। ਸੱਠ ਰੁਪਏ ਵਾਲੇ ਲੈ ਕੇ ਕੰਬਲ ਬਿੱਲ ਵਿੱਚ ਪਾਉਂਦੈ ਡੇਢ ਡੇਢ ਸੌ ਰੁਪਏ।



ਸਿੰਮੀ : ਕੁੱਤਾ ਕਿੱਡਾ ਦਾਨੀ ਸਮਝਦੈ ਅਪਣੇ ਆਪ ਨੂੰ।

ਸਨਮ : ਇਮਾਨਦਾਰੀ ਦੀ ਦੁਹਾਈ ਪਾਉਂਦਾ ਫਿਰਦੈ ਅੱਜਕਲ੍ਹ!

ਮਹਿੰਦਰ : ਬਹੁਤ ਇਮਾਨਦਾਰ ਏ! ਤਾਂਹਿਓਂ ਸਾਰਾ ਸਟੋਰ ਵੇਚ ਕੇ ਸਸਪੈਂਡ ਹੋ ਗਿਐ। ਚਾਰ ਸਾਲ ਨੌਕਰੀ ਕੀਤੀ ਏ ਸਾਰੀ, ਘਰ ਲਈ ਪਲਾਟ ਲੈ ਲਿਐ ਤੇ ਤਿੰਨ ਮੰਜ਼ਲਾ ਕੋਠੀ ਵੀ ਪਾ ਲਈ। ਇਹ ਸਭ ਇਮਾਨਦਾਰੀ ਦਾ ਹੀ ਪਰਤਾਪ ਏ, ਹੁਣ ਵੀ ਤਕੜੀ ਡਰਾਮੇਬਾਜ਼ੀ ਕਰਕੇ ਦੂਜੇ ਦਿਨ ਅਖ਼ਬਾਰ 'ਚ ਖ਼ਬਰ ਲਵਾ ਲੈਂਦੈ।

ਸਨਮ : ਸਸਪੈਂਡ ਹੋ ਕੇ ਜੇਲ੍ਹ ਦੀ ਹਵਾ ਵੀ ਤਾਂ ਖਾਂਦਾ ਰਿਹੈਂ।

ਸਿੰਮੀ : ਬਦਮਾਸ਼ਾਂ ਤੋਂ ਜੇਲਾਂ ਵੀ ਥਰ ਥਰ ਕੰਬਦੀਆਂ ਨੇ।

(ਫ਼ੂਨ ਦੀ ਘੰਟੀ ਫਿਰ ਵੱਜਦੀ ਹੈ, ਸਿੰਮੀ ਜਲਦੀ ਨਾਲ ਰਸੀਵਰ ਚੁੱਕਦੀ ਹੈ)

ਸਿੰਮੀ : ਹੈਲੋ?

ਫ਼ੂਨ ਤੋਂ ਆਵਾਜ਼ : (ਰੋਅਬ ਵਾਲੀ ਆਵਾਜ਼ ਵਿੱਚ) ਹੈਲੋ.....

ਸਿੰਮੀ : ਸੜ ਜਾਏ ਤੇਰੀ ਹੈਲੋ।

ਫ਼ੂਨ ਤੋਂ ਆਵਾਜ਼ : ਸਨਮ ਨਾਲ ਗੱਲ ਕਰਾਇਓ, ਸਾਨੂੰ ਪਤੈ ਉਹ ਹੁਣੇ ਘਰ ਪਹੁੰਚੇ ਨੇ।

ਸਿੰਮੀ : (ਸਨਮ ਨੂੰ) ਕਰ ਲਉ ਗੱਲ।

ਫ਼ੂਨ ਤੋਂ ਹੌਲੀ ਜਿਹੀ ਆਵਾਜ਼ : ਦਰਵਾਜ਼ਾ ਬੰਦ ਕਰਦੇ, ਵੇਖ ਮੈਂ ਕਿਵੇਂ ਭਜਾਉਂਦਾ ਨਾਟਕਕਾਰ ਨੂੰ।

ਸਨਮ : ਹੈਲੋ, ਕੌਣ ਬੋਲ ਰਿਹੈ?

ਫ਼ੂਨ ਤੋਂ ਆਵਾਜ਼ : (ਹੱਸਦੇ ਹੋਏ) ਅਸੀਂ ਤਰਨਤਾਰਨ ਤੋਂ ਬੋਲ ਰਹੇ ਆਂ, ਅਸੀਂ ਇੱਕ ਪ੍ਰੋਗਰਾਮ ਕਰੌਣਾ ਚਾਹੁੰਦੇ ਆਂ।

ਸਨਮ : ਕਿਸ ਤਰ੍ਹਾਂ ਦਾ ਪ੍ਰੋਗਰਾਮ?

ਫ਼ੂਨ ਤੋਂ ਆਵਾਜ਼ : ਇਹੋ ਈ ਨਾਟਕ ਨੂਟਕ।

ਸਨਮ : ਨਾਟਕ ਨੂਟਕ? ਤੁਹਾਡੀ ਸੰਸਥਾ ਦਾ ਨਾਂ ਕੀ ਏ?

ਫ਼ੂਨ ਤੋਂ ਆਵਾਜ਼ : ਨਾਂ ਦਾ ਸਾਡੇ ਪ੍ਰਧਾਨ ਨੂੰ ਈ ਪਤੈ ਸਰ ਜੀ, ਕਿੰਨੇ ਪੈਸੇ ਲਉਗੇ ਨਾਟਕ ਖੇਡਣ ਦੇ?

ਸਨਮ : ਅਸੀਂ ਸਿਰਫ਼ ਪੈਸੇ ਦੀ ਖ਼ਾਤਰ ਨਾਟਕ ਨਹੀਂ ਖੇਡਦੇ, ਸਾਡਾ ਵੀ ਕੋਈ ਮਿਸ਼ਨ ਏ।

ਫ਼ੂਨ ਤੋਂ ਆਵਾਜ਼ : ਇੱਕ ਵਾਰ ਤੁਹਾਡਾ ਨਾਟਕ ਵੇਖਿਆ ਸੀ 'ਮਿੱਟੀ ਅਤੇ ਆਜ਼ਾਦੀ'। ਉਹਦੇ ਵਿੱਚ ਜਿਸ ਕੁੜੀ ਨੇ ਡੋਲੀ ਦਾ ਰੋਲ ਕੀਤਾ ਸੀ, ਉਸ ਕੁੜੀ ਨੇ ਸਾਰਿਆਂ ਨੂੰ ਮੋਹ ਲਿਆ ਸੀ, ਉਹਨੂੰ ਜ਼ਰੂਰ ਲੈ ਕੇ ਆਇਓ।

ਸਨਮ : ਤੁਸੀਂ ਫਿਰ ਉਸ ਕੁੜੀ ਕੋਲੋਂ ਪ੍ਰੋਗਰਾਮ ਕਰਵਾ ਲਉ। ਜਿਸ ਨੰਬਰ ਤੋਂ ਤੁਸੀਂ ਫ਼ੂਨ ਕਰ ਰਹੇ ਹੋ, ਇਹ ਤੁਹਾਡਾ ਏ?

ਫ਼ੂਨ ਤੋਂ ਆਵਾਜ਼ : ਆਹੋ ਜੀ, ਤੁਹਾਨੂੰ ਫ਼ੂਨ ਨੰਬਰ ਵੀ ਦਿਆਂਗੇ ਤੇ ਕੁੱਝ ਹੋਰ ਵੀ ਦਿਆਂਗੇ ਗਰਮਾ ਗਰਮ।

ਸਨਮ : (ਰਸੀਵਰ ਰੱਖਦਾ ਹੋਇਆ) ਬਦਮਾਸ਼...... ਕੁੱਤਾ।

ਸਿੰਮੀ : ਉਹ ਬਦਮਾਸ਼ ਸੀ? (ਸਾਹ ਲੈਂਦੀ ਹੋਈ ਮੈਨੂੰ ਪਾਣੀ ਪਿਲਾਓ।

ਮਹਿੰਦਰ : ਮਾਮਲਾ ਕੁੱਝ ਸੀਰੀਅਸ ਜ਼ਰੂਰ ਏ

ਸਿੰਮੀ : ਮੈਂ ਇਹਨਾਂ ਨੂੰ ਕਿਹਾ ਸੀ ਉਹ ਕੁੜੀ ਨਾ ਰੱਖੋ, ਇਹਦੇ ਲੱਛਣ ਚੰਗੇ ਨਹੀਂ ਲੱਗਦੇ.......

ਸਨਮ : ਹੋਰ ਕਿਹਨੂੰ ਰੱਖਦੇ?

ਮਹਿੰਦਰ : ਕਿਸੇ ਚੰਗੇ ਘਰ ਦੀ ਲੜਕੀ ਰੱਖ ਲੈਂਦੇ।

ਸਨਮ : ਅਪਣੇ ਆਪ ਨੂੰ ਚੰਗੇ ਘਰਾਂ ਦੇ ਕਹਿਣ ਵਾਲੇ ਲੋਕ ਨਹੀਂ ਚਾਹੁੰਦੇ ਕਿ ਉਹਨਾਂ ਦੀਆਂ ਲੜਕੀਆਂ ਸਟੇਜ 'ਤੇ ਚੜ੍ਹਣ ਵੀ। ਮੈਂ ਕਈ ਲੜਕੀਆਂ ਦੇ ਮਾਪਿਆਂ ਅੱਗੇ ਬਥੇਰੀ ਸਿਰ ਖਪਾਈ ਕੀਤੀ ਕਿ ਸਾਡੇ ਨਾਟਕ ਸਮਾਜ ਵਿਚਲੀਆਂ ਬੁਰਾਈਆਂ ਨੂੰ ਪੇਸ਼ ਕਰਦੇ ਨੇ। ਇੱਕ ਲੜਕੀ ਦੇ ਮਾਪਿਆਂ ਨੂੰ ਮਸਾਂ ਮਨਾਇਆ ਪਰ ਦੂਜੇ ਦਿਨ ਈ ਉਹਨਾਂ ਜਵਾਬ ਦੇ ਦਿੱਤਾ। ਕਹਿੰਦੇ—ਕੁੜੀ ਦਾ ਮਾਮਾ ਨਹੀਂ ਮੰਨਦਾ।

ਸਿੰਮੀ : ਚੰਗੀ ਕੁੜੀ ਨਹੀਂ ਸੀ ਲੱਭਦੀ ਤਾਂ ਨਾ ਰੱਖਦੇ ਐਸ ਬੇਸ਼ਰਮ ਰੋਜ਼ੀ ਨੂੰ।

ਸਨਮ : (ਸਿੰਮੀ ਨੂੰ) ਮੈਂ ਤਾਂ ਤੈਨੂੰ ਕਿਹਾ ਸੀ ਤੂੰ ਈ ਕਰ ਲਿਆ ਕਰ ਰੋਲ।

ਸਿੰਮੀ : ਮੈਂ ਕਿਉਂ ਪਵਾਂ ਇਸ ਕੰਜਰਖਾਨੇ ਵਿੱਚ?

ਸਨਮ : ਇਹ ਕੰਜਰਖਾਨਾ ਏ?



ਸਿੰਮੀ : ਹੋਰ ਕੀ।

ਮਹਿੰਦਰ : ਤੁਸੀਂ ਆਪਸ ਵਿੱਚ ਨਾ ਲੜੋ। ਆਉਣ ਵਾਲੇ ਖ਼ਤਰੇ ਦਾ ਸੋਚੋ ਕੀ ਕਰਨੈਂ। ਇਹ ਕੁੜੀ ਬਦਮਾਸ਼ਾਂ ਦੇ ਢਹੇ ਚੜ੍ਹੀ ਹੋਈ ਏ, ਬਦਮਾਸ਼ ਲੋਕ ਕਿਸੇ ਦੇ ਮਗਰ ਨਾ ਪੈ ਜਾਣ।

(ਸਨਮ ਸੋਚਾਂ ਵਿੱਚ ਡੁੱਬ ਜਾਂਦਾ ਹੈ)

ਕੀ ਸੋਚ ਰਿਹੈਂ ਯਾਰ?

ਸਨਮ : ਸੋਚ ਰਿਹਾਂ..........

ਸਿੰਮੀ : ਤੁਸੀਂ ਸੋਚੀ ਜਾਓ, ਮੈਂ ਤਾਂ ਸੋਨੂੰ ਨੂੰ ਲੈ ਕੇ ਚੱਲੀ ਆਂ ਪੇਕੇ, ਸੁੱਖ ਨਾਲ ਪੰਜ ਭਰਾ ਨੇ। ਇੱਕ-ਇੱਕ ਦਿਨ ਵੀ ਰਹੀ ਤਾਂ ਪੰਜ ਦਿਨ ਤਾਂ ਸੌਖੇ ਲੰਘ ਈ ਜਾਣਗੇ। ਚੱਲ ਸੋਨੂੰ, ਆਪਾਂ ਚੱਲੀਏ।

ਸੋਨੂੰ : ਡੈਡੀ ਨੂੰ ਵੀ ਨਾਲ ਈ ਲੈ ਚਲਣੇ ਆਂ।

ਸਿੰਮੀ : ਆਪੇ ਆ ਜਾਣਗੇ।

ਸਨਮ : ਠੀਕ ਏ ਤੁਸੀਂ ਜਾਓ, ਮੈਂ ਆਪੇ ਆ ਜਾਵਾਂਗਾ ਸਕੂਟਰ 'ਤੇ।

(ਸਿੰਮੀ ਅਤੇ ਸੋਨੂੰ ਚਲੇ ਜਾਂਦੇ ਹਨ)

ਯਾਰ, ਜਿੰਨਾ ਚਿਰ ਇਹ ਲੜਕੀ ਸਾਡੀ ਪਾਰਟੀ ਦੀ ਮੈਂਬਰ ਰਹੀ, ਇਹਨੇ ਨੱਕ 'ਚ ਦਮ ਕਰੀ ਰੱਖਿਆ ਮੇਰਾ। ਜਿਸ ਦਿਨ ਦੀ ਇਹਦੀ ਛਾਂਟੀ ਕੀਤੀ, ਮਨ ਨੂੰ ਕੁੱਝ ਰਾਹਤ ਮਿਲੀ। ਹੁਣ ਇਹਨੇ ਨਵਾਂ ਈ ਚੱਕਰ ਚਲਾਉਣਾ ਸ਼ੁਰੂ ਕਰ ਦਿੱਤੈ। ਮੈਨੂੰ ਉਹ ਦਿਨ ਨਹੀਂ ਭੁੱਲਦਾ ਜਦ ਰੋਜ਼ੀ ਤੇ ਇਹਦੀ ਮਾਂ ਵੀਰੋ ਲੜਾਕੀ ਨੇ ਮੇਰੇ ਗਲ ਵਿੱਚ ਗਫ਼ੂਆ ਈ ਪਾ ਛੱਡਿਐ।

ਮਹਿੰਦਰ : ਪੂਰੀ ਗੱਲ ਦੱਸ, ਇਹਨਾਂ ਹਰਾਮਜਾਦੀਆਂ ਨੇ ਕੀਤਾ ਕੀ?

ਸਨਮ : ਦੋ ਕੁ ਮਹੀਨੇ ਪਹਿਲਾਂ ਦੀ ਗੱਲ ਏ, ਮੈਂ ਇਸੇ ਥਾਂ ਬੈਠਾ ਸੀ...

## ਦ੍ਰਿਸ਼ ਦੂਜਾ

ਸਥਾਨ : ਸਨਮ ਦੇ ਘਰ ਦਾ ਵਰਾਂਡਾ। (ਸਨਮ ਕੁਰਸੀ 'ਤੇ ਬੈਠਾ ਅੱਗੇ ਪਏ ਮੇਜ਼ ਉੱਪਰ ਪਏ ਕਾਗਜ਼ 'ਤੇ ਲਿਖ ਰਿਹਾ ਹੈ)

ਸਨਮ : (ਆਪਣੇ ਆਪ ਨੂੰ) ਕਲ੍ਹ ਰਾਤ ਇੱਕ ਰੌਚਿਕ ਖ਼ਿਆਲ ਆਇਆ ਸੀ ਮਨ ਵਿੱਚ, ਇੱਕ ਦਮ ਨਵਾਂ। ਕੁੱਝ ਚੇਤਾ ਜਿਹਾ ਨਹੀਂ ਆ ਰਿਹੈ।

(ਵੀਰੋ ਲੜਾਕੀ ਬੇਸ਼ਰਮਾਂ ਵਾਂਗ ਹਾਸਾ ਹੱਸਦੀ ਆਉਂਦੀ ਹੈ)

ਵੀਰੋ : ਅਸੀਂ ਚੇਤੇ ਕਰਵਾ ਦਿੰਦੇ ਆਂ।

ਸਨਮ : (ਤ੍ਰਭਕੇ) ਕਾਹਦਾ?

ਵੀਰੋ : ਮਿਆਣੀ ਪਿੰਡ ਜਿਹੜਾ ਨਾਟਕ ਖੇਡਣਾ ਏ, ਸੋਚਦਾ ਹੋਵੇਂਗਾ ਪ੍ਰੋਗਰਾਮ ਤੋਂ ਕਿੰਨੀ ਕੁ ਮਾਇਆ ਹੋਵੇਗੀ ਤੇ ਰੋਜ਼ੀ ਨੂੰ ਕਿੰਨੇ ਕੁ ਪੈਸੇ ਦੇਣੇ ਪੈਣਗੇ?

ਸਨਮ : (ਪਰੇਸ਼ਾਨੀ ਵਿੱਚ) ਨਹੀਂ ਨਹੀਂ, ਐਸੀ ਕੋਈ ਗੱਲ ਨਹੀਂ। ਆਓ ਬੈਠੋ।

(ਕੋਲ ਪਈ ਕੁਰਸੀ ਵੱਲ ਇਸ਼ਾਰਾ ਕਰਦਾ ਹੈ)

ਵੀਰੋ : ਨਾ ਜੀ, ਸਾਨੂੰ ਕਿੱਥੇ ਜਾਚ ਏ ਕੁਰਸੀ 'ਤੇ ਬੈਠਣ ਦੀ। ਅਸੀਂ ਤਾਂ ਹੋਏ ਜੰਗਲੀ ਗੰਵਾਰ ਲੋਕ ਤੇ ਤੁਸੀਂ ਹੋਏ ਸਾਹਬ ਲੋਕ।

ਸਨਮ : ਨਹੀਂ ਜੀ, ਅਸੀਂ ਤੁਸੀਂ ਸਾਰੇ ਇੱਕੋ ਜਿਹੇ ਆਂ।

ਵੀਰੋ : ਨਾਲੇ ਜੇ ਅਸੀਂ ਕੁਰਸੀ 'ਤੇ ਬਹਿ ਵੀ ਜਾਈਏ ਤਾਂ ਸਾਨੂੰ ਕਿਹੜਾ ਅਕਲ ਆ ਜਾਏਗੀ, ਸਾਡੇ ਬੈਠਣ ਨਾਲ ਕੁਰਸੀ ਦੀ ਕਦਰ ਵੀ ਤਾਂ ਰਹਿਣੀ ਨਹੀਂ।

ਸਨਮ : ਇਸ ਦੁਨੀਆਂ ਵਿੱਚ ਬੜੇ ਬੜੇ ਨਲੈਕ ਬੰਦੇ ਚੰਗੀਆਂ ਚੰਗੀਆਂ ਕੁਰਸੀਆਂ 'ਤੇ ਬੈਠੇ ਨੇ। ਮੈਂ ਤਾਂ ਤੁਹਾਨੂੰ ਬਹੁਤ ਸਿਆਣੀ ਤੇ ਸੁਲਝੀ ਔਰਤ ਸਮਝਦਾਂ।

ਵੀਰੋ : ਮੈਂ ਸਿਆਣੀ? ਨਾ ਭਰਾਵਾ ਨਾ, ਅਸੀਂ ਤਾਂ ਮਾੜਾ ਮੋਟਾ ਬਕਵਾਸ ਕਰ ਲਈਦੈ।

ਸਨਮ : ਅਸੀਂ ਤਾਂ ਤੁਹਾਡੇ ਕੋਲੋਂ ਕਦੇ ਬਕਵਾਸਬਾਜ਼ੀ ਵਗੈਰਾ ਸੁਣੀ ਨਹੀਂ।

ਵੀਰੋ : ਹੁਣੇ ਤਾਂ ਤੁਹਾਡੇ ਨਾਲ ਵਾਹ ਪਿਐ, ਸੁਣ ਸੁਣ ਕੇ ਰੱਜ ਜਾਉਗੇ ਸਾਡੀ ਬਕਵਾਸਬਾਜ਼ੀ।

ਸਨਮ : (ਗੱਲ ਪਰਤਦਾ ਹੋਇਆ) ਆਉਣ ਦਾ ਕਸ਼ਟ ਕਿਵੇਂ ਕੀਤੈ?

ਵੀਰੋ : ਕਾਹਦਾ ਕਸ਼ਟ? ਅਸੀਂ ਕਿਹੜਾ ਕਾਰ ਕਰਵਾ ਕੇ ਇਥੇ ਤੱਕ ਪਹੁੰਚੇ ਆਂ।

ਸਨਮ : ਤੁਸੀਂ ਬੈਠੋ ਪਲੀਜ਼, ਮੈਂ ਚਾਹ ਬਣਾ ਕੇ ਲਿਆਇਆ।

ਵੀਰੋ : ਨਾ ਜੀ ਬੈਠੇ ਰਹੋ, ਤੁਹਾਡੀ ਕੰਡੇਦਾਰ ਚਾਹ ਪੀ ਲਈ ਤਾਂ



ਫਿਰ ਅਸੀਂ ਆਪਣੇ ਘਰ ਦੀ ਸੜੀ ਜਿਹੀ ਕਾਲੇ ਰੰਗ ਦੀ ਚਾਹ ਕਿਵੇਂ ਪਸੰਦ ਕਰਾਂਗੇ। ਚਾਹ ਨੂੰ ਛੱਡੋ ਜੀ, ਮੈਂ ਤਾਂ ਗੱਲ ਕਰਨ ਆਈ ਸੀ ਲੋਕਾਂ ਦੀ......

ਸਨਮ : ਕੀ ਕਹਿੰਦੇ ਨੇ ਲੋਕ?

ਵੀਰੋ : ਕਿਸੇ ਗਲੀ ਵਿੱਚੋਂ ਵੀ ਲੰਘਾਂ ਤਾਂ ਮੈਨੂੰ ਸੁਣਾ ਸੁਣਾ ਕਹਿੰਦੇ ਨੇ—'ਔਹ ਗਈ ਡੋਲੀ ਦੀ ਮਾਂ, ਉਹ ਗਈ ਡੋਲੀ ਦੀ ਮਾਂ।

ਸਨਮ : (ਹੈਰਾਨ ਹੋ ਕੇ) ਡੋਲੀ ਦੀ ਮਾਂ?

ਵੀਰੋ : ਭੁੱਲ ਗਏ ਅਪਣੇ ਨਾਟਕ ਨੂੰ, ਨਾਟਕ ਵਿੱਚ ਡੋਲੀ ਦਾ ਰੋਲ ਅਪਣੀ ਰੋਜ਼ੀ ਨੇ ਕੀਤਾ ਸੀ ਨਾ?

ਸਨਮ : ਹਾਂ ਹਾਂ, ਨਾਟਕ 'ਮਿੱਟੀ ਅਤੇ ਆਜ਼ਾਦੀ ਵਿੱਚ'।

ਵੀਰੋ : ਆਹੋ ਮਿੱਟੀ ਤੇ ਜਾਦੀ, ਚੰਗੀ ਮਿੱਟੀ ਲਾਈ ਸਾਨੂੰ ਇਸ ਨਾਟਕ ਨੇ ਕਿ ਸਾਡੀ 'ਜਾਦੀ' ਖਤਮ ਈ ਕਰਵਾ ਦਿੱਤੀ। ਹਰ ਕੋਈ ਲੁੰਡੀ ਬੁੱਚੀ ਮੈਨੂੰ ਸੁਣਾ ਸੁਣਾ ਕਹਿੰਦਾ ਏ ਡੋਲੀ ਦੀ ਮਾਂ।

ਸਨਮ : ਲੋਕਾਂ ਦੀ ਮੱਤ ਮਾਰੀ ਗਈ ਏ। ਇਹਨਾਂ ਨੂੰ ਬਾਕੀ ਸਾਰਾ ਨਾਟਕ ਭੁੱਲ ਗਿਆ ਤੇ ਰਹਿ ਗਈ ਯਾਦ ਸਿਰਫ਼ ਡੋਲੀ ਹੀ। ਸੰਨ ਸੰਤਾਲੀ ਵੇਲੇ ਦਾ ਖ਼ੂਨ ਖਰਾਬਾ ਵਿਖਾਇਆ ਗਿਆ ਸੀ ਨਾਟਕ ਵਿੱਚ। ਕੀ ਮਾੜਾ ਸੀ ਨਾਟਕ ਵਿੱਚ?

ਵੀਰੋ : ਨਾਟਕ ਵਿੱਚ ਤਾਂ ਸਿੱਖਿਆ ਬੜੀ ਸੀ ਪਰ ਲੋਕ ਕਲੈਹਣੇ ਨਹੀਂ ਨਾ ਸਮਝਦੇ। ਉਹ ਤਾਂ ਇਹੋ ਭੌਂਕਦੇ ਪਏ ਨੇ ਫਲਾਣੇ ਦੀ ਕੁੜੀ ਨੇ ਨਾਟਕ ਵਿੱਚ ਘੱਗਰਾ ਪਾਇਆ ਸੀ। ਤੁਸੀਂ ਤਾਂ ਨਾਟਕ ਖਿਡਾ ਕੇ ਬਹਿ ਗਏ ਅੰਦਰ ਰਮਾਣ ਨਾਲ। ਅਸੀਂ ਕਿਹਦੇ ਕਿਹਦੇ ਨਾਲ ਮੱਥਾ ਮਾਰੀਏ?

ਸਨਮ : ਲੋਕ ਦੋ ਚਾਰ ਦਿਨ ਜਬਾਨ ਚਲਾ ਕੇ ਆਪੇ ਚੁੱਪ ਹੋ ਜਾਣਗੇ।

ਵੀਰੋ : ਲੋਕ ਜਾਂਦੇ ਨੇ ਬੁਰੇ ਦੇ ਘਰ ਤੱਕ। ਚੋਭਰਾਂ ਦੀ ਬਿੱਲੋ ਡਰਾਮਿਆਂ ਵਿੱਚ ਕੰਮ ਕਰਦੀ ਰਹੀ, ਫਿਰ ਟੀ.ਵੀ. 'ਤੇ ਵੀ ਆਈ। ਆਪਣੀ ਜਾਤ ਦੇ ਕਿਸੇ ਮੁੰਡੇ ਨੇ ਉਹਦੇ ਨਾਲ ਵਿਆਹ ਨਾ ਕਰਾਇਆ।

ਸਨਮ : ਇਹ ਸੱਚ ਨਹੀਂ। ਅਸਲ ਵਿੱਚ ਬਿੱਲੋ ਨੇ ਆਪਣੀ ਮਰਜ਼ੀ ਨਾਲ ਜਾਤੋਂ ਬਾਹਰ ਕਿਸੇ ਫ਼ਿਲਮ ਐਕਟਰ ਨਾਲ ਵਿਆਹ

ਕਰਾ ਲਿਐ। ਅਪਣੀ ਜਾਤ ਦੇ ਬਥੇਰੇ ਮੁੰਡੇ ਉਹਦੇ ਨਾਲ ਵਿਆਹ ਕਰਾਉਣ ਨੂੰ ਤਿਆਰ ਸੀ।

ਵੀਰੋ : ਕਿਹੜਾ ਕੁੱਤਾ ਉਹਦੇ ਨਾਲ ਲਾਵਾਂ ਲੈਂਦੈ? ਉਸ ਖੱਟਿਆ ਕੀ? ਪੱਲੇ ਪਾ ਲਈ ਬਦਨਾਮੀ ਤੇ ਮਾਂ ਪਿਓ ਘਰੋਂ ਬਾਹਰ ਨਹੀਂ ਨਿਕਲਦੇ। ਨਿਕਲਣ ਵੀ ਕਿਹੜੇ ਮੂੰਹ ਨਾਲ? ਹੁਣ ਤਾਂ ਵਿਚਾਰੇ ਇੱਕੋ ਵਾਰੀ ਨਿਕਲਣਗੇ ਜਾਂਦੀ ਵਾਰ ਫੱਟੇ 'ਤੇ ਪੈ ਕੇ।

(ਸਨਮ ਚੁੱਪ ਰਹਿਣ ਵਿੱਚ ਈ ਬਿਹਤਰੀ ਸਮਝਦਾ ਹੈ)

ਨੀਵੀਂ ਪਾ ਲਈ ਏ? ਸਨਮ, ਨਾਟਕ ਖੇਡਣ ਮੈਂ ਰੋਜੀ ਨੂੰ ਘੱਲ ਦਿਆ ਕਰਾਂਗੀ ਪਰ ਸਾਡੀ ਵੀ ਇੱਕ ਸ਼ਰਤ ਏ......

ਸਨਮ : ਕਿਹੜੀ ਸ਼ਰਤ ?

ਵੀਰੋ : ਵੇਖ, ਤੇਰੇ ਬਾਕੀ ਕਲਾਕਾਰ ਤਾਂ ਮੁੰਡੇ ਨੇ। ਕਿਸੇ ਨੇ ਸ਼ਰਾਰਤ ਕਰ ਤੀ ਤਾਂ ਉਹਨਾਂ ਦਾ ਜਾਣਾ ਕੱਖ ਨਹੀਂ ਤੇ ਸਾਡਾ ਰਹਿਣਾ ਕੱਖ ਨਹੀਂ। ਮੇਰੀ ਸ਼ਰਤ ਇਹੋ ਏ ਬਈ ਜੇ ਇੱਕ ਮੁੰਡੇ ਨੂੰ ਨਾਟਕ ਖੇਡਣ ਦਾ ਦੋ ਸੌ ਮਿਲੇਗਾ ਤਾਂ ਰੋਜੀ ਲਵੇਗੀ ਪੰਜ ਸੌ।

ਸਨਮ : (ਥੋੜ੍ਹਾ ਸੋਚ ਕੇ) ਮੈਂ ਪੰਜ ਸੌ ਦੇ ਦਿਆ ਕਰਾਂਗਾ।

ਵੀਰੋ : ਤੁਹਾਨੂੰ ਇੱਕ ਛੋਟੀ ਜਿਹੀ ਤਕਲੀਫ਼ ਦੇਣ ਆਈ ਆਂ। ਅਪਣਾ ਦੀਪੂ ਬੜਾ ਬਿਮਾਰ ਏ, ਕਲ੍ਹ ਮਰ ਜਾਣੇ ਡਾਕਟਰ ਨੇ ਇੱਕ ਟੀਕਾ ਲਾਇਆ ਤੇ ਚਾਰ ਖੁਰਾਕਾਂ ਦੇ ਕੇ ਮੂੰਹ ਅੱਡ ਕੇ ਕਹਿੰਦਾ—ਇੱਕ ਸੌ ਦਸ ਰੁਪਏ। ਰੱਬਾ! ਇਸ ਕੁਲਹਿਣੇ ਡਾਕਟਰ ਦਾ ਹਸਪਤਾਲ ਈ ਫੇਲ੍ਹ ਹੋ ਜਾਏ। ਮੁੰਡਾ ਅਜੇ ਵੀ ਮੱਛੀ ਵਾਂਗੂੰ ਤੜਫਦਾ ਪਿਐ, ਉਹਨੂੰ ਲਿਜਾਣੈਂ ਜਲੰਧਰ ਤੇ ਤੁਹਾਡੇ ਕੋਲੋਂ ਲੈਣ ਆਈ ਆਂ ਦੋ ਸੌ ਰੁਪਏ।

ਸਨਮ : (ਬਟੂਆ ਕੱਢਦਾ ਹੋਇਆ) ਆਹ ਦੋ ਸੌ ਰੱਖੇ ਤਾਂ ਮੈਂ ਕਿਸੇ ਹੋਰ ਕੰਮ ਲਏ ਸੀ, ਪਰ ਚਲੋ ਤੁਹਾਡੀ ਲੋੜ ਪੂਰੀ ਹੋ ਗਈ।

(ਸਨਮ ਦੋ ਸੌ ਰੁਪਏ ਵੀਰੋ ਨੂੰ ਦਿੰਦਾ ਹੈ)

ਵੀਰੋ : ਚੰਗਾ ਜੀ ਸਾਸਰੀ ਕਾਲ। (ਹੱਸਦੀ ਹੋਈ ਚਲੀ ਜਾਂਦੀ ਹੈ)

ਸਨਮ : ਸਤਿ ਸ੍ਰੀ ਅਕਾਲ। ਸਟੂਪਿਡ ਪਹਿਲੇ ਦਰਜੇ ਦੀ। ਇੱਕ ਪਾਸੇ



ਮੁੰਡਾ ਬਿਮਾਰ ਦੱਸਦੀ ਏ ਤੇ ਦੂਜੇ ਪਾਸੇ ਦੰਦ ਕੱਢਦੀ ਪਈ ਏ। ਕੁੱਝ ਲਿਖਣ ਵਾਸਤੇ ਯਾਦ ਆਇਆ ਸੀ, ਇਸ ਚੁੜੇਲ ਦੇ ਆਉਂਦੇ ਸਭ ਕੁੱਝ ਆਟਾ ਦਲੀਆ ਹੋ ਗਿਐ।

(ਰੋਜੀ ਆਉਂਦੀ ਹੈ)

ਰੋਜੀ : ਹੈਲੋ ਸਰ ਜੀ।

ਸਨਮ : ਹੈਲੋ, ਮੰਮੀ ਨੂੰ ਵੇਖਣ ਆਈ ਹੋਵੇਂਗੀ?

ਰੋਜੀ : ਮੈਂ ਤਾਂ ਤੁਹਾਨੂੰ ਵੇਖਣ ਆਈ ਹਾਂ। ਮੈਂ ਬੜੇ ਜ਼ਰੂਰੀ ਕੰਮ ਆਈ ਹਾਂ....... ਮੇਰੀ ਵੱਡੀ ਭੈਣ ਏ ਨਾ ਬਬਲੀ? ਉਹਦਾ ਕੰਮ ਬਣਦਾ ਪਿਐ ਪੁਲਿਸ ਵਿੱਚ, ਉੱਚੀ ਲੰਮੀ ਜਵਾਨ ਏ। ਪਰਸੋਂ ਮੁਹੱਲੇ ਵਿੱਚ ਸਾਡਾ ਸ਼ੰਕਰ ਸਿੰਘ ਨਾਲ ਝਗੜਾ ਹੋ ਗਿਆ। ਬਬਲੀ ਨੇ ਫੜ੍ਹ ਕੇ ਡਾਂਗ ਸ਼ੰਕਰ ਸਿੰਘ ਦੇ ਪਾਸੇ ਸੇਕ ਦਿੱਤੇ।

ਸਨਮ : ਸ਼ੰਕਰ ਸਿੰਘ ਤਾਂ ਬੜਾ ਭਲਾ ਲੋਕ ਏ।

ਰੋਜੀ : ਉਪਰੋਂ ਬੀਬੀ ਦਾਹੜੀ ਤੇ ਵਿੱਚੋਂ ਕਾਲਾ ਕਾਂ ਵੇ ਸ਼ੰਕਰ ਸਿੰਘ। ਕੰਜਰ ਰੋਜ ਜਣੇ ਖਣੇ ਕੋਲ ਬਾਂ ਬਾਂ ਕਰਦਾ ਸੀ—'ਵੀਰੋ ਬਦਮਾਸ਼ ਔਰਤ ਏ'। ਬਬਲੀ ਨੇ ਉਹਦੀ ਬੋਲਤੀ ਬੰਦ ਕਰਤੀ। ਇਵੇਂ ਦੀ ਲੜਕੀ ਪੁਲਿਸ ਵਿੱਚ ਤਾਂ ਚਾਹੀਦੀ ਏ ਨਾ?

ਸਨਮ : ਇਹ ਤੁਹਾਡੇ ਘਰ ਦਾ ਮਸਲਾ ਏ। ਉਹਨੂੰ ਭਾਵੇਂ ਪੁਲਿਸ ਵਿੱਚ ਭਰਤੀ ਕਰਾਓ ਜਾਂ ਫ਼ੌਜ ਵਿੱਚ।

ਰੋਜੀ : ਇੱਕ ਬੰਦਾ ਕਰੌਂਦਾ ਏ ਬਬਲੀ ਨੂੰ ਪੁਲਿਸ ਵਿੱਚ ਭਰਤੀ। ਚਾਲੀ ਹਜ਼ਾਰ ਵਿੱਚ ਗੱਲ ਮੁੱਕ ਗਈ ਏ। ਵੀਹ ਹਜ਼ਾਰ ਤਾਂ ਆਪਾਂ 'ਕੱਠਾ ਕਰ ਲਿਐ ਪਰ ਬਾਕੀ ਦੇ ਵੀਹ ਹਜ਼ਾਰ..... ਸਾਡੀ ਦੌੜ ਤੁਹਾਡੇ ਤੱਕ ਹੀ ਏ।

ਸਨਮ : ਮੇਰੇ ਪਾਸ ਤਾਂ ਇੱਕ ਹਜ਼ਾਰ ਵੀ ਨਹੀਂ।

ਰੋਜੀ : ਕੀ ਲੈ ਕੇ ਬੈਠੇ ਹੋ ਤੁਸੀਂ?

ਸਨਮ : ਮੈਂ ਅਜੇ ਪਿਛਲੇ ਮਹੀਨੇ ਕਿਤਾਬ ਛਪਵਾਈ ਏ, ਮੈਂ ਤਾਂ ਆਪ ਯਾਰਾਂ ਦੋਸਤਾਂ ਦਾ ਤਰਲਾ ਮਾਰ ਕੇ ਪੈਸੇ ਇਕੱਠੇ ਕੀਤੇ।

ਰੋਜੀ : ਕਿਤਾਬਾਂ ਵਿਕਣ ਨਾਲ ਆਮਦਨ ਵੀ ਤਾਂ ਹੋਏਗੀ ਹੀ।

ਸਨਮ : ਇਹ ਪੈਸੇ ਦਾ ਸੌਦਾ ਨਹੀਂ, ਘਰ ਫੂਕ ਤਮਾਸ਼ਾ ਵੇਖਣ ਵਾਲੀ ਗੱਲ ਏ।

ਰੋਜ਼ੀ : ਤੇ ਮੈਂ ਕਿਹੜੇ ਮੂੰਹ ਨਾਲ ਘਰ ਜਾਵਾਂ? ਦੀਦੀ ਨੇ ਮੈਨੂੰ ਝਿੜਕਾਂ ਮਾਰਨੀਆਂ ਨੇ, ਕੀ ਪਤੈ ਮੈਨੂੰ ਘਰ ਦੇ ਨਾਟਕਾਂ ਵਿੱਚ ਕੰਮ ਕਰਨ ਦੇਣ ਜਾਂ ਨਾ।

(ਗੁੱਸੇ ਨਾਲ ਤੇਜ਼ ਤੇਜ਼ ਕਦਮੀਂ ਚਲੀ ਜਾਂਦੀ ਹੈ)

## ਦ੍ਰਿਸ਼ ਤੀਜਾ

ਸਥਾਨ : ਨਾਟਕ ਖੇਡਣ ਵਾਲੀ ਸਟੇਜ।

(ਦੋ ਕਲਾਕਾਰ ਬਿੱਟੂ ਅਤੇ ਦੀਪਕ ਸਟੇਜ 'ਤੇ ਖੜ੍ਹੇ ਹਨ, ਕੋਲ ਹੀ ਸਾਊਂਡ ਵਾਲਾ ਆਦਮੀ ਪਰਦੇਸੀ ਸਟੇਜ 'ਤੇ ਕੈਚਰ ਲਾ ਰਿਹਾ ਹੈ)

ਬਿੱਟੂ : ਇਹਨਾਂ ਨਾਟਕਾਂ ਦਾ ਕੀ ਕਰਨੈਂ?

ਦੀਪਕ : ਕੀ ਦਿੰਦੇ ਨੇ ਨਾਟਕ? ਇੱਕ ਪ੍ਰੋਗਰਾਮ ਦਾ ਦੋ ਤਿੰਨ ਸੌ ਹੀ ਮਿਲਦੈ, ਇਹਦੇ ਨਾਲੋਂ ਤਾਂ ਕਿਸੇ ਸਿੰਗਰ ਨਾਲ ਕਮਪੇਰਿੰਗ ਕਰਨ ਲੱਗ ਜਾਂਦੇ, ਪੰਜ ਸੱਤ ਸੌ ਤਾਂ ਵੱਟ 'ਤੇ ਪਿਆ ਹੁੰਦਾ ਤੇ ਨਾਲੇ ਛਕਦੇ ਮੀਟ ਸ਼ਰਾਬਾਂ।

ਬਿੱਟੂ : ਕਿਸੇ ਸਿੰਗਰ ਨਾਲ ਨੋਟ 'ਕੱਠੇ ਕਰਨ 'ਤੇ ਲੱਗ ਜਾਂਦੇ ਤਾਂ ਵੀ ਤਿੰਨ ਚਾਰ ਸੌ ਤਾਂ ਪੱਕਾ ਹੁੰਦਾ, ਨਾਲੇ ਖੜਕਦੀ ਗਲਾਸੀ ਤੇ ਗਲਾਸੀ।

ਦੀਪਕ : ਇੱਥੇ ਤਾਂ ਕਿਸੇ ਚਾਹ ਦਾ ਕੱਪ ਨਹੀਂ ਪੁੱਛਣਾ।

ਪਰਦੇਸੀ : ਯਾਰ ਕਲਾ ਨਾਲ ਪਿਆਰ ਕਰਨਾ ਚਾਹੀਦੈ, ਪੈਸਾ ਤਾਂ ਆਉਂਦਾ ਜਾਂਦਾ ਏ।

ਬਿੱਟੂ : (ਪਰਦੇਸੀ ਨੂੰ) ਤੂੰ ਕੈਚਰ ਬੰਨ੍ਹੀ ਜਾ, ਕਿੰਨਾ ਕੁ ਕੈਚ ਕਰਦੈਂ ਤੂੰ ਇੱਕ ਪ੍ਰੋਗਰਾਮ ਦਾ?

ਪਰਦੇਸੀ : ਜੋ ਮਿਲਦੈ ਸਤਨਾਮ ਵਾਹਿਗੁਰੂ ਕਰਕੇ ਲੈ ਲਈਦੈ। ਇੱਜ਼ਤ ਦਾ ਇੰਨਾ ਈ ਬਹੁਤ ਕੁੱਝ ਏ।

(ਸਨਮ ਆਉਂਦਾ ਹੈ)

ਸਨਮ : ਕਿਉਂ ਪਰਦੇਸੀ, ਕੈਚਰ ਚੈੱਕ ਕਰ ਲਏ?

ਪਰਦੇਸੀ : ਟਣਾ ਟਣ ਵਾਜ ਖਿੱਚਣਗੇ। ਸਰ ਜੀ, ਮੈਨੂੰ ਪਤਾ ਲੱਗੈ ਗੁਰਦੁਆਰੇ ਤੋਂ ਕਿਸੇ ਨੇ ਅਨਾਊਂਸਮੈਂਟ ਕਰਵਾ ਦਿੱਤੀ ਕਿ ਨਾਟਕਾਂ ਦਾ ਪ੍ਰੋਗਰਾਮ ਕੈਂਸਲ ਹੋ ਗਿਐ?



ਸਨਮ : ਧੀਰਾ ਤੇ ਉਹਦਾ ਇੱਕ ਸਾਥੀ ਸ਼ਰਾਰਤ ਕਰ ਗਏ ਨੇ। ਮੈਨੂੰ ਦੁਬਾਰਾ ਅਨਾਊਂਸਮੈਂਟ ਕਰਵਾਉਣੀ ਪਈ ਏ। ਪਤਾ ਨਹੀਂ ਮੇਰੀਆਂ ਬੇੜੀਆਂ 'ਚ ਵੱਟੇ ਪਾ ਕੇ ਕੀ ਮਿਲਦੈ ਉਹਨੂੰ।

ਬਿੱਟੂ : ਸਰ ਜੀ, ਸਾਡੀ ਵੀ ਇੱਕ ਸ਼ਰਤ ਏ।

ਸਨਮ : ਕਿਹੜੀ ਸ਼ਰਤ?

ਬਿੱਟੂ : ਸਾਨੂੰ ਦੋਵਾਂ ਨੂੰ ਇੱਕ ਪ੍ਰੋਗਰਾਮ ਦਾ ਪੰਜ-ਪੰਜ ਸੌ ਦੇ ਸਕਦੇ ਹੋ ਤਾਂ ਨਾਟਕ ਖੇਡ੍ਹਾਂਗੇ, ਨਹੀਂ ਤਾਂ.......

ਸਨਮ : ਯਾਰ ਤੁਸੀਂ ਆਪ ਕੰਮ ਚਲਾ ਕੇ ਵੇਖੋ। ਆਮਦਨ ਵੀ ਰੱਖੋ, ਖ਼ਰਚ ਵੀ ਕਰੋ ਤੇ ਆਪਸ ਵਿੱਚ ਵੰਡ ਵੀ ਕਰ ਲਉ।

ਦੀਪਕ : ਸਰ ਜੀ, ਅਸੀਂ ਪੰਜ-ਪੰਜ ਸੌ ਤੋਂ ਘੱਟ ਨਹੀਂ ਲੈਣਾ, ਜੇ ਦਿਉਗੇ ਤਾਂ ਆਹ ਪ੍ਰੋਗਰਾਮ ਕਰਾਂਗੇ ਨਹੀਂ ਤਾਂ ਔਹ ਜਾਂਦੈ ਸਾਡਾ ਰਾਹ।

ਸਨਮ : (ਬੇਚੈਨੀ ਵਿੱਚ) ਦੇ ਦਿਆਂਗਾ ਯਾਰ, ਮੈਨੂੰ ਪੱਲਿਓਂ ਨਾ ਦੇਣਾ ਪਵੇ। ਉਧਰ ਕਰਤਾਰਪੁਰ ਦੇ ਕਲਾਕਾਰ ਅਜੇ ਵੀ ਨਹੀਂ ਪਹੁੰਚੇ....... ਮੈਂ ਫ਼ੂਨ ਕਰਕੇ ਆਇਆ।

(ਸਨਮ ਕਾਹਲੀ ਨਾਲ ਚਲਾ ਜਾਂਦਾ ਹੈ)

ਬਿੱਟੂ : ਸਾਡੇ ਹੱਕ, ਇਥੇ ਰੱਖ। ਇਵੇਂ ਮਿਲਦੈ.......

(ਪਿੱਛੋਂ ਧੀਰੇ ਦੀ ਆਵਾਜ਼ : ਆਪਣਾ ਹੱਕ)

(ਧੀਰਾ ਆਉਂਦਾ ਹੈ, ਜਿਸ ਨੂੰ ਬਿੱਟੂ ਤੇ ਦੀਪਕ ਮੱਥਾ ਟੇਕਦੇ ਹਨ)

ਧੀਰਾ : ਜੀਓ ਹਜ਼ਾਰਾਂ ਸਾਲ, ਤੁਹਾਡਾ ਦੋਵਾਂ ਦਾ ਬੰਦੋਬਸਤ ਮੈਂ ਕਰ ਦਿੱਤੈ ਦੋ ਸਿੰਗਰਾਂ ਨਾਲ। ਸਨਮ ਦਾ ਮੂੰਹ ਵੇਖਿਆ? ਮੂੰਹ ਤੇ ਸ਼ਨੀ ਦਾ ਗ੍ਰਹਿ ਘੁੰਮਦਾ ਪਿਐ! ਤੁਸੀਂ ਸਨਮ ਦੇ ਸਲਾਨਾ ਪ੍ਰੋਗਰਾਮ 'ਚ ਕੰਮ ਨਹੀਂ ਕਰਨਾ, ਮੈਂ ਤੁਹਾਨੂੰ ਲਿਸ਼ਕਾਰਾ ਪ੍ਰੋਗਰਾਮ ਤੱਕ ਲੈ ਕੇ ਜਾਵਾਂਗਾ।

ਦੀਪਕ : ਅੱਜ ਮਿਲਿਐ ਸਾਨੂੰ ਕਲਾ ਦਾ ਦੇਵਤਾ। ਕਿਉਂ ਬਿੱਟੂ?

ਬਿੱਟੂ : ਇਹਨੂੰ ਕਹਿੰਦੇ ਨੇ ਕਿਸਮਤ, ਮਾਰ ਦਿੱਤੈ ਸਾਨੂੰ ਰਿਹਰਸਲਾਂ ਕਰਵਾ ਕਰਵਾ ਕੇ ਵੱਡੇ ਨਾਟਕਕਾਰ ਨੇ। ਸਲਾਨਾ ਪ੍ਰੋਗਰਾਮ ਵਿੱਚ ਅਸੀਂ ਤਾਂ ਨਾਟਕ ਨਹੀਂ ਕਰਦੇ ਤੇ ਇੰਨੀ ਜਲਦੀ ਉਹਦੇ ਤੋਂ ਨਵੇਂ ਕਲਾਕਾਰ ਤਿਆਰ ਨਹੀਂ ਹੋਣੇ।

ਧੀਰਾ : ਸ਼ਾਵਾ ਜਵਾਨੋ, ਮੈਂ ਚਲਦਾਂ। ਸਨਮ ਆ ਗਿਆ ਤਾਂ ਮੇਰੇ ਤਾਂ ਸਿੰਗ ਫਸਣਗੇ ਹੀ ਤੇ ਤੁਹਾਡਾ ਪੰਜ ਪੰਜ ਸੌ ਦਾ ਨੁਕਸਾਨ ਵੀ ਹੋ ਕੇ ਰਹੇਗਾ।

ਦੀਪਕ : ਧੀਰੇ ਸਰ ਨੂੰ ਸਾਡਾ ਕਿੰਨਾ ਖ਼ਿਆਲ ਏ। (ਧੀਰਾ ਚਲਾ ਜਾਂਦਾ ਹੈ)

ਬਿੱਟੂ : ਅਸੀਂ ਧੀਰੇ ਸਰ ਦੀ ਡੋਰ ਫੜ੍ਹ ਕੇ ਰੱਖਾਂਗੇ। ਕੀ ਪਤੈ ਕਿਧਰ ਦਾ ਚਾਂਸ ਲੱਗ ਜਾਏ।

(ਸਨਮ ਆਉਂਦਾ ਹੈ ਜੋ ਪੂਰੀ ਤਰ੍ਹਾਂ ਘਬਰਾਇਆ ਹੋਇਆ ਹੈ)

ਪਰਦੇਸੀ : ਹਾਂ ਸਰ, ਸੁੱਖ ਏ ਨਾ?

ਸਨਮ : ਸੁੱਖ ਕਿਥੇ ਪਰਦੇਸੀ। ਕਿਸੇ ਨੇ ਕਰਤਾਰਪੁਰ ਵਾਲੇ ਕਲਾਕਾਰਾਂ ਨੂੰ ਫ਼ੂਨ 'ਤੇ ਕਹਿ ਦਿੱਤੈ ਬਈ ਪ੍ਰੋਗਰਾਮ ਕੈਂਸਲ ਹੋ ਗਿਐ। ਉਹ ਤਾਂ ਚੱਲੇ ਵੀ ਨਹੀਂ, ਉਹਨਾਂ ਦੱਸਿਐ ਫ਼ੂਨ ਕਰਨ ਵਾਲਾ ਅਪਣੇ ਆਪ ਨੂੰ ਪ੍ਰੋਗਰਾਮ ਦਾ ਪ੍ਰਬੰਧਕ ਦੱਸਦਾ ਸੀ।

ਪਰਦੇਸੀ : ਹਰਾਮੀ ਧੀਰੇ ਨੇ ਫ਼ੂਨ ਕੀਤਾ ਹੋਵੇਗਾ, ਚਾਰੇ ਪਾਸੇ ਅੱਗ ਲਾਈ ਫਿਰਦੈ ਕੁੱਤਾ। ਅੱਗ ਲਾ ਕੇ ਚੜ੍ਹ ਜਾਂਦੈ ਰੂੜੀ 'ਤੇ। ਹੁਣੇ ਈ ਇਥੋਂ ਹੋ ਕੇ ਗਿਐ, ਇਹਨਾਂ ਦੋਵਾਂ ਨੂੰ ਸਬਜ ਬਾਗ ਵਿਖਾ ਰਿਹਾ ਸੀ।

ਦੀਪਕ : ਸਾਨੂੰ ਤਾਂ ਕੁੱਝ ਨਹੀਂ ਕਿਹਾ ਧੀਰੇ ਸਰ ਨੇ।

ਸਨਮ : (ਆਪਣੇ ਆਪ ਨਾਲ) ਹੁਣ ਕੀ ਹੋਵੇਗਾ? ਬਿੱਟੂ ਤੇ ਦੀਪਕ ਦੋ ਜਣੇ ਆਹ, ਤੀਜਾ ਸ਼ਿੰਦਾ ਤੇ ਚੌਥਾ ਮੈਂ........ ਨਾਟਕ ਛੋਟਾ ਕਰਕੇ ਖੇਡ ਸਕਾਂਗੇ.......

ਪਰਦੇਸੀ : ਤੇ ਬਿੱਲਾ ਕਿੱਥੇ ਗਿਐ?

ਸਨਮ : ਕਲ੍ਹ ਸ਼ਾਮ ਉਹਦੇ ਘਰ ਫ਼ੂਨ ਕੀਤਾ ਤਾਂ ਪਤਾ ਲੱਗਾ ਉਹਦੀ ਫਲਾਈਟ ਏ ਕਨੇਡਾ ਦੀ। ਉਹਦੇ ਪਿਉ ਨੇ ਬੜੀ ਭੈੜੀ ਜਿਹੀ ਭਾਸ਼ਾ ਵਿੱਚ ਕਿਹਾ—'ਮੁੰਡੇ ਨੂੰ ਕੰਮ 'ਤੇ ਵੀ ਤਾਂ ਲਾਉਣਾ ਏ ਕਿ ਸਾਰੀ ਜ਼ਿੰਦਗੀ ਨਾਟਕ ਹੀ ਖੇਡੀ ਜਾਣੇ ਨੇ।' ਮੈਂ ਬੜੀ ਮੇਹਨਤ ਕਰਵਾ ਕੇ ਉਹਨੂੰ ਚੰਗਾ ਕਲਾਕਾਰ ਬਣਾਇਆ ਸੀ.......

ਪਰਦੇਸੀ : ਰੋਜੀ ਨਹੀਂ ਆਈ?



ਸਨਮ : ਉਹਨੂੰ ਕੱਢ ਦਿੱਤੈ ਮੰਚ ਵਿੱਚੋਂ, ਕਲ੍ਹ ਈ ਪੁਲਿਸ ਨੇ ਫੜ੍ਹ ਲਿਐ ਉਹਨੂੰ ਦੋ ਤਿੰਨ ਸਾਥੀਆਂ ਨਾਲ.....

ਬਿੱਟੂ : ਦੱਸੋ ਸਰ, ਕਿਹੜਾ ਨਾਟਕ ਖੇਡਣੈਂ?

ਸਨਮ : ਅਸੀਂ ਤਿੰਨ ਚਾਰ ਜਣੇ ਕਿਹੜਾ ਨਾਟਕ ਖੇਡ ਸਕਦੇ ਹਾਂ? ਪ੍ਰਬੰਧਕਾਂ ਨੂੰ ਕਹਿ ਦਿਆਂਗੇ ਗੁਰਦੁਆਰੇ ਤੋਂ ਜਿਹੜੀ ਅਨਾਊਂਸਮੈਂਟ ਪਹਿਲਾਂ ਕੀਤੀ ਗਈ ਸੀ ਪ੍ਰੋਗਰਾਮ ਕੈਂਸਲ ਹੋਣ ਦੀ, ਉਹਦੇ ਕਰਕੇ ਸਾਡੇ ਕੁੱਝ ਕਲਾਕਾਰ ਚਲੇ ਗਏ।

ਪਰਦੇਸੀ : ਫੇਰ ਪੁੱਟੀਏ ਸਾਰਾ ਜੁਗਾੜ ਸਾਊਂਡ ਦਾ।

ਸਨਮ : ਨਹੀਂ, ਅੱਜ ਮੈਂ ਇਕੱਲਾ ਈ ਨਾਟਕ ਖੇਡਾਂਗਾ—ਇੱਕ ਪਾਤਰੀ ਨਾਟਕ। ਸ਼ਿੰਦਾ ਆਪਣੇ ਕਮੇਡੀ ਗੀਤ ਪੇਸ਼ ਕਰੇਗਾ ਤੇ ਮੈਂ ਇੱਕ ਕਾਵਿਕ ਨਾਟਕ ਹਾਸਰਸ ਦੀਆਂ ਕਵਿਤਾਵਾਂ ਵਰਗਾ ਪੇਸ਼ ਕਰਾਂਗਾ, ਬਾਈ ਸੜਿਆਂ ਦਾ ਨਾਟਕ ਏ।

ਦੀਪਕ : ਸਾਡੀ ਲੋੜ?

ਸਨਮ : ਅੱਜ ਨਹੀਂ।

ਦੀਪਕ : ਸਾਡਾ ਪੰਜ ਸੌ?

ਸਨਮ : ਜਦ ਨਾਟਕ ਕਰੋਗੇ ਤਾਂ ਪੰਜ-ਪੰਜ ਸੌ ਵੀ ਮਿਲਜੇਗਾ।

ਬਿੱਟੂ : (ਚਿਤਾਵਨੀ ਦਿੰਦਾ ਹੋਇਆ) ਆਹ ਫੜ੍ਹੋ ਸਾਡਾ ਅਸਤੀਫ਼ਾ, ਦੀਪਕ ਲਿਖ ਦੇ ਤੂੰ ਵੀ।

(ਦੀਪਕ ਨੂੰ ਕਾਗਜ਼ ਫੜਾਉਂਦਾ ਹੈ, ਬਿੱਟੂ ਅਤੇ ਦੀਪਕ ਕਾਗਜ਼ 'ਤੇ ਇੱਕ-ਇੱਕ ਲਾਈਨ ਲਿਖ ਕੇ ਸਨਮ ਨੂੰ ਦਿੰਦੇ ਹਨ ਅਤੇ ਚਲੇ ਜਾਂਦੇ ਹਨ)

ਪਰਦੇਸੀ : ਸਾਲੇ ਕਿੱਡੇ ਮੰਤਰੀ ਬਣੇ ਸੀ! ਅਸਤੀਫ਼ਾ ਦੇ ਗਏ ਨੇ! ਸਰ ਜੀ, ਮੈਨੂੰ ਸਲਾਨਾ ਪ੍ਰੋਗਰਾਮ 'ਚ ਰੱਖਿਓ, ਇਹਨਾਂ ਜੂਠਾਂ ਤੋਂ ਤਾਂ ਚੰਗਾ ਰੋਲ ਈ ਕਰਾਂਗਾ।

ਸਨਮ : ਹਾਂ ਹਾਂ ਠੀਕ ਏ, ਮੈਂ ਸ਼ਿੰਦੇ ਨਾਲ ਮਿਲ ਕੇ ਤਿਆਰੀ ਕਰ ਲਵਾਂ।

## ਦ੍ਰਿਸ਼ ਚੌਥਾ

ਸਥਾਨ : ਇਕ ਸ਼ਹਿਰ ਦਾ 'ਸ਼ਹੀਦ-ਭਵਨ'। ਭਵਨ ਦੇ ਅੱਗੇ ਲਾਅਨ ਹੈ, ਜਿਸ ਵਿੱਚ ਚਾਰ ਪੰਜ ਕੁਰਸੀਆਂ ਹਨ ਅਤੇ ਇੱਕ ਟੇਬਲ

ਵੀ ਪਿਆ ਹੈ, ਟੇਬਲ ਉੱਪਰ ਕੁੱਝ ਅਖ਼ਬਾਰਾਂ ਪਈਆਂ ਹਨ। ਸਨਮ ਇੱਕ ਕੁਰਸੀ 'ਤੇ ਬੈਠਾ ਆਪਣੀ ਲਿਖੀ ਪੁਸਤਕ ਦੇ ਇੱਕ ਨਾਟਕ 'ਤੇ ਨਜ਼ਰ ਮਾਰ ਰਿਹਾ ਹੈ।

ਸਨਮ : (ਆਪਣੇ ਆਪ ਨਾਲ) ਅੱਜ ਇਹਨਾਂ ਭਵਨ ਦੇ ਮਾਲਕਾਂ ਨਾਲ ਵੀ ਦੋ ਹੱਥ ਕਰਨੇ ਈ ਪੈਣਗੇ। ਹਰ ਵਾਰ ਇਹੋ ਕਹਿੰਦੇ ਨੇ—'ਕਰਾਂਤੀਕਾਰੀ ਨਾਟਕ ਲਿਆਓ।' ਇਹਨੂੰ ਪੁੱਛੇ ਕੋਈ ਜਿਹੜੀਆਂ ਚੁਣੌਤੀਆਂ ਸਮਾਜ ਨੂੰ ਅੱਜ ਦਰਪੇਸ਼ ਨੇ, ਇਹਨਾਂ ਬਾਰੇ ਲਿਖੇ ਨਾਟਕ ਨੂੰ ਤੁਸੀਂ ਕਿਵੇਂ ਨਕਾਰ ਸਕਦੇ ਹੋ? ਆ ਗਏ ਵੱਡੇ ਸ਼ਹੀਦਾਂ ਦੇ ਵਾਰਸ! ਪ੍ਰਧਾਨ ਨੂੰ ਉਡੀਕਦੇ ਘੰਟਾ ਹੋ ਗਿਐ, ਸੈਕਟਰੀ ਕਹਿੰਦਾ ਸੀ ਅੱਧੇ ਘੰਟੇ ਬਾਅਦ ਆ ਜਾਣਗੇ। ਇਹ ਲੋਕ ਆਪ ਹੀ ਸਮੇਂ ਦੀ ਕਦਰ ਨਹੀਂ ਕਰਦੇ, ਕੀ ਲਿਆਉਣਗੇ ਇਹ ਕਰਾਂਤੀ।

(ਇੱਕ ਵਿਅਕਤੀ ਆ ਕੇ ਕੁਰਸੀ 'ਤੇ ਬੈਠ ਜਾਂਦਾ ਹੈ)

ਤੁਸੀਂ ਪ੍ਰਧਾਨ ਸਾਹਿਬ ਹੋ?

ਵਿਅਕਤੀ : ਹਾਂ, ਦੱਸੋ?

ਸਨਮ : ਤੁਹਾਡੇ ਨਾਲ ਫੂਨ 'ਤੇ ਗੱਲ ਹੋਈ ਸੀ, ਤੁਹਾਡੇ ਕਹਿਣ 'ਤੇ ਮੈਂ ਤੁਹਾਡੇ ਸੈਕਟਰੀ ਕੋਲ ਸਕਰਿਪਟ ਛੱਡ ਗਿਆ ਸੀ। ਤੁਹਾਨੂੰ ਨਾਟਕ ਕਿਵੇਂ ਲੱਗੈ?

ਪ੍ਰਧਾਨ : ਮੈਂ ਤਾਂ ਪੜ੍ਹਿਆ ਨਹੀਂ, ਸੈਕਟਰੀ ਨੇ ਪੜ੍ਹਿਆ ਹੋਵੇਗਾ......

ਸਨਮ : ਉਹਨਾਂ ਬਿਨਾਂ ਵਜ੍ਹਾ ਨਾਟਕ ਨੂੰ ਪ੍ਰੋਗਰਾਮ ਲਈ ਰਿਜੈਕਟ ਕਰ ਦਿੱਤੈ।

ਪ੍ਰਧਾਨ : ਨਾਟਕ ਵਿੱਚ ਕੋਈ ਗੱਲ ਲੱਭੀ ਨਹੀਂ ਹੋਣੀ।

ਸਨਮ : ਤੁਸੀਂ ਆਪ ਪੜ੍ਹ ਕੇ ਵੇਖ ਲਉ ਮੇਰੇ ਸਾਹਮਣੇ। ਮੇਰੇ 'ਮੰਚ' ਨਾਟਕ ਵਿਚਲੇ ਮਹਾਤਮਾ ਅਤੇ ਚੇਲੇ ਦਾ ਪਾਤਰ ਪੜ੍ਹ ਕੇ ਤੁਹਾਡਾ ਸੈਕਟਰੀ ਗਲਤ ਧਾਰਣਾ ਬਣਾ ਕੇ ਬਹਿ ਗਿਆ ਤੇ ਮੈਨੂੰ ਕਹਿ ਦਿੱਤਾ—ਇਹ ਨਾਟਕ ਧਾਰਮਿਕ ਏ। ਪਰ ਉਹ ਨਾਟਕ ਧਾਰਮਿਕ ਨਹੀਂ, ਸਗੋਂ ਅਜੋਕੇ ਮਨੁੱਖ ਦੀ ਬਿਮਾਰ ਮਾਨਸਿਕਤਾ 'ਤੇ ਇੱਕ ਵਿਅੰਗ ਏ।

(ਸੈਕਟਰੀ ਆਉਂਦਾ ਹੈ)

ਪ੍ਰਧਾਨ : ਤੁਸੀਂ ਇਹਨਾਂ ਦਾ ਨਾਟਕ ਪੜ੍ਹਿਆ ਸੀ?



ਸੈਕਟਰੀ : ਕੁੱਝ ਨਹੀਂ ਸੀ ਉਸ ਨਾਟਕ ਵਿੱਚ, ਅਸੀਂ ਲੋਕਾਂ ਨੂੰ ਸੇਧ ਦੇਣ ਵਾਲੀ ਗੱਲ ਵਿਖਾਉਣੀ ਹੁੰਦੀ ਹੈ ਨਾ ਕਿ ਕੂੜਾ ਕਰਕਟ।

ਸਨਮ : ਤੁਸੀਂ ਇਸ ਨਾਟਕ ਨੂੰ ਕੂੜਾ ਕਰਕਟ ਕਿਸ ਅਧਾਰ 'ਤੇ ਕਹਿ ਰਹੇ ਹੋ? ਜਦ ਕਿ ਤੁਸੀਂ ਇਹਨੂੰ ਪੜ੍ਹਿਆ ਹੀ ਨਹੀਂ। ਮਾਹਿਰਾਂ ਨੇ ਇਸ ਪੁਸਤਕ ਬਾਰੇ ਅਖ਼ਬਾਰਾਂ ਵਿੱਚ ਲਿਖਿਐ—ਤੁਸੀਂ ਪੜ੍ਹ ਸਕਦੇ ਹੋ।

(ਫਾਈਲ ਵਿੱਚ ਸਾਂਭੀਆਂ ਅਖ਼ਬਾਰਾਂ ਸੈਕਟਰੀ ਅੱਗੇ ਕਰਦਾ ਹੈ)

ਸੈਕਟਰੀ : ਸਾਨੂੰ ਪਤੈ ਮਾਹਿਰ ਜਿਹੜੀ ਕੜੀ ਘੋਲਦੇ ਨੇ.....

ਸਨਮ : ਤੁਹਾਡੇ ਤੋਂ ਕਿਤੇ ਵੱਧ ਜਾਣਕਾਰੀ ਰੱਖਦੇ ਨੇ, ਉਹਨਾਂ ਨੂੰ ਪਤੈ ਨਾਟਕ ਵਿਧਾ ਨੂੰ ਕਿਹੜੇ-ਕਿਹੜੇ ਪੱਖਾਂ ਤੋਂ ਵਿਚਾਰਿਆ ਜਾ ਸਕਦਾ ਹੈ?

ਸੈਕਟਰੀ : ਤੁਸੀਂ ਰੱਖੋ ਉਹ ਪੱਖ ਸਾਂਭ ਕੇ! ਤੁਹਾਡੇ ਹੀ ਕੰਮ ਆਉਣਗੇ ਸਿਰਫ਼!

ਸਨਮ : ਤੁਸੀਂ ਖ਼ੁਦ ਕੁੱਝ ਲਿਖ ਕੇ ਵਿਖਾਓ ਤੇ ਅਸੀਂ ਪੜ੍ਹ ਕੇ ਦੱਸਾਂਗੇ ਕਿ ਤੁਹਾਡੀ ਰਚਨਾ ਕਿੰਨੇ ਕੁ ਪਾਣੀ ਵਿੱਚ ਏ?

ਸੈਕਟਰੀ : ਪ੍ਰਧਾਨ ਸਾਹਿਬ, ਇਹ ਬੰਦਾ ਕੁੱਝ ਜ਼ਿਆਦਾ ਈ ਸਿਰ 'ਤੇ ਚੜ੍ਹਦਾ ਜਾ ਰਿਹੈ, ਪਿਛਲੇ ਸਾਲ ਵੀ ਇਹਨੇ ਊਟਪਟਾਂਗ ਗੱਲਾਂ ਕੀਤੀਆਂ ਸੀ ਤੇ ਹੁਣ ਇਹ ਸਾਨੂੰ ਚੈਲੇਂਜ ਕਰ ਰਿਹੈ।

ਪ੍ਰਧਾਨ : (ਸਨਮ ਨੂੰ) ਤੂੰ ਅਪਣੇ ਆਪ ਨੂੰ ਨਾਟਕਾਂ ਦਾ ਬਾਪੂ ਸਮਝਦੈਂ?

ਸਨਮ : ਨਹੀਂ, ਉਹ ਤਾਂ ਤੁਸੀਂ ਬਣੇ ਬੈਠੇ ਹੋ ਸੱਪ ਬਣ ਕੇ।

ਪ੍ਰਧਾਨ : ਸੱਪ? ਹੋਸ਼ ਨਾਲ ਬੋਲ।

ਸਨਮ : ਪੂਰੀ ਹੋਸ਼ ਨਾਲ ਕਹਿ ਰਿਹਾਂ ਕਿ ਤੁਸੀਂ ਅਪਣੀਆਂ ਚੰਮ ਦੀਆਂ ਚਲਾਉਂਦੇ ਹੋ, ਕੀ ਉਹ ਨਾਟਕ ਨੇ ਜਿਹਨਾਂ ਵਿੱਚ ਇੱਕ ਪਾਤਰ ਪੰਦਰਾਂ ਪੰਦਰਾਂ ਮਿੰਟ ਭਾਸ਼ਣ ਈ ਝਾੜੀ ਜਾਂਦੈ। ਉਹ ਪਾਤਰ ਬਿਨਾਂ ਕੋਈ ਮਾਹੌਲ ਉਸਾਰੇ ਭਾਵੁਕ ਹੋ ਜਾਂਦੈ ਤੇ ਨਾਲ ਹੀ ਨਾਅਰੇ ਗੂੰਜਦੇ ਹਨ—ਇਨਕਲਾਬ ਜਿੰਦਾਬਾਦ।

ਸੈਕਟਰੀ : ਤੁਸੀਂ ਵਿਦਵਾਨ ਹੋ?

ਸਨਮ : ਤੁਸੀਂ ਬਣਾ ਕੇ ਹੀ ਛੱਡੋਗੇ, ਤੁਸੀਂ ਕਦੇ ਰਚਨਾ ਪੜ੍ਹਣ ਦੀ ਖੇਚਲ ਹੀ ਨਹੀਂ ਕਰਦੇ, ਸਿਰਫ਼ ਲੇਬਲ ਪੜ੍ਹਦੇ ਹੋ ਲੇਬਲ।

ਸਤਨਾਮ ਅੰਮ੍ਰਿਤਸਰੀਆ ਹਰ ਵਾਰ ਕਿਸੇ ਚਰਚਿਤ ਕਵਿਤਾ ਜਾਂ ਚਰਚਿਤ ਨਾਵਲ ਦੇ ਆਧਾਰ 'ਤੇ ਕੱਚ ਘਰੜ ਨਾਟਕ ਤਿਆਰ ਕਰਕੇ ਪੇਸ਼ ਕਰ ਦੇਂਦੈ, ਕਵਿਤਾ ਵਿਚਲੀਆਂ ਸਤਰਾਂ ਨਾਟਕ ਦੇ ਵਾਰਤਾਲਾਪ ਨਾਲ ਇਕਸੁਰਤਾ ਹੀ ਨਹੀਂ ਰੱਖਦੀਆਂ।

ਸੈਕਟਰੀ : ਅਸਲੀ ਨਾਟਕਕਾਰ ਵੀ ਤਾਂ ਉਹੀ ਏ।

ਸਨਮ : ਤੁਹਾਡੀ ਅੱਖ ਉਸ ਸੀਮਾ ਤੱਕ ਹੀ ਰਹਿੰਦੀ ਏ, ਉਸ ਤੋਂ ਅਗਾਂਹ ਤੁਹਾਡੀਆਂ ਅੱਖਾਂ ਕੰਮ ਨਹੀਂ ਕਰਦੀਆਂ। ਸਤਨਾਮ ਅੰਮ੍ਰਿਤਸਰੀਏ ਵਰਗੇ ਲੋਕ ਨਾਟਕਕਾਰ ਨਹੀਂ ਉਹ ਤਾਂ ਮਕੈਨਿਕ ਨੇ। ਉਹਦੀ ਸਾਰੀ ਟੇਕ ਲਾਈਟਾਂ ਉੱਪਰ ਹੁੰਦੀ ਏ। ਤੁਸੀਂ ਇਹ ਦੱਸੋ ਜਿਸ ਘਰ ਵਿੱਚ ਕੋਈ ਰਹਿੰਦਾ ਹੀ ਨਾ ਹੋਵੇ, ਉਥੇ ਲਾਈਟਾਂ ਦੀਆਂ ਲੜੀਆਂ ਦੀਆਂ ਝੜੀਆਂ ਕੀ ਕਰਨਗੀਆਂ?

ਪ੍ਰਧਾਨ : ਤੇਰੇ ਸਵਾਲ ਦਾ ਜਵਾਬ ਦੇਣਾ ਕੋਈ ਜ਼ਰੂਰੀ ਏ?

ਸਨਮ : ਹਾਂ, ਇਹ ਭਵਨ ਸ਼ਹੀਦਾਂ ਦੇ ਨਾਂ 'ਤੇ ਉਸਾਰਿਆ ਗਿਐ, ਸ਼ਹੀਦ ਅਪਣੀ ਸੋਚ ਵਾਲੇ ਲੋਕਾਂ ਲਈ ਚਾਨਣ ਮੁਨਾਰਾ ਹੁੰਦੇ ਨੇ। ਤੁਸੀਂ ਉਹਨਾਂ 'ਤੇ ਕਬਜ਼ਾ ਨਹੀਂ ਕਰ ਸਕਦੇ।

ਪ੍ਰਧਾਨ : (ਗੱਲ ਪਰਤਦਾ ਹੋਇਆ) ਤੇਰੀ ਦੇਣ ਕੀ ਏ?

ਸਨਮ : ਮੈਂ ਅਪਣੇ ਨਾਟਕਾਂ ਵਿੱਚ ਸਮਾਜਕ ਸਰੋਕਾਰਾਂ ਦੀ ਗੱਲ ਕਰਦਾ ਹਾਂ।

ਪ੍ਰਧਾਨ : ਕਿਹੜੇ ਸਰੋਕਾਰ?

ਸਨਮ : ਕੀ ਤੁਸੀਂ ਜਾਣਦੇ ਹੋ ਕਾਲੇ ਸ਼ੀਸ਼ਿਆਂ ਅੰਦਰ ਕਾਲੇ ਧੰਦੇ ਹੁੰਦੇ ਨੇ?

ਪ੍ਰਧਾਨ : ਇਹ ਕੋਈ ਨਾਟਕ ਹੈ?

ਸਨਮ : ਕੀ ਤੁਹਾਨੂੰ ਪਤੈ ਕਿ ਟਰੈਵਲ ਏਜੰਟ ਤੇ ਹੋਰ ਵਿਚੋਲੇ ਭੋਲੇ ਭਾਲੇ ਲੋਕਾਂ ਨੂੰ ਕਿਵੇਂ ਗੁੰਮਰਾਹ ਕਰਦੇ ਨੇ?

ਪ੍ਰਧਾਨ : ਵਾਹ! ਇਹ ਨਾਟਕ ਵੇ?

ਸਨਮ : ਕੀ ਤੁਹਾਨੂੰ ਜਾਣਕਾਰੀ ਹੈ ਕਿ ਇੱਕ ਬੰਦਾ ਨਾਟਕ ਵਾਸਤੇ ਕਲਾਕਾਰ ਤਿਆਰ ਕਰਦੈ ਤੇ ਉਹਨਾਂ ਕਲਾਕਾਰਾਂ ਨੂੰ ਸਬਜ਼ਬਾਗ ਵਿਖਾ ਕੇ ਕੋਈ ਈਰਖਾਲੂ ਆਪਣੇ ਮਗਰ ਲਾ



ਲੈਂਦੈ ਤੇ ਇੰਜ ਨਾਟਕਕਾਰ ਦੀ ਵਰ੍ਹਿਆਂ ਬੱਧੀ ਤਪੱਸਿਆ ਮਿੱਟੀ 'ਚ ਮਿਲ ਜਾਂਦੀ ਏ।

ਪ੍ਰਧਾਨ : ਮੈਨੂੰ ਕੀ?

ਸਨਮ : ਨਾਟਕ ਪ੍ਰੋਗਰਾਮ ਵੇਲੇ ਕਲਾਕਾਰ ਸ਼ਰਤਾਂ ਰੱਖਦੇ ਨੇ ਕਿ ਸਾਨੂੰ ਇੰਨੀ ਮਾਇਆ ਮਿਲਣੀ ਚਾਹੀਦੀ ਏ, ਨਾ ਮਿਲੀ ਤਾਂ ਚਲਦਾ ਪ੍ਰੋਗਰਾਮ ਵਿੱਚੇ ਛੱਡ ਦਿਆਂਗੇ। ਤੁਹਾਨੂੰ ਪਤੈ?

ਪ੍ਰਧਾਨ : ਇਹ ਕੋਈ ਨਾਟਕ ਏ?

ਸਨਮ : ਤੁਸੀਂ ਨਾਟਕ ਦੀਆਂ ਵਾਗਾਂ ਫੜ ਕੇ ਇਹਨੂੰ ਅਪਣੇ ਹਿਸਾਬ ਨਾਲ ਮੋੜ ਨਹੀਂ ਸਕਦੇ। ਇਹ ਤੁਹਾਡੇ 'ਤੇ ਵੀ ਵਿਅੰਗ ਕਰ ਸਕਦੈ।

ਸੈਕਟਰੀ : ਤੂੰ ਕੀ ਚਾਹੁੰਦਾ ਏਂ? ਤੈਨੂੰ ਪਹਿਲਾਂ ਵੀ ਕਿਹੈ ਜਦ ਤੇਰੇ ਨਾਟਕ ਸਾਨੂੰ ਪਸੰਦ ਆਏ ਤਾਂ ਚਿੱਠੀ ਪਾ ਕੇ ਸੱਦ ਲਵਾਂਗੇ।

ਸਨਮ : ਪ੍ਰਧਾਨ ਜੀ, ਤੁਸੀਂ ਮੇਰਾ ਇੱਕ ਇਕਾਂਗੀ ਨਾਟਕ ਤਾਂ ਹੁਣੇ ਪੜ੍ਹ ਸਕਦੇ ਹੋ ਪੰਦਰਾਂ ਵੀਹ ਮਿੰਟਾਂ ਵਿੱਚ।

ਪ੍ਰਧਾਨ : ਮੇਰੀ ਸਿਹਤ ਠੀਕ ਨਹੀਂ।

ਸਨਮ : ਮੈਨੂੰ ਪਤੈ ਤੁਹਾਡੀ ਸਿਹਤ ਨੌ ਬਰ ਨੌ ਹੈ, ਪ੍ਰਧਾਨਗੀ ਮੰਡਲਾਂ ਵਿੱਚ ਚਾਰ-ਚਾਰ ਘੰਟੇ ਬੈਠਿਆਂ ਤੁਹਾਡੀ, ਸਿਹਤ ਠੀਕ ਰਹਿੰਦੀ ਏ ਪਰ ਨਾਟਕ ਪੜ੍ਹਣ ਸਮੇਂ ਇੱਕਦਮ ਖ਼ਰਾਬ ਹੋ ਜਾਂਦੀ ਏ।

ਪ੍ਰਧਾਨ : ਫਾਲਤੂ ਬੋਲਣ ਦੀ ਲੋੜ ਨਹੀਂ। ਚੰਡੀਗੜ੍ਹ ਵਾਲੇ ਤੇਰੇ ਨਾਟਕਾਂ ਦੀ ਸਿਫਾਰਸ਼ ਨਹੀਂ ਕਰਦੇ। ਅੰਮ੍ਰਿਤਸਰ ਵਾਲਿਆਂ ਤੇਰਾ ਕਦੇ ਨਾਂ ਨਹੀਂ ਲਿਆ।

ਸਨਮ : ਉਹ ਇੱਕ ਪਾਸੇ ਕਹਿੰਦੇ ਨੇ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰੋ ਤੇ ਦੂਜੇ ਪਾਸੇ ਨਾਟਕ ਦੀ ਨਵੀਂ ਛਪੀ ਪੁਸਤਕ ਨੂੰ ਬਿਨਾਂ ਪੜ੍ਹੇ ਰੱਦੀ ਦੇ ਢੋਲ ਵਿੱਚ ਸੁੱਟ ਦਿੰਦੇ ਨੇ, ਇੰਜ ਉਹ ਨਾਟਕ ਵਿਧਾ ਦੀ ਵਡਮੁੱਲੀ ਸੇਵਾ ਕਰ ਰਹੇ ਨੇ!

ਪ੍ਰਧਾਨ : ਉਹ ਸੇਵਾ ਕਰ ਰਹੇ ਨੇ, ਉਹ ਸਾਡੇ ਸਾਥੀ ਨੇ।

ਸਨਮ : ਤੁਹਾਡੇ ਉਹਨਾਂ ਸਾਥੀਆਂ ਦੇ ਲਗਪਗ ਸਾਰੇ ਕਲਾਕਾਰ ਨਸ਼ਿਆਂ ਦੀ ਰੱਜ ਕੇ ਵਰਤੋਂ ਕਰਦੇ ਨੇ ਤੇ ਫਿਰ ਸਟੇਜ 'ਤੇ ਸੰਘ ਪਾੜ੍ਹ-ਪਾੜ੍ਹ ਲੋਕਾਂ ਦਾ ਦਰਦ ਪੇਸ਼ ਕਰਦੇ ਨੇ! ਕੀ ਤੁਹਾਨੂੰ ਕੋਈ ਪਤੈ?

ਸੈਕਟਰੀ : ਤੂੰ ਸਾਨੂੰ ਤੇ ਸਾਡੇ ਸਾਥੀਆਂ ਦੇ ਸਿਰ ਨੂੰ ਪੈ ਰਿਹੈਂ। ਜਾ ਦੌੜ ਜਾ, ਅਸੀਂ ਨਹੀਂ ਕਰੌਣਾ ਤੇਰਾ ਕੋਈ ਨਾਟਕ ਨੂਟਕ।

ਸਨਮ : ਨਾਟਕ ਨੂਟਕ? ਵਧੀਆ ਬੋਲ ਰਹੇ ਹੋ!

ਸੈਕਟਰੀ : ਜਾਂਦੈ ਕਿ ਮਾਰਾਂ ਵਾਜ ਬੰਦਿਆਂ ਨੂੰ?

ਸਨਮ : (ਕੁਰਸੀ ਤੋਂ ਉੱਠਦਾ ਹੋਇਆ) ਜਾ ਰਿਹਾਂ, ਪਰ ਯਾਦ ਰੱਖਿਓ ਤੁਸੀਂ ਕਿਸੇ ਦੀ ਆਵਾਜ਼ ਨੂੰ ਬੰਦ ਨਹੀਂ ਕਰ ਸਕਦੇ। ਮੇਰੇ ਨਾਟਕ ਇਸ ਭਵਨ ਵਿੱਚ ਨਹੀਂ ਤਾਂ ਨਾ ਸਹੀ........ ਮੈਂ ਤੁਹਾਡੀ ਸਲਤਨਤ ਉੱਪਰ ਵਿਅੰਗ ਕੱਸਾਂਗਾ ਤੇ ਫਿਰ ਪਿੰਡਾਂ, ਗਲੀਆਂ ਤੇ ਮੁਹੱਲਿਆਂ ਵਿੱਚ ਜਾ ਕੇ ਤੁਹਾਨੂੰ ਵੱਡੇ ਸ਼ਹੀਦਾਂ ਦੇ ਵਾਰਸਾਂ ਨੂੰ ਲੋਕਾਂ ਅੱਗੇ ਪੇਸ਼ ਕਰਾਂਗਾ।

ਪਿੱਛੋਂ ਗੀਤ ਦੀ
ਆਵਾਜ਼ : ਸ਼ਹੀਦਾਂ ਦਾ ਜੋ ਨਾਂ ਵਰਤਦੇ
ਭੇਖਾਂ ਦੇ ਇਹ ਵਪਾਰੀ ਨੇ।
ਲੋਕਾਂ ਸਾਹਵੇਂ ਹੰਸ ਬਣੇ ਨੇ
ਪਰ ਇਹ ਕਾਂ ਮਦਾਰੀ ਨੇ।

(ਹਨ੍ਹੇਰਾ ਹੋ ਜਾਂਦਾ ਹੈ)

—o—